Watch
PUNJAB MAIL USA
TV Channel
On IP box, App, Website
For Advertisement
916-320-9444


A Voice of NRI's
ਸੈਕਰਾਮੈਂਟੋ ਤੋਂ ਪ੍ਰਕਾਸ਼ਤ ਹੋਣ ਵਾਲਾ ਪਹਿਲਾ ਪੰਜਾਬੀ ਅਖ਼ਬਾਰ
ਯੂ. ਐੱਸ. ਏ.
# ਪੰਜਾਬ ਮੇਲ
Chief Editor: Gurjatinder Singh Randhawa
Punjab Mail USA

REALTYONEGROUP
FOR SALE & PURCHASE OF ANY KIND OF PROPERTY
ਕੈਲੀਫੋਰਨੀਆ ਵਿਚ ਘਰ ਖਰੀਦਣ ਲਈ ਸੰਪਰਕ ਕਰੋ।

Gurjatinder S. Randhawa
REALTOR
Gurjatinder S. Randhawa
REALTOR CA DRE licence # 01490567
916-320-9444

Vol. 17, Issue- 762, 10 to 16 Aug., 2023, Ph: 916-320-9444, E-mail: punjabmailusa@yahoo.com, Web: punjabmailusa.com

## ਬਾਇਡਨ ਪ੍ਰਸ਼ਾਸਨ ਵੱਲੋਂ ਬਾਰਡਰ 'ਤੇ ਕੀਤੀ ਸਖਤੀ ਖਿਲਾਫ ਮੁਕੱਦਮਾ ਦਰਜ



■ ਮੁਕੱਦਮਾ ਬਾਰਡਰ ਟੱਪ ਕੇ ਅਮਰੀਕਾ 'ਚ ਆਣ ਕੇ ਸ਼ਰਨ ਮੰਗਣ ਵਾਲਿਆਂ ਦੀ ਐਪ ਨਾਲ ਸੰਬੰਧਤ

**ਵਾਸ਼ਿੰਗਟਨ ਡੀ.ਸੀ., (ਪੰਜਾਬ ਮੇਲ)**- ਅਮਰੀਕਾ 'ਚ ਪ੍ਰਵਾਸੀ ਅਧਿਕਾਰਾਂ ਦੇ ਵਕੀਲਾਂ ਅਤੇ ਸ਼ਰਨ ਮੰਗਣ ਵਾਲਿਆਂ ਨੇ ਪਿਛਲੇ ਦਿਨੀਂ ਕਸਟਮਜ਼ ਐਂਡ ਬਾਰਡਰ ਪ੍ਰੋਟੈਕਸ਼ਨ ਵਿਭਾਗ ਵਿਰੁੱਧ ਮੁਕੱਦਮਾ ਦਾਇਰ ਕੀਤਾ ਹੈ। ਇਹ ਮੁਕੱਦਮਾ ਬਾਰਡਰ ਟੱਪ ਕੇ ਅਮਰੀਕਾ ਵਿਚ ਆਣ ਕੇ ਸ਼ਰਨ ਮੰਗਣ ਵਾਲਿਆਂ ਦੀ ਐਪ ਨਾਲ ਸੰਬੰਧਤ ਹੈ। ਇਸ ਮੁਕੱਦਮੇ ਵਿਚ ਦਾਅਵਾ ਕੀਤਾ ਗਿਆ ਹੈ ਕਿ ਸੰਘੀ ਅਧਿਕਾਰੀਆਂ ਨੇ ਅਮਰੀਕਾ ਵਿਚ ਸ਼ਰਨ ਮੰਗਣ ਵਾਲੇ ਲੋਕਾਂ ਲਈ ਗੈਰ ਕਾਨੂੰਨੀ ਰੁਕਾਵਟ ਪੈਦਾ ਕੀਤੀ ਹੈ।

ਜ਼ਿਕਰਯੋਗ ਹੈ ਕਿ ਪ੍ਰਵਾਸੀਆਂ ਨੂੰ ਹੁਣ ਅਮਰੀਕੀ ਸਰਕਾਰ ਦੁਆਰਾ ਤਿਆਰ ਕੀਤੀ ਗਈ ਇਕ ਸਮਾਰਟ ਐਪ 'ਸੀ.ਬੀ.ਪੀ.-1' ਦੁਆਰਾ ਸਰਹੱਦੀ ਅਧਿਕਾਰੀਆਂ ਨਾਲ ਮੀਟਿੰਗ ਕਰਨ ਲਈ ਬੁਕਿੰਗ ਕਰਨੀ ਪੈਂਦੀ ਹੈ। ਕਾਨੂੰਨੀ ਮਾਹਰਾਂ ਨੇ ਕਿਹਾ ਹੈ ਕਿ ਇਕ ਸ਼ਰਨਾਰਥੀ ਜੋ ਸਿਰਫ ਆਪਣੇ ਸਰੀਰ 'ਤੇ ਕੱਪੜੇ ਪਾ ਕੇ ਵੱਖ-ਵੱਖ ਦੇਸ਼ਾਂ ਦੀ ਯਾਤਰਾ ਕਰਦਾ ਹੋਇਆ ਅਮਰੀਕਾ ਆਉਣ ਦੀ ਕੋਸ਼ਿਸ਼ ਕਰਦਾ ਹੈ, ਉਹ ਮਹਿੰਗੇ ਸਮਾਰਟ ਫੋਨ ਕਿੱਥੋਂ ਲੈ ਸਕਦਾ ਹੈ।

ਨਵੇਂ ਕਾਨੂੰਨ ਅਨੁਸਾਰ ਸ਼ਰਨ ਮੰਗਣ ਵਾਲਿਆਂ ਕੋਲ ਜੇ ਫੋਨ ਵੀ ਹੋਵੇ, ਤਾਂ ਉਹ ਉਸ ਐਪ ਨੂੰ ਚਲਾ ਨਹੀਂ ਸਕਦੇ। ਬਹੁਤੇ ਲੋਕਾਂ ਕੋਲ ਇੰਟਰਨੈੱਟ ਦਾ ਡਾਟਾ ਪਲਾਨ ਵੀ ਨਹੀਂ ਹੁੰਦਾ ਜਾਂ ਬਿਜਲੀ ਨਾ ਹੋਣ ਦੀ ਸੂਰਤ ਵਿਚ ਵੀ ਉਹ 'ਸੀ.ਬੀ.ਪੀ.-1' ਐਪ ਦੀ ਵਰਤੋਂ ਨਹੀਂ ਕਰ ਸਕਦੇ। ਇਸ ਦੇ ਨਾਲ-ਨਾਲ ਬਹੁਤੇ ਲੋਕਾਂ ਨੂੰ ਅੰਗਰੇਜ਼ੀ ਦਾ ਗਿਆਨ ਵੀ ਨਹੀਂ ਹੁੰਦਾ, ਜਿਸ ਕਰਕੇ ਉਹ ਇਸ ਐਪ ਦੀ ਵਰਤੋਂ ਨਹੀਂ ਕਰ ਸਕਦੇ।

■ ਬਾਕੀ ਖਬਰ ਸਫਾ 14 'ਤੇ

### ਪੰਜਾਬ ਸਰਕਾਰ ਆਈ ਬੈਕਫੁੱਟ 'ਤੇ

## ਪੰਚਾਇਤੀ ਜ਼ਮੀਨਾਂ 'ਤੇ ਨਾਜਾਇਜ਼ ਕਬਜ਼ਿਆਂ 'ਤੇ ਸਿੱਧਾ ਐਕਸ਼ਨ ਨਹੀਂ ਕਰੇਗੀ ਸਰਕਾਰ

■ ਕਾਨੂੰਨੀ ਕਮੇਟੀ ਤੋਂ ਲੈਣੀ ਪਵੇਗੀ ਹਰੀ ਝੰਡੀ
■ ਸਰਕਾਰ ਮੁਕੱਦਮੇਬਾਜ਼ੀ ਤੋਂ ਬਚਣ ਲਈ ਚੁੱਕ ਰਹੀ ਹੈ ਕਦਮ



**ਚੰਡੀਗੜ੍ਹ, (ਪੰਜਾਬ ਮੇਲ)**- ਹੁਣ ਸਰਕਾਰ ਸਿੱਧਾ ਹੀ ਪੰਚਾਇਤੀ ਜ਼ਮੀਨ 'ਤੇ ਨਾਜਾਇਜ਼ ਕਬਜ਼ੇ ਨਹੀਂ ਛੁਡਾਏਗੀ। ਇਸ ਬਾਰੇ ਸਾਰੀ ਕਾਨੂੰਨੀ ਪ੍ਰਕ੍ਰਿਆ ਪੂਰੀ ਕਰਨ ਮਗਰੋਂ ਹੀ ਨਾਜਾਇਜ਼ ਕਬਜ਼ੇ ਛੁਡਾਏ ਜਾਣਗੇ। ਇਸ ਤੋਂ ਇਲਾਵਾ ਜ਼ਿਲ੍ਹਾ ਪੱਧਰ 'ਤੇ ਕਾਨੂੰਨੀ ਕਮੇਟੀਆਂ ਤੋਂ ਵੀ ਹਰੀ ਝੰਡੀ ਲੈਣੀ ਪਏਗੀ। ਸਰਕਾਰ ਇਹ ਕਦਮ ਮੁਕੱਦਮੇਬਾਜ਼ੀ ਤੋਂ ਬਚਣ ਲਈ ਚੁੱਕ ਰਹੀ ਹੈ।

ਹਾਸਲ ਜਾਣਕਾਰੀ ਮੁਤਾਬਕ ਪੰਜਾਬ 'ਚ ਕਿਸੇ ਵੀ ਪੰਚਾਇਤੀ ਜ਼ਮੀਨ 'ਤੇ ਨਾਜਾਇਜ਼ ਕਬਜ਼ੇ ਛੁਡਾਉਣ ਤੋਂ ਪਹਿਲਾਂ ਜ਼ਿਲ੍ਹਾ ਪੱਧਰ 'ਤੇ ਸਾਰੇ ਪਹਿਲੂਆਂ ਦੀ ਕਾਨੂੰਨੀ ਤੌਰ 'ਤੇ ਪੜਤਾਲ ਕੀਤੀ ਜਾਵੇਗੀ। ਇਸ ਸਬੰਧੀ ਜ਼ਿਲ੍ਹਾ ਪੱਧਰ 'ਤੇ ਕਾਨੂੰਨੀ ਕਮੇਟੀਆਂ ਦਾ ਗਠਨ ਕੀਤਾ ਜਾਵੇਗਾ। ਸਰਕਾਰੀ ਸੂਤਰਾਂ ਨੇ ਦੱਸਿਆ ਕਿ ਅਧਿਕਾਰੀ ਜ਼ਮੀਨ ਨਾਲ ਸਬੰਧਤ ਸਾਰਾ ਰਿਕਾਰਡ ਤੇ ਕਾਨੂੰਨੀ ਤੌਰ 'ਤੇ ਸਾਰੇ ਪਹਿਲੂਆਂ ਨੂੰ ਦੇਖ ਕੇ ਫਾਈਲ ਕਲੀਅਰ ਕਰਨਗੇ। ਉਸ ਤੋਂ ਬਾਅਦ ਕਾਨੂੰਨੀ ਕਮੇਟੀ ਦੀ ਰਿਪੋਰਟ ਦੇ ਆਧਾਰ 'ਤੇ ਜ਼ਿਲ੍ਹਾ ਪ੍ਰਸ਼ਾਸਨ ਉਸ ਜ਼ਮੀਨ ਦਾ ਕਬਜ਼ਾ ਲਵੇਗਾ। ਦੱਸ ਦਈਏ ਕਿ ਪੰਜਾਬ ਸਰਕਾਰ ਨੇ ਇੱਕ ਸਾਲ ਵਿਚ 10,000 ਏਕੜ ਤੋਂ ਵੱਧ ਪੰਚਾਇਤੀ ਜ਼ਮੀਨਾਂ ਨੂੰ ਨਾਜਾਇਜ਼ ਕਬਜ਼ਿਆਂ ਤੋਂ ਮੁਕਤ ਕਰਵਾਇਆ ਹੈ। ਸਰਕਾਰ ਦੀ ਇਸ ਕਾਰਵਾਈ ਦਾ ਵਿਰੋਧ ਵੀ ਹੋਇਆ ਹੈ। ਕੁਝ ਲੋਕਾਂ ਨੇ ਅਦਾਲਤ ਦਾ ਦਰ ਵੀ ਖੜਕਾਇਆ ਹੈ। ਹੁਣ ਸਰਕਾਰ ਮੁਕੱਦਮੇਬਾਜ਼ੀ ਨੂੰ ਹੱਲਾਸ਼ੇਰੀ ਨਹੀਂ ਦੇਣਾ ਚਾਹੁੰਦੀ।

■ ਬਾਕੀ ਖਬਰ ਸਫਾ 14 'ਤੇ

## ਕੈਲੀਫੋਰਨੀਆ ਸਟੋਰ 'ਚ ਇਕ ਸਿੱਖ ਸਮੇਤ ਦੋ ਵਰਕਰਾਂ ਵੱਲੋਂ ਚੋਰ ਨੂੰ ਕੁੱਟਣ ਦੇ ਮਾਮਲੇ ਦੀ ਜਾਂਚ ਕਰੇਗੀ ਪੁਲਿਸ

**ਸੈਕਰਾਮੈਂਟੋ, (ਹੁਸਨ ਲੜੋਆ ਬੰਗਾ/ਪੰਜਾਬ ਮੇਲ)**- ਅਮਰੀਕਾ ਦੇ ਇਕ ਸਟੋਰ ਵਿਚ ਇਕ ਸਿੱਖ ਵਰਕਰ ਸਮੇਤ 2 ਵਰਕਰਾਂ ਵੱਲੋਂ ਸ਼ੱਕੀ ਚੋਰ ਨੂੰ ਲੰਮਾ ਪਾ ਕੇ ਕੁੱਟਣ ਦੇ ਮਾਮਲੇ ਦੀ ਪੁਲਿਸ ਵੱਲੋਂ ਜਾਂਚ ਕੀਤੀ ਜਾਵੇਗੀ। ਸਟਾਕਟਨ ਪੁਲਿਸ ਨੇ ਕਿਹਾ ਹੈ ਕਿ ਉਹ 7-ਈਲੈਵਨ ਸਟੋਰ ਵਿਚ ਹੋਈ ਚੋਰੀ ਤੇ ਸ਼ੱਕੀ ਚੋਰ ਦੀ ਕੁੱਟਮਾਰ ਦੀ ਘਟਨਾ ਦੀ ਜਾਂਚ ਕਰ ਰਹੀ ਹੈ। ਦਰਅਸਲ ਚੋਰ ਦੀ ਕੁੱਟਮਾਰ ਦੀ ਵੀਡੀਓ ਸੋਸ਼ਲ ਮੀਡੀਆ ਉਪਰ ਵਾਇਰਲ ਹੋਣ ਤੋਂ ਬਾਅਦ ਪੁਲਿਸ ਨੇ ਦਖਲ ਦਿੱਤਾ ਹੈ। 7-ਈਲੈਵਨ ਵਿਚ ਵਾਪਰੀ ਘਟਨਾ ਅਨੁਸਾਰ ਇਕ ਵਿਅਕਤੀ ਨੇ ਸੋਟਰ ਵਿਚੋਂ ਕੁਝ



ਚੋਰ ਸਟੋਰ ਵਿਚੋਂ ਵਸਤਾਂ ਚੁੱਕਦਾ ਹੋਇਆ ਤੇ ਖੱਬੇ ਚੋਰ ਦੀ ਹੋ ਰਹੀ ਕੁੱਟਮਾਰ ।

ਵਸਤਾਂ ਚੁੱਕ ਲਈਆਂ। ਜਦੋਂ ਉਹ ਸਟੋਰ ਵਿਚੋਂ ਬਾਹਰ ਜਾਣ ਲੱਗਾ ਤਾਂ ਵਰਕਰਾਂ ਨੇ ਉਸ ਨੂੰ ਰੋਕਣ ਦਾ ਯਤਨ ਕੀਤਾ, ਤਾਂ ਉਸ ਨੇ ਚਾਕੂ ਨਾਲ ਉਨ੍ਹਾਂ ਨੂੰ ਡਰਾਉਣ ਦੀ ਕੋਸ਼ਿਸ਼ ਕੀਤੀ। ਸਟੋਰ ਦੇ ਇਕ ਵਰਕਰ ਨੇ ਹੌਂਸਲਾ ਕਰਕੇ ਉਸ ਨੂੰ

■ ਬਾਕੀ ਖਬਰ ਸਫਾ 14 'ਤੇ

## ਅਮਰੀਕੀ ਸਰਹੱਦ ਪਾਰ ਕਰਨ ਵਾਲੇ ਗੈਰ ਕਾਨੂੰਨੀ ਪ੍ਰਵਾਸੀ ਪਰਿਵਾਰਾਂ ਦੀ ਗਿਣਤੀ ਵਧੀ

**ਵਾਸ਼ਿੰਗਟਨ, (ਪੰਜਾਬ ਮੇਲ)**- ਕਸਟਮਜ਼ ਅਤੇ ਬਾਰਡਰ ਪ੍ਰੋਟੈਕਸ਼ਨ ਦੇ ਅੰਕੜਿਆਂ ਅਨੁਸਾਰ, ਦੱਖਣੀ ਸਰਹੱਦ ਪਾਰ ਕਰਨ ਵਾਲੇ ਬੱਚਿਆਂ ਵਾਲੇ ਪ੍ਰਵਾਸੀ ਪਰਿਵਾਰਾਂ ਦੀ ਗਿਣਤੀ ਪਿਛਲੇ ਦੋ ਮਹੀਨਿਆਂ 'ਚ ਲਗਭਗ ਤਿੰਨ ਗੁਣਾ ਹੋ ਗਈ ਹੈ, ਸਮੁੱਚੇ ਪ੍ਰਵਾਸੀ ਕਰਾਸਿੰਗਾਂ ਵਿਚ ਸੰਭਾਵਿਤ ਵਾਧੇ ਬਾਰੇ ਕੁਝ ਸੀਨੀਅਰ ਪ੍ਰਸ਼ਾਸਨਿਕ ਅਧਿਕਾਰੀਆਂ 'ਚ ਚਿੰਤਾ ਪੈਦਾ ਕਰ ਰਹੀ ਹੈ।

ਇਸ ਹਫ਼ਤੇ ਦੇ ਸ਼ੁਰੂ ਵਿਚ, ਔਸਤਨ ਰੋਜ਼ਾਨਾ 2,230 ਤੋਂ ਵੱਧ ਪ੍ਰਵਾਸੀ ਸਰਹੱਦ ਪਾਰ ਕਰ ਰਹੇ ਸਨ, ਜੋ ਕਿ ਜੂਨ ਦੇ ਸ਼ੁਰੂ ਵਿਚ 790 ਸੀ। ਜਦੋਂ ਕਿ ਇਕੱਲੇ ਬਾਲਗ ਅਜੇ ਵੀ ਸਰਹੱਦ 'ਤੇ ਦੇਖੇ ਜਾਣ ਵਾਲੇ ਸਭ ਤੋਂ ਵੱਡੇ ਜਨਸੰਖਿਆ ਹਨ। ਪਰ ਅੰਕੜਿਆਂ ਦੇ ਅਨੁਸਾਰ ਪਰਿਵਾਰ ਗੈਰ-ਦਸਤਾਵੇਜ਼ੀ ਸਰਹੱਦ ਪਾਰ ਕਰਨ ਵਾਲਿਆਂ ਦੀ ਸਭ ਤੋਂ ਤੇਜ਼ੀ ਨਾਲ ਵਧ ਰਹੀ ਜਨਸੰਖਿਆ ਹੈ। ਅੰਕੜਿਆਂ ਅਨੁਸਾਰ ਜ਼ਿਆਦਾਤਰ ਪ੍ਰਵਾਸੀ ਉੱਤਰੀ ਮੱਧ ਅਮਰੀਕਾ ਅਤੇ ਮੈਕਸੀਕੋ ਦੇ ਹਨ।



■ ਪਿਛਲੇ ਦੋ ਮਹੀਨਿਆਂ 'ਚ ਲਗਭਗ ਤਿੰਨ ਗੁਣਾ ਹੋਇਆ ਵਾਧਾ

ਹੋਮਲੈਂਡ ਸਿਕਿਓਰਿਟੀ ਵਿਭਾਗ ਦੇ ਤਿੰਨ ਸੀਨੀਅਰ ਅਧਿਕਾਰੀਆਂ ਨੇ ਆਪਣਾ ਨਾਮ ਗੁਪਤ ਰੱਖਣ ਦੀ ਸ਼ਰਤ 'ਤੇ ਕਿਹਾ ਕਿ ਉਹ ਆਉਣ ਵਾਲੇ ਪਰਿਵਾਰਾਂ ਦੀ ਗਿਣਤੀ 'ਤੇ ਨੇੜਿਓਂ ਨਜ਼ਰ ਰੱਖ ਰਹੇ ਹਨ ਕਿਉਂਕਿ ਵਧ ਰਹੀ ਚਿੰਤਾ ਕਾਰਨ ਇਹ ਗਿਣਤੀ ਜਲਦੀ ਹੀ ਵਧ ਸਕਦੀ ਹੈ ਅਤੇ ਬਾਰਡਰ ਨੰਬਰਾਂ ਨੂੰ ਰਿਕਾਰਡ ਉੱਚਾਈ ਤੱਕ ਵਾਪਸ ਭੇਜ ਸਕਦਾ ਹੈ।

ਪ੍ਰਵਾਸੀ ਵਕੀਲਾਂ ਦਾ ਕਹਿਣਾ ਹੈ ਕਿ ਵਧੇਰੇ ਪਰਿਵਾਰ ਆਪਣੇ ਘਰੇਲੂ ਦੇਸ਼ਾਂ ਵਿਚ ਗਰੀਬੀ ਅਤੇ ਹਿੰਸਾ ਤੋਂ ਬਚਣ ਲਈ, ਨਾਲ ਹੀ ਮੈਕਸੀਕੋ ਵਿਚ ਪਾਰ ਕਰਨ ਦੀ ਉਡੀਕ ਕਰਦੇ ਹੋਏ ਕਾਰਟੇਲ ਅਤੇ ਅਤਿ ਦੀ ਗਰਮੀ ਤੋਂ ਬਚਣ ਲਈ ਪਾਰ ਕਰ ਰਹੇ ਹਨ।

ਕਿਉਂਕਿ ਮਈ ਦੇ ਅੱਧ ਵਿਚ ਟਾਈਟਲ 42 ਵਜੋਂ ਜਾਣੀਆਂ ਜਾਂਦੀਆਂ ਕੋਵਿਡ ਪਾਬੰਦੀਆਂ ਹਟਾ ਦਿੱਤੀਆਂ ਗਈਆਂ ਸਨ, ਇਸ ਲਈ ਮਈ ਵਿਚ 207,000 ਤੋਂ ਵੱਧ ਦੇ ਮੁਕਾਬਲੇ, ਦਸਤਾਵੇਜ਼ਾਂ ਜਾਂ ਪਨਾਹ ਦੀ ਸੁਣਵਾਈ ਲਈ ਅਪੁਆਇਟਮੈਂਟ ਤੋਂ ਬਿਨਾਂ ਸਰਹੱਦ ਪਾਰ ਕਰਨ ਵਾਲੇ ਪ੍ਰਵਾਸੀਆਂ ਦੀ ਗਿਣਤੀ 145,000 ਤੋਂ ਘੱਟ ਹੋ ਗਈ।

ਪਰ ਪਰਿਵਾਰਕ ਸੰਖਿਆ ਵਿਚ ਵਾਧੇ ਦੇ ਨਾਲ, ਇਹ ਗਿਰਾਵਟ ਥੋੜ੍ਹੇ ਸਮੇਂ ਲਈ ਹੋ ਸਕਦੀ ਹੈ। ਜੇਕਰ ਮੌਜੂਦਾ ਰੁਝਾਨ ਜਾਰੀ ਰਹਿੰਦਾ ਹੈ, ਤਾਂ ਅਗਲੇ ਮਹੀਨੇ 160,000 ਤੋਂ ਵੱਧ ਪ੍ਰਵਾਸੀ ਬਿਨਾਂ ਦਸਤਾਵੇਜ਼ਾਂ ਜਾਂ ਅਪੁਆਇਟਮੈਂਟ ਦੇ ਸਰਹੱਦ ਪਾਰ ਕਰ ਸਕਦੇ ਹਨ।

ਕੰਜ਼ਰਵੇਟਿਵ ਆਲੋਚਕਾਂ ਨੇ ਕਿਹਾ ਹੈ ਕਿ ਪ੍ਰਵਾਸੀਆਂ ਨੂੰ ਉੱਤਰੀ ਅਮਰੀਕਾ ਦੀ ਲੰਬੀ ਅਤੇ ਖ਼ਤਰਨਾਕ ਯਾਤਰਾ 'ਤੇ ਬੱਚਿਆਂ ਨੂੰ ਆਪਣੇ ਨਾਲ ਲਿਆਉਣ ਲਈ ਪ੍ਰੇਰਨਾ ਮਿਲਦੀ ਹੈ ਕਿਉਂਕਿ ਉਨ੍ਹਾਂ ਨੂੰ ਸ਼ਰਣ ਦੇ ਦਾਅਵਿਆਂ ਦਾ ਪਿੱਛਾ ਕਰਨ ਲਈ ਛੱਡੇ ਜਾਣ ਦੀ ਜ਼ਿਆਦਾ ਸੰਭਾਵਨਾ ਹੁੰਦੀ ਹੈ। ■ ਬਾਕੀ ਖਬਰ ਸਫਾ 14 'ਤੇ

## ਭਾਰਤ ਛੱਡ ਵਿਦੇਸ਼ਾਂ ਨੂੰ ਜਾ ਰਹੇ ਲੱਖਾਂ ਭਾਰਤੀ!

**ਨਵੀਂ ਦਿੱਲੀ, (ਪੰਜਾਬ ਮੇਲ)**- ਭਾਰਤ ਲਗਾਤਾਰ ਤਰੱਕੀ ਕਰ ਰਿਹਾ ਹੈ ਪਰ ਅਜੇ ਵੀ ਵੱਡੀ ਗਿਣਤੀ ਵਿਚ ਭਾਰਤੀ ਆਪਣੇ ਬਿਹਤਰ ਭਵਿੱਖ ਦੀ ਭਾਲ ਵਿਚ ਦੂਜੇ ਦੇਸ਼ਾਂ ਵਿਚ ਜਾ ਰਹੇ ਹਨ। ਪੜ੍ਹਾਈ ਲਈ ਵਿਦੇਸ਼ ਜਾਣ ਵਾਲੇ ਵਿਦਿਆਰਥੀਆਂ ਦੀ ਗਿਣਤੀ ਦੇ ਨਾਲ-ਨਾਲ ਨੌਕਰੀ ਤੇ ਰੁਜ਼ਗਾਰ ਲਈ ਵਿਦੇਸ਼ ਜਾਣ ਵਾਲਿਆਂ ਦੀ ਗਿਣਤੀ ਵੀ ਬਹੁਤ ਜ਼ਿਆਦਾ ਹੈ। ਲੱਖਾਂ ਭਾਰਤੀ ਦੇਸ਼ ਛੱਡ ਕੇ ਵਿਦੇਸ਼ਾਂ ਨੂੰ ਜਾ ਰਹੇ ਹਨ। 14 ਮਾਰਚ ਨੂੰ ਲੋਕ ਸਭਾ ਵਿਚ ਪੇਸ਼ ਕੀਤੇ ਗਏ ਦਸਤਾਵੇਜ਼ ਵਿਚ ਕਿਹਾ ਗਿਆ ਹੈ ਕਿ ਸਾਲ 2022 ਵਿਚ ਇਮੀਗ੍ਰੇਸ਼ਨ ਐਕਟ, 1983 ਤਹਿਤ 3,73,434 ਭਾਰਤੀਆਂ ਨੂੰ ਇਮੀਗ੍ਰੇਸ਼ਨ ਕਲੀਅਰੈਂਸ ਜਾਰੀ ਕੀਤੀ ਗਈ ਸੀ, ਜਿਨ੍ਹਾਂ ਵਿਚੋਂ 10,654 ਪੰਜਾਬ ਦੇ ਸਨ। ਇਹ ਅੰਕੜਾ ਪਿਛਲੇ ਸਮੇਂ ਦੌਰਾਨ ਲਗਾਤਾਰ ਵਧ ਰਿਹਾ ਹੈ। ਦਰਅਸਲ ਭਾਰਤ ਵਿਚ ਚੰਗੀ ਨੌਕਰੀ ਦੇ ਨਾਲ ਹੀ ਲੋਕਾਂ ਦੇ ਸਾਹਮਣੇ

■ ਪਿਛਲੇ ਸਾਲ 3,73,434 ਭਾਰਤੀਆਂ ਨੂੰ ਇਮੀਗ੍ਰੇਸ਼ਨ ਕਲੀਅਰੈਂਸ ਹੋਈ ਜਾਰੀ



ਤਨਖਾਹ ਦੀ ਸਮੱਸਿਆ ਖੜ੍ਹੀ ਰਹਿੰਦੀ ਹੈ। ਨੌਜਵਾਨਾਂ ਨੂੰ ਆਪਣੀ ਯੋਗਤਾ ਅਨੁਸਾਰ ਤਨਖਾਹ ਘੱਟ ਲੱਗਦੀ ਹੈ। ਲੋਕਾਂ ਨੂੰ ਇੰਨਾ ਪੈਸਾ ਨਹੀਂ ਮਿਲ ਰਿਹਾ ਕਿ ਉਹ ਚੰਗੀ ਤਰ੍ਹਾਂ ਜੀਵਨ ਬਤੀਤ ਕਰ ਸਕਣ। ਇਸ ਕਾਰਨ ਲੋਕ ਵਿਦੇਸ਼ਾਂ ਦਾ ਰੁਖ ਕਰ ਰਹੇ ਹਨ।

ਜ਼ਿਆਦਾਤਰ ਭਾਰਤੀ ਬਿਹਤਰ ਤਨਖ਼ਾਹ ਲਈ ਵਿਦੇਸ਼ ਜਾਂਦੇ ਹਨ। ਲੋਕਾਂ ਦਾ ਮੰਨਣਾ ਹੈ ਕਿ ਵਿਦੇਸ਼ਾਂ ਵਿਚ ਕੰਮ ਕਰਨ ਦਾ ਮਾਹੌਲ ਭਾਰਤ ਨਾਲੋਂ ਵਧੀਆ ਹੈ। ਉੱਥੇ ਜਿੰਨਾ ਕੰਮ ਤੁਸੀਂ ਕਰਦੇ ਹੋ, ਉਸ ਹਿਸਾਬ ਨਾਲ ਹੀ ਪੈਸਾ ਵੀ ਚੰਗਾ ਮਿਲਦਾ ਹੈ। ਇਸ ਲਈ ਉਹ ਭਾਰਤ ਵਾਪਸ ਨਹੀਂ ਜਾਣਾ ਚਾਹੁੰਦੇ। ਦੱਸ ਦਈਏ ਕਿ ਦੁਨੀਆਂ ਵਿਚ ਸਭ ਤੋਂ

■ ਬਾਕੀ ਖਬਰ ਸਫਾ 13 'ਤੇ


## ਸੱਤਾ 'ਚ ਬਣੇ ਰਹਿਣ ਲਈ ਟਰੰਪ 'ਤੇ 'ਗੈਰ ਕਾਨੂੰਨੀ ਤਰੀਕੇ' ਵਰਤਣ ਦੇ ਚਾਰ ਦੋਸ਼ ਆਇਦ

**ਵਾਸ਼ਿੰਗਟਨ, (ਪੰਜਾਬ ਮੇਲ)**- ਸੱਤਾ ਵਿਚ ਬਣੇ ਰਹਿਣ ਦੀ ਕੋਸ਼ਿਸ਼ ਕਰਨ ਲਈ ਟਰੰਪ 'ਤੇ "ਗੈਰ-ਕਾਨੂੰਨੀ ਤਰੀਕੇ" ਦੀ ਵਰਤੋਂ ਕਰਨ ਦੇ ਚਾਰ ਦੋਸ਼ ਲਗਾਏ ਗਏ ਹਨ, ਜਿਨ੍ਹਾਂ ਅਨੁਸਾਰ ਉਸਨੇ ਛੇ ਸਹਿ-ਸਾਜ਼ਿਸ਼ਕਾਰਾਂ, ਚਾਰ ਅਟਾਰਨੀ, ਇਕ ਨਿਆਂ ਵਿਭਾਗ ਦੇ ਅਧਿਕਾਰੀ ਅਤੇ ਇਕ ਰਾਜਨੀਤਿਕ ਸਲਾਹਕਾਰ ਦੀ ਮਦਦ ਨਾਲ ਆਪਣੀਆਂ ਯੋਜਨਾਵਾਂ ਨੂੰ ਅੰਜਾਮ ਦਿੱਤਾ।

ਟਰੰਪ ਨੇ ਦੋਸ਼ੀ ਨਾ ਹੋਣ ਦੀ ਦਲੀਲ ਦਿੱਤੀ ਹੈ ਅਤੇ ਕਿਹਾ ਹੈ ਕਿ ਜਾਂਚ ਉਸ ਦੇ ਖਿਲਾਫ ਡੈਮੋਕਰੇਟਿਕ ਪਾਰਟੀ ਵੱਲੋਂ ਮੈਨੂੰ ਖਤਮ ਕਰਨ ਦਾ ਹਿੱਸਾ ਹੈ।

ਡੋਨਾਲਡ ਟਰੰਪ ਦੇ ਚੋਣ ਕੇਸ ਦੀ ਸੁਣਵਾਈ ਕਰ ਰਹੇ ਜੱਜ ਨੇ ਦੋਵਾਂ ਪੱਖਾਂ ਦੇ ਵਕੀਲਾਂ ਨੂੰ ਸ਼ੁੱਕਰਵਾਰ ਨੂੰ ਅਦਾਲਤ 'ਚ ਮਿਲਣ ਦਾ ਹੁਕਮ ਦਿੱਤਾ ਹੈ, ਤਾਂ ਜੋ ਸਾਬਕਾ ਰਾਸ਼ਟਰਪਤੀ ਜਾਂਚ ਵਿਚ ਇਕੱਠੇ ਕੀਤੇ ਸਬੂਤਾਂ ਬਾਰੇ ਜਨਤਕ ਤੌਰ 'ਤੇ ਕੀ ਖੁਲਾਸਾ ਕਰ ਸਕਦੇ ਹਨ, ਇਸ ਬਾਰੇ ਪ੍ਰਸਤਾਵਿਤ ਪਾਬੰਦੀਆਂ 'ਤੇ ਵਿਚਾਰ ਵਟਾਂਦਰਾ ਕਰਨ। ਯੂ.ਐੱਸ. ਜ਼ਿਲ੍ਹਾ ਜੱਜ ਤਾਨਿਆ ਚੁਟਕਨ ਨੇ ਵਿਸ਼ੇਸ਼ ਵਕੀਲ ਜੈਕ ਸਮਿਥ ਦੇ ਦਫ਼ਤਰ ਅਤੇ ਟਰੰਪ ਦੇ ਵਕੀਲਾਂ ਨੂੰ ਪ੍ਰਤੀਯੋਗੀ ਸੁਰੱਖਿਆ

■ ਟਰੰਪ ਦੇ ਚੋਣ ਕੇਸ ਦੀ ਸੁਣਵਾਈ ਕਰ ਰਹੇ ਜੱਜ ਨੇ ਦੋਵਾਂ ਪੱਖਾਂ ਦੇ ਵਕੀਲਾਂ ਨੂੰ ਸ਼ੁੱਕਰਵਾਰ ਨੂੰ ਅਦਾਲਤ 'ਚ ਮਿਲਣ ਦਾ ਦਿੱਤਾ ਹੁਕਮ



■ ਬਾਕੀ ਖਬਰ ਸਫਾ 14 'ਤੇ

# ਇੰਡਸ ਵੈਲੀ ਚੈਂਬਰ ਆਫ ਕਾਮਰਸ ਵੱਲੋਂ ਲਾਹੌਰੀ ਰਾਮ ਯਾਦਗਾਰੀ ਪਿਕਨਿਕ 1 ਐਲਕ ਗਰੋਵ ਰਿਜ਼ਨਲ ਪਾਰਕ, ਕੈਲੀਫੋਰਨੀਆ ਵਿਖੇ ਮਨਾਈ ਗਈ
































ਪੰਜਾਬ ਮੇਲ USA

# ਇੰਡਸ ਵੈਲੀ ਚੈਂਬਰ ਆਫ ਕਾਮਰਸ ਵੱਲੋਂ ਲਾਹੌਰੀ ਰਾਮ ਯਾਦਗਾਰੀ ਪਿਕਨਿਕ 2 ਐਲਕ ਗਰੋਵ ਰਿਜ਼ਨਲ ਪਾਰਕ, ਕੈਲੀਫੋਰਨੀਆ ਵਿਖੇ ਮਨਾਈ ਗਈ


















# ਡਾ. ਐੱਸ.ਪੀ. ਸਿੰਘ ਓਬਰਾਏ ਵੱਲੋਂ ਰਾਹਤ ਕਾਰਜ ਲਗਾਤਾਰ ਜਾਰੀ

### ਹੜ੍ਹ ਪ੍ਰਭਾਵਿਤ ਪਿੰਡਾਂ ਵਿਚ ਵੰਡੀਆਂ ਰਾਸ਼ਣ ਕਿੱਟਾਂ



**ਮੱਖੂ, (ਪੰਜਾਬ ਮੇਲ)**- ਸਰਬੱਤ ਦਾ ਭਲਾ ਟਰੱਸਟ ਚੈਰੀਟੇਬਲ ਟਰੱਸਟ ਵੱਲੋਂ ਹੜ੍ਹ ਪ੍ਰਭਾਵਿਤ ਖੇਤਰਾਂ ਵਿਚ ਰਾਹਤ ਕਾਰਜ ਲਗਾਤਾਰ ਜਾਰੀ ਹਨ। ਸੰਸਥਾ ਦੇ ਮੁਖੀ ਡਾ. ਐੱਸ.ਪੀ. ਸਿੰਘ ਓਬਰਾਏ ਵੱਲੋਂ ਹੜ੍ਹਾਂ ਦੇ ਸ਼ੁਰੂਆਤ ਤੋਂ ਹੁਣ ਤੱਕ ਲਗਾਤਾਰ ਪਸ਼ੂਆਂ ਲਈ ਚਾਰਾ, ਦਵਾਈਆਂ ਅਤੇ ਹੜ੍ਹਾਂ ਵਿਚ ਘਿਰੇ ਲੋਕਾਂ ਲਈ ਸੁੱਕਾ ਅਤੇ ਪੱਕਿਆ ਲੰਗਰ ਸਪਲਾਈ ਕੀਤਾ ਜਾ ਰਿਹਾ ਹੈ। ਇਸੇ ਤਰ੍ਹਾਂ ਮੱਖੂ ਖੇਤਰ ਵਿਚ ਆਉਂਦੇ ਪਿੰਡ ਮੰਨੂੰ ਮਾਛੀ, ਗੱਟਾ ਦਲੇਲ ਅਤੇ ਜਮਾਲੀ ਵਾਲਾ ਵਿਚ ਜਿੱਥੇ ਇਨ੍ਹਾਂ ਪਿੰਡਾ ਦਾ ਸੰਪਰਕ ਦੇਸ਼ ਨਾਲੋਂ ਟੁੱਟ ਚੁੱਕਾ ਹੈ ਅਤੇ ਲੋਕ ਚਾਰੇ ਪਾਸੇ ਤੋਂ ਪਾਣੀ ਵਿਚ ਘਿਰੇ ਹੋਏ ਹਨ, ਵੱਡੀ ਮਾਤਰਾ ਵਿਚ ਪਸ਼ੂ ਚਾਰਾ ਅਤੇ ਰਾਸ਼ਣ ਸਪਲਾਈ ਕੀਤਾ ਜਾ ਰਿਹਾ ਹੈ।

ਜਾਣਕਾਰੀ ਦਿੰਦੇ ਸਮੇਂ ਸਰਬੱਤ ਦਾ ਭਲਾ ਟਰੱਸਟ ਦੇ ਜ਼ਿਲ੍ਹਾ ਪ੍ਰਧਾਨ ਹਰਜਿੰਦਰ ਸਿੰਘ ਕਤਨਾ, ਇਸਤਰੀ ਵਿੰਗ ਪ੍ਰਧਾਨ ਮੈਡਮ ਅਮਰਜੀਤ ਕੌਰ ਛਾਬੜਾ, ਬਹਾਦਰ ਸਿੰਘ ਭੁੱਲਰ ਅਤੇ ਦਵਿੰਦਰ ਸਿੰਘ ਛਾਬੜਾ ਨੇ ਦੱਸਿਆ ਕਿ ਐੱਸ.ਡੀ.ਐੱਮ. ਜੀਰਾ ਸ. ਗਗਨਦੀਪ ਸਿੰਘ, ਪਰਮਪਾਲ ਸਿੰਘ ਨਾਇਬ ਤਹਿਸੀਲਦਾਰ ਮੱਖੂ, ਗੁਰਜੀਤ ਸਿੰਘ ਰੀਡਰ ਨਾਲ ਮਿਲਕੇ ਕੀਤੇ ਉਪਰਾਲਿਆਂ ਦੇ ਯਤਨ ਸਦਕਾ ਟਰੱਸਟ ਦੇ ਮੁਖੀ ਡਾ. ਓਬਰਾਏ ਅਤੇ ਕੌਮੀ ਪ੍ਰਧਾਨ ਸ. ਜੱਸਾ ਸਿੰਘ ਸੰਧੂ ਵੱਲੋਂ ਜਾਰੀ ਕੀਤੇ ਨਿਰਦੇਸ਼ਾਂ 'ਤੇ ਇਨ੍ਹਾਂ ਪਿੰਡਾਂ ਵਿਚ ਪਹਿਲਾਂ ਚਾਰ ਸੌ ਕੁਇੰਟਲ ਪਸ਼ੂਆਂ ਦਾ ਚਾਰਾ ਅਤੇ ਹੁਣ ਸੁੱਕਾ ਰਾਸ਼ਣ ਵੰਡਿਆ ਜਾ ਰਿਹਾ ਹੈ। ਉਨ੍ਹਾਂ ਦੱਸਿਆ ਕਿ ਇਸ ਦੇ ਲਈ ਇੱਕ ਕਿੱਟ ਵਿਚ ਤੀਹ ਕਿਲੋ ਰਾਸ਼ਣ ਪੈਕ ਕੀਤਾ ਗਿਆ, ਜਿਸ

ਵਿਚ ਆਟਾ, ਦਾਲ, ਖੰਡ, ਚਾਹ ਪੱਤੀ, ਚਾਵਲ, ਵੜੀਆਂ, ਅਚਾਰ, ਸਰ੍ਹੋਂ ਦਾ ਤੇਲ, ਮੱਛਰਦਾਨੀਆਂ, ਓਡੋਮਾਸ ਅਤੇ ਹੋਰ ਕਈ ਤਰ੍ਹਾਂ ਦਾ ਸਮਾਨ ਲੋਕਾਂ ਵਿਚ ਜਾ ਕੇ ਵੰਡਿਆਂ ਜਾ ਰਿਹਾ ਹੈ, ਤਾਂ ਕਿ ਪ੍ਰਭਾਵਿਤ ਇਲਾਕਿਆਂ ਦੇ ਲੋਕਾਂ ਨੂੰ ਇਸ ਮੁਸੀਬਤ ਤੋਂ ਕੁੱਝ ਰਾਹਤ ਮਿਲ ਸਕੇ। ਇਸ ਮੌਕੇ ਬਲਾਕ ਪ੍ਰਧਾਨ ਬਹਾਦਰ ਸਿੰਘ ਭੁੱਲਰ, ਰਣਜੀਤ ਸਿੰਘ ਰਾਏ ਜ਼ੀਰਾ, ਬਲਵਿੰਦਰ ਕੌਰ ਲੋਹਕੇ, ਜਗਸੀਰ ਸਿੰਘ ਜ਼ੀਰਾ, ਬਲਵਿੰਦਰ ਪਾਲ, ਮਨਪ੍ਰੀਤ ਸਿੰਘ, ਜਗਮਿੰਦਰ ਸਿੰਘ ਵਿਰਕ ਸਾਂਝ ਕੇਂਦਰ ਥਾਣਾ ਮੱਖੂ, ਪਵਨਦੀਪ ਸਿੰਘ, ਹੀਰਾ ਸਿੰਘ, ਭੁਪਿੰਦਰ ਸਿੰਘ, ਪਤਰਸ, ਗੁਰਲਾਲ ਸਿੰਘ, ਗੁਰਜੀਤ ਸਿੰਘ ਸਮੇਤ ਕਈ ਹੋਰ ਪਤਵੰਤੇ ਮੌਜੂਦ ਸਨ।



ਡਾ. ਐੱਸ.ਪੀ. ਸਿੰਘ ਓਬਰਾਏ।

## ਅਮਰੀਕਾ 'ਚ 25 ਲੱਖ ਮੁਕੱਦਮਿਆਂ ਦਾ ਬੈਕਲਾਗ ਗ਼ੈਰ-ਕਾਨੂੰਨੀ ਪ੍ਰਵਾਸੀਆਂ ਲਈ ਬਣਿਆ ਵਰਦਾਨ

**ਵਾਸ਼ਿੰਗਟਨ, (ਪੰਜਾਬ ਮੇਲ)**- ਅਮਰੀਕਾ ਦੀਆਂ ਇੰਮੀਗ੍ਰੇਸ਼ਨ ਅਦਾਲਤਾਂ ਵਿਚ 25 ਲੱਖ ਮੁਕੱਦਮਿਆਂ ਦਾ ਬੈਕਲਾਗ ਪ੍ਰਵਾਸੀਆਂ ਲਈ ਵਰਦਾਨ ਸਾਬਤ ਹੋ ਰਿਹਾ ਹੈ ਅਤੇ ਉਹ ਡਿਪੋਰਟ ਕੀਤੇ ਜਾਣ ਦੇ ਡਰ ਨੂੰ ਭੁਲਾ ਕੇ ਕਈ ਸਾਲ ਤੱਕ ਕਾਨੂੰਨੀ ਤਰੀਕੇ ਨਾਲ ਕੰਮ ਕਰ ਸਕਦੇ ਹਨ। ਮਾਇਗ੍ਰੇਸ਼ਨ ਪਾਲਿਸੀ ਇੰਸਟੀਚਿਊਟ ਦਾ ਕਹਿਣਾ ਹੈ ਕਿ ਨਾਜਾਇਜ਼ ਤਰੀਕੇ ਨਾਲ ਅਮਰੀਕਾ ਦਾਖਲ ਹੋਏ ਕਿਸੇ ਪ੍ਰਵਾਸੀ ਦੀ ਅਦਾਲਤ ਵਿਚ ਪਹਿਲੀ ਪੇਸ਼ੀ ਵਾਸਤੇ ਔਸਤ ਉਡੀਕ ਸਮਾਂ ਚਾਰ ਸਾਲ ਤੱਕ ਪਹੁੰਚ ਗਿਆ ਹੈ।

## ਅਮਰੀਕੀ ਅਦਾਲਤ ਨੇ ਟਰੰਪ ਵੱਲੋਂ ਜੀਨ ਕੈਰੋਲ ਖਿਲਾਫ ਕੀਤਾ ਮਾਣਹਾਨੀ ਦਾ ਕੇਸ ਕੀਤਾ ਖਾਰਜ

**ਵਾਸ਼ਿੰਗਟਨ, (ਪੰਜਾਬ ਮੇਲ)**- ਸਾਬਕਾ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਟਰੰਪ ਨੂੰ ਆਪਣੇ ਪੁਰਾਣੇ ਅਤੇ ਨਵੇਂ ਵਿਵਾਦਾਂ ਕਾਰਨ ਕਈ ਝਟਕੇ ਲੱਗੇ ਹਨ ਅਤੇ ਹਾਲ ਹੀ 'ਚ ਟਰੰਪ ਨੂੰ ਇਕ ਹੋਰ ਝਟਕਾ ਲੱਗਾ ਹੈ। ਟਰੰਪ ਨੂੰ ਇਹ ਝਟਕਾ ਸਾਬਕਾ ਅਮਰੀਕੀ ਲੇਖਿਕਾ ਅਤੇ ਪੱਤਰਕਾਰ ਐਲਿਜ਼ਾਬੇਥ ਜੀਨ ਕੈਰੋਲ ਦੇ ਖਿਲਾਫ ਲੱਗਾ ਹੈ।

ਟਰੰਪ ਨੇ ਕੈਰੋਲ ਖਿਲਾਫ ਮਾਣਹਾਨੀ ਦਾ ਕੇਸ ਦਾਇਰ ਕੀਤਾ ਸੀ। ਟਰੰਪ ਦਾ ਕੇਸ ਇਕ ਕਾਊਂਟਰ ਕੇਸ ਸੀ, ਜੋ ਉਸਨੇ ਕੈਰੋਲ ਦੇ ਕੇਸ ਦੇ ਖਿਲਾਫ ਕੀਤਾ ਸੀ, ਪਰ ਟਰੰਪ ਨੂੰ ਇਸ ਵਿਚ ਸਫਲਤਾ ਨਹੀਂ ਮਿਲੀ।

## ਗੁਰਦੁਆਰਾ ਸਿੱਖ ਸੁਸਾਇਟੀ ਆਫ ਹੈਰੇਸਬਰਗ ਵਿੱਖੇ ਰਾਗ ਮਲਾਰ, ਕੀਰਤਨ ਦਰਬਾਰ ਕਰਵਾਇਆ



**ਨਿਊਯਾਰਕ, (ਰਾਜ ਗੋਗਨਾ/ ਪੰਜਾਬ ਮੇਲ)**- ਬੀਤੇ ਦਿਨੀਂ ਐਤਵਾਰ ਨੂੰ ਗੁਰਦੁਆਰਾ ਸਿੱਖ ਸੁਸਾਇਟੀ ਆਫ ਹੈਰੇਸਬਰਗ, ਪੈਂਨਸਿਲਵੇਂਨੀਆ ਦੀ ਸਮੂਹ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਵਿਸ਼ੇਸ਼ ਉੱਦਮ ਸਦਕਾ ਸਾਵਣ ਦੇ ਮਹੀਨੇ ਨੂੰ ਮੁੱਖ ਰੱਖਦਿਆਂ ਮਲਾਰ ਕੀਰਤਨ ਦਰਬਾਰ ਕਰਵਾਇਆ ਗਿਆ, ਜਿਸ ਵਿਚ ਗੁਰੂ ਕੇ ਕੀਰਤਨੀਏ ਨੂਰ-ਏ-ਖਾਲਸਾ, ਜੱਥਾ ਅਤੇ ਗੁਰਦੁਆਰਾ ਸਾਹਿਬ ਜੀ ਦੇ ਮੁੱਖ ਗ੍ਰੰਥੀ ਭਾਈ ਅਸ਼ਵਿੰਦਰ ਸਿੰਘ ਜੀ ਅਤੇ ਭਾਈ ਅਸ਼ਵੀਰ ਸਿੰਘ ਜੀ ਨੇ ਕੀਰਤਨ ਰਾਹੀਂ ਹਾਜ਼ਰੀ ਭਰ ਕੇ ਸੰਗਤਾਂ ਨੂੰ ਨਿਹਾਲ ਕੀਤਾ। ਇਸ ਮੌਕੇ ਸ੍ਰੀ ਸੁਖਮਨੀ ਸਾਹਿਬ ਜੀ ਦੇ ਪਾਠ ਉਪਰੰਤ ਭਾਈ ਅਸ਼ਵਿੰਦਰ ਸਿੰਘ ਜੀ ਨੇ ਰਾਗ ਮਲਾਰ ਵਿਚ ਗੁਰਬਾਣੀ ਸ਼ਬਦਾਂ ਦਾ ਗਾਇਨ ਕੀਤਾ ਅਤੇ ਉਨ੍ਹਾਂ ਤੋਂ ਬਾਅਦ ਲਗਭਗ ਡੇਢ ਘੰਟਾ ਨੂਰ-ਏ-ਖਾਲਸਾ ਜੱਥੇ ਨੇ ਸਾਵਣ ਮਹੀਨੇ ਵਿਚ ਗਾਏ ਜਾਂਦੇ ਪ੍ਰਚਲਿਤ ਰਾਗ ਮਲਾਰ, ਰਾਗ ਮਾਝ, ਰਾਗ ਵਡਹੰਸ, ਰਾਗ ਤੁਖਾਰੀ ਵਿਚ ਗੁਰਬਾਣੀ ਸ਼ਬਦਾਂ ਦਾ ਗਾਇਨ ਕਰਕੇ ਸੰਗਤਾਂ ਨੂੰ ਨਿਹਾਲ ਕੀਤਾ। ਅਖੀਰ ਵਿਚ ਗੁਰਦੁਆਰਾ ਸਾਹਿਬ ਜੀ ਦੇ ਜਨਰਲ ਸਕੱਤਰ ਭਾਈ ਕੁਲਦੀਪ ਸਿੰਘ ਜੀ ਨੇ ਆਈਆਂ ਸੰਗਤਾਂ ਦਾ ਅਤੇ ਵਿਸ਼ੇਸ ਕਰਕੇ ਨੂਰ-ਏ-ਖਾਲਸਾ ਜੱਥੇ ਦਾ ਵਿਸ਼ੇਸ ਧੰਨਵਾਦ ਕੀਤਾ ਅਤੇ ਆਉਣ ਵਾਲੇ ਹਫ਼ਤੇ ਦੇ ਪ੍ਰੋਗਰਾਮਾਂ ਦਾ ਵੇਰਵਾ ਦਿੱਤਾ। ਉਨ੍ਹਾਂ ਤੋਂ ਬਾਅਦ ਗੁਰਦੁਆਰਾ ਸਾਹਿਬ ਜੀ ਦੇ ਮੁੱਖ ਸੇਵਾਦਾਰ ਭਾਈ ਨਵਤੇਜ ਸਿੰਘ ਜੀ ਗਰੇਵਾਲ ਨੇ ਸੰਗਤ ਨੂੰ ਸੰਬੋਧਨ ਕਰਦਿਆਂ ਗੁਰਦੁਆਰਾ ਸਾਹਿਬ ਵੱਲੋਂ ਚੱਲ ਰਹੀਆਂ ਵੱਖ-ਵੱਖ ਸੇਵਾਵਾਂ ਬਾਰੇ ਵੇਰਵਾ ਦਿੱਤਾ ਅਤੇ ਨੂਰ-ਏ-ਖਾਲਸਾ ਜੱਥੇ ਦੀ ਚੜ੍ਹਦੀ ਕਲਾ ਲਈ ਗੁਰੂ ਸਾਹਿਬ ਜੀ ਦੇ ਚਰਨਾਂ ਵਿਚ ਬੇਨਤੀ ਕੀਤੀ।






# ਪੰਜਾਬ ਪੁਲਿਸ ਵੱਲੋਂ ਸਰਹੱਦ ਪਾਰੋਂ ਨਸ਼ਾ ਤਸਕਰੀ ਰੈਕੇਟ ਦਾ ਪਰਦਾਫਾਸ਼

**■ 6 ਕਿਲੋ ਹੈਰੋਇਨ, 1.5 ਲੱਖ ਰੁਪਏ ਦੀ ਡਰੱਗ ਮਨੀ ਸਮੇਤ ਇੱਕ ਵਿਅਕਤੀ ਕਾਬੂ**

**ਚੰਡੀਗੜ੍ਹ/ਅੰਮ੍ਰਿਤਸਰ, (ਪੰਜਾਬ ਮੇਲ)-** ਮੁੱਖ ਮੰਤਰੀ ਭਗਵੰਤ ਮਾਨ ਦੇ ਦਿਸ਼ਾ-ਨਿਰਦੇਸ਼ਾਂ 'ਤੇ ਨਸ਼ਿਆਂ ਵਿਰੁੱਧ ਚਲਾਈ ਜਾ ਰਹੀ ਮੁਹਿੰਮ ਤਹਿਤ ਪੰਜਾਬ ਪੁਲਿਸ ਨੇ ਸਰਹੱਦ ਪਾਰੋਂ ਚਲਾਏ ਜਾ ਰਹੇ ਨਸ਼ਾ ਤਸਕਰੀ ਰੈਕੇਟ ਦਾ ਪਰਦਾਫਾਸ਼ ਕਰਦਿਆਂ ਇੱਕ ਵਿਅਕਤੀ ਨੂੰ ਗ੍ਰਿਫਤਾਰ ਕਰਕੇ ਉਸ ਕੋਲੋਂ 6 ਕਿਲੋ ਹੈਰੋਇਨ ਅਤੇ 1.5 ਲੱਖ ਰੁਪਏ ਦੀ ਡਰੱਗ ਮਨੀ ਬਰਾਮਦ ਕੀਤੀ ਹੈ।

ਇਹ ਜਾਣਕਾਰੀ ਦਿੰਦਿਆਂ ਡੀ.ਜੀ.ਪੀ., ਪੰਜਾਬ ਗੌਰਵ ਯਾਦਵ ਨੇ ਵੀਰਵਾਰ ਨੂੰ ਇੱਥੇ ਦੱਸਿਆ ਕਿ ਗ੍ਰਿਫਤਾਰ ਕੀਤੇ ਗਏ ਮੁਲਜ਼ਮ ਦੀ ਪਛਾਣ ਸ਼ਿੰਦਰ ਸਿੰਘ ਵਾਸੀ ਪਿੰਡ ਬੂਟੇ ਦੀਆਂ ਛੰਨਾਂ ਮਹਿਤਪੁਰ, ਜਲੰਧਰ ਵਜੋਂ ਹੋਈ ਹੈ। ਮੁਲਜ਼ਮ ਨਸ਼ਾ ਤਸਕਰ ਹੈ ਅਤੇ ਪਹਿਲਾਂ ਵੀ ਐੱਨ.ਡੀ.ਪੀ.ਐੱਸ. ਐਕਟ ਤਹਿਤ ਦੋ ਅਪਰਾਧਿਕ ਮਾਮਲਿਆਂ ਦਾ ਸਾਹਮਣਾ ਕਰ ਰਿਹਾ ਸੀ।

ਡੀ.ਜੀ.ਪੀ. ਨੇ ਦੱਸਿਆ ਕਿ ਸਟੇਟ ਸਪੈਸ਼ਲ ਆਪ੍ਰੇਸ਼ਨ ਸੈੱਲ (ਐੱਸ.ਐੱਸ.ਓ.ਸੀ.) ਅੰਮ੍ਰਿਤਸਰ ਨੂੰ ਸੂਹ ਮਿਲੀ ਸੀ ਕਿ ਮੁਲਜ਼ਮ ਸ਼ਿੰਦਰ ਸਿੰਘ ਅਤੇ ਉਸ ਦੇ ਸਾਥੀਆਂ ਨੇ ਹਾਲ ਹੀ ਵਿਚ ਪਾਕਿਸਤਾਨ ਆਧਾਰਿਤ ਤਸਕਰਾਂ ਅਤੇ ਏਜੰਸੀਆਂ ਵੱਲੋਂ ਫਿਰੋਜ਼ਪੁਰ ਖੇਤਰ ਦੇ ਦਰਿਆਈ ਰਸਤੇ ਰਾਹੀਂ ਭਾਰਤੀ ਖੇਤਰ 'ਚ ਭੇਜੀ ਗਈ ਹੈਰੋਇਨ ਦੀ ਵੱਡੀ ਖੇਪ ਪ੍ਰਾਪਤ ਕੀਤੀ ਸੀ ਅਤੇ ਉਹ (ਸ਼ਿੰਦਰ ਤੇ ਹੋਰ) ਉਕਤ ਖੇਪ ਨੂੰ ਖ਼ਰੀਦਦਾਰ ਧਿਰ (ਪਾਰਟੀ) ਤੱਕ ਪਹੁੰਚਾਉਣ ਲਈ ਅੰਮ੍ਰਿਤਸਰ ਦੇ ਆਲੇ-ਦੁਆਲੇ ਮੌਜੂਦ ਹਨ।

ਉਨ੍ਹਾਂ ਦੱਸਿਆ ਕਿ ਫੌਰੀ ਕਾਰਵਾਈ ਕਰਦਿਆਂ, ਐੱਸ.ਐੱਸ.ਓ.ਸੀ. ਅੰਮ੍ਰਿਤਸਰ ਦੀ ਵਿਸ਼ੇਸ਼ ਪੁਲਿਸ ਟੀਮ ਨੇ ਇੱਕ ਆਪ੍ਰੇਸ਼ਨ ਆਰੰਭਿਆ ਅਤੇ ਯੋਜਨਾਬੱਧ ਤਰੀਕੇ ਨਾਲ ਇਲਾਕੇ ਦੀ ਘੇਰਾਬੰਦੀ ਕਰਕੇ ਦੋਸ਼ੀ ਸ਼ਿੰਦਰ ਸਿੰਘ ਨੂੰ ਗ੍ਰਿਫਤਾਰ ਕਰਨ ਵਿਚ ਸਫ਼ਲਤਾ ਹਾਸਲ ਕੀਤੀ।

ਮੁੱਢਲੀ ਤਫ਼ਤੀਸ਼ ਬਾਰੇ ਹੋਰ ਜਾਣਕਾਰੀ ਸਾਂਝੀ ਕਰਦਿਆਂ ਏ.ਆਈ.ਜੀ. ਐੱਸ.ਐੱਸ.ਓ.ਸੀ. ਸੁਖਮਿੰਦਰ ਸਿੰਘ ਮਾਨ ਨੇ ਦੱਸਿਆ ਕਿ ਇਹ ਗੱਲ ਸਾਹਮਣੇ ਆਈ ਹੈ ਕਿ ਕੁਝ ਦਿਨ ਪਹਿਲਾਂ ਫਿਰੋਜ਼ਪੁਰ ਸੈਕਟਰ ਵਿਚ, ਪਾਕਿ ਆਧਾਰਿਤ ਤਸਕਰਾਂ ਨੇ ਹੜ੍ਹਾਂ ਕਾਰਨ ਦਰਿਆ ਦੇ ਕੰਢੇ ਦੇ ਨਾਲੋਂ-ਨਾਲ ਪਏ ਪਾੜ ਨੂੰ ਵਰਤ ਕੇ ਦਰਿਆ ਰਾਹੀਂ ਨਸ਼ਿਆਂ ਦੀ ਖੇਪ ਦੀ ਤਸਕਰੀ ਕੀਤੀ।

ਉਨ੍ਹਾਂ ਕਿਹਾ ਕਿ ਡਰੱਗ ਸਪਲਾਇਰਾਂ, ਡੀਲਰਾਂ ਅਤੇ ਉਨ੍ਹਾਂ ਦੇ ਖਰੀਦਦਾਰਾਂ ਦੇ ਸਮੁੱਚੇ ਨੈੱਟਵਰਕ ਦਾ ਪਰਦਾਫਾਸ਼ ਕਰਨ ਲਈ ਅਗਲੇਰੀ ਜਾਂਚ ਕੀਤੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਇਸ ਗਰੁੱਪ ਦੇ ਬਾਕੀ ਮੈਂਬਰਾਂ ਨੂੰ ਗ੍ਰਿਫਤਾਰ ਕਰਕੇ ਜਾਂਚ ਨੂੰ ਤਰਕਪੂਰਨ ਸਿੱਟੇ ਤੱਕ ਪਹੁੰਚਾਉਣ ਲਈ ਉਕਤ ਵਿਅਕਤੀਆਂ ਨਾਲ ਸਬੰਧੀ ਸਭ ਅਗਲੀਆਂ-ਪਿਛਲੀਆਂ ਕੜੀਆਂ ਜਾਂਚਣ ਦੇ ਯਤਨ ਕੀਤੇ ਜਾ ਰਹੇ ਹਨ। ਇਸ ਸਬੰਧੀ ਥਾਣਾ ਐੱਸ.ਐੱਸ.ਓ.ਸੀ. ਅੰਮ੍ਰਿਤਸਰ ਵਿਖੇ ਐੱਨ.ਡੀ.ਪੀ.ਐੱਸ. ਐਕਟ ਦੀ ਧਾਰਾ 21, 25 ਅਤੇ 29 ਅਧੀਨ ਮੁਕੱਦਮਾ ਨੰਬਰ 23 ਮਿਤੀ 03.08.2023 ਨੂੰ ਦਰਜ ਕੀਤਾ ਗਿਆ ਹੈ ਅਤੇ ਜਲਦ ਹੀ ਦੋਸ਼ੀ ਨੂੰ ਅਦਾਲਤ 'ਚ ਪੇਸ਼ ਕਰਕੇ ਪੁਲਿਸ ਰਿਮਾਂਡ ਲੈ ਲਿਆ ਜਾਵੇਗਾ।

# ਪੰਜਾਬ ਪੁਲਿਸ ਵੱਲੋਂ ਮੱਧ ਪ੍ਰਦੇਸ਼ ਤੋਂ ਹਥਿਆਰ ਤਸਕਰੀ ਕਰਨ ਵਾਲੇ ਮਾਡਿਊਲ ਦਾ ਪਰਦਾਫਾਸ਼

**■ 17 ਪਿਸਤੌਲਾਂ ਸਮੇਤ ਦੋ ਵਿਅਕਤੀ ਕਾਬੂ**

**ਚੰਡੀਗੜ੍ਹ, (ਪੰਜਾਬ ਮੇਲ)-** ਪੰਜਾਬ ਪੁਲਿਸ ਨੇ ਮੱਧ ਪ੍ਰਦੇਸ਼ (ਐੱਮ.ਪੀ.) ਦੇ ਦੋ ਅਸਲਾ ਸਪਲਾਇਰਾਂ, ਜੋ ਵੱਡੇ ਪੱਧਰ 'ਤੇ ਹਥਿਆਰ ਨਿਰਮਾਣ ਅਤੇ ਐੱਮ.ਪੀ. ਤੋਂ ਪੰਜਾਬ ਸਮੇਤ ਹੋਰਾਂ ਰਾਜਾਂ ਵਿਚ ਹਥਿਆਰ ਸਪਲਾਈ ਕਰਦੇ ਸਨ, ਨੂੰ ਗ੍ਰਿਫਤਾਰ ਕਰਕੇ ਅੰਤਰ-ਰਾਜੀ ਗੈਰ-ਕਾਨੂੰਨੀ ਹਥਿਆਰ ਤਸਕਰੀ ਮਾਡਿਊਲ ਦਾ ਪਰਦਾਫਾਸ਼ ਕੀਤਾ ਹੈ। ਮੁਲਜ਼ਮਾਂ ਨੂੰ ਕਾਊਂਟਰ ਇੰਟੈਲੀਜੈਂਸ ਜਲੰਧਰ ਦੀ ਟੀਮ ਨੇ ਮੱਧ ਪ੍ਰਦੇਸ਼ ਤੋਂ ਕਾਬੂ ਕੀਤਾ ਹੈ।

ਡੀ.ਜੀ.ਪੀ., ਪੰਜਾਬ, ਗੌਰਵ ਯਾਦਵ ਨੇ ਕਾਬੂ ਕੀਤੇ ਵਿਅਕਤੀਆਂ ਦੀ ਪਛਾਣ ਮੱਧ ਪ੍ਰਦੇਸ਼ ਵਿਚ ਜ਼ਿਲ੍ਹਾ ਖਰਗੋਨ ਦੇ ਪਿੰਡ ਸਿਗਨੂਰ ਦੇ ਵਾਸੀ ਹਰਪਾਲ ਸਿੰਘ ਅਤੇ ਜ਼ਿਲ੍ਹਾ ਭਰਵਾਨੀ ਦੇ ਪਿੰਡ ਬਲਵਾੜੀ ਦੇ ਕਿਸ਼ੋਰ ਸਿੰਘ ਰਾਠੌਰ ਵਜੋਂ ਕੀਤੀ ਹੈ। ਪੁਲਿਸ ਟੀਮਾਂ ਨੇ ਇਨ੍ਹਾਂ ਕੋਲੋਂ .32 ਬੋਰ ਦੇ 17 ਪਿਸਤੌਲ ਅਤੇ 35 ਮੈਗਜ਼ੀਨ ਵੀ ਬਰਾਮਦ ਕੀਤੇ ਹਨ। ਉਨ੍ਹਾਂ ਕਿਹਾ ਕਿ ਮੁੱਢਲੀ ਜਾਂਚ ਤੋਂ ਪਤਾ ਲੱਗਾ ਹੈ ਕਿ ਇਹ ਹਥਿਆਰ ਜੱਗੂ ਭਗਵਾਨਪੁਰੀਆ ਅਤੇ ਰਵੀ ਬਲਾਚੌਰੀਆ ਨਾਲ ਜੁੜੇ ਅਪਰਾਧਿਕ ਗਿਰੋਹ ਨੂੰ ਸਪਲਾਈ ਕੀਤੇ ਜਾਣੇ ਸਨ।

ਇਹ ਕਾਰਵਾਈ ਕਾਊਂਟਰ ਇੰਟੈਲੀਜੈਂਸ ਯੂਨਿਟ ਵੱਲੋਂ ਜਲੰਧਰ ਦੇ ਮਕਸੂਦਾਂ-ਬਿਧੀਪੁਰ ਰੋਡ ਤੋਂ ਲਵਦੀਪ ਉਰਫ ਲਵ ਨਾਂ ਦੇ ਵਿਅਕਤੀ ਨੂੰ ਗ੍ਰਿਫਤਾਰ ਕਰਕੇ ਉਸ ਕੋਲੋਂ 1 ਪਿਸਤੌਲ ਅਤੇ ਦੋ ਕਾਰਤੂਸ ਬਰਾਮਦ ਕੀਤੇ ਜਾਣ ਉਪਰੰਤ ਅਮਲ ਵਿਚ ਲਿਆਂਦੀ ਗਈ ਹੈ। ਇਸ ਸਬੰਧੀ ਉਕਤ ਦੋਸ਼ੀ ਖ਼ਿਲਾਫ਼ ਅਸਲਾ ਐਕਟ ਦੀ ਧਾਰਾ ਤਹਿਤ ਥਾਣਾ ਐੱਸ.ਐੱਸ.ਓ.ਸੀ. ਅੰਮ੍ਰਿਤਸਰ ਵਿਖੇ ਕੇਸ ਪਹਿਲਾਂ ਹੀ ਦਰਜ ਹੈ।

ਡੀ.ਜੀ.ਪੀ. ਨੇ ਕਿਹਾ ਕਿ ਅਗਲੀਆਂ-ਪਿਛਲੀਆਂ ਕੜੀਆਂ ਦੀ ਬਾਰੀਕਬੀਨੀ ਨਾਲ ਜਾਂਚ ਕਰਕੇ ਇਹ ਗੱਲ ਸਾਹਮਣੇ ਆਈ ਹੈ ਕਿ ਬਰਾਮਦ ਹਥਿਆਰ ਇੱਕ ਖੇਪ ਦਾ ਹਿੱਸਾ ਸਨ, ਜੋ ਅੰਤਰ-ਰਾਜੀ ਹਥਿਆਰ ਨਿਰਮਾਤਾਵਾਂ ਅਤੇ ਸਪਲਾਇਰਾਂ ਵੱਲੋਂ ਸਪਲਾਈ ਕੀਤਾ ਗਿਆ ਸੀ। ਇਨ੍ਹਾਂ ਸਪਲਾਇਰਾਂ ਦਾ ਐੱਮ.ਪੀ. ਦੇ ਜ਼ਿਲ੍ਹਾ ਖਰਗੋਨ ਤੇ ਭਰਵਾਨੀ ਨਾਲ ਸਬੰਧਤ ਹੋਣ ਦਾ ਖ਼ਦਸ਼ਾ ਸੀ। ਇਸ ਪੁਖਤਾ ਜਾਣਕਾਰੀ ਤੋਂ ਬਾਅਦ, ਸੀ.ਆਈ. ਜਲੰਧਰ ਦੀ ਟੀਮ ਐੱਮ.ਪੀ. ਪਹੁੰਚੀ ਅਤੇ ਦੋਨਾਂ ਹਥਿਆਰ ਸਪਲਾਇਰਾਂ ਨੂੰ ਟਰੇਸ ਕਰਕੇ ਗ੍ਰਿਫਤਾਰ ਕਰਨ ਵਿਚ ਕਾਮਯਾਬ ਰਹੀ। ਕਾਊਂਟਰ ਇੰਟੈਲੀਜੈਂਸ ਜਲੰਧਰ ਦੇ ਏ.ਆਈ.ਜੀ. ਨਵਜੋਤ ਸਿੰਘ ਮਾਹਲ ਨੇ ਦੱਸਿਆ ਕਿ ਕਾਰਵਾਈ ਅਜੇ ਵੀ ਜਾਰੀ ਹੈ ਅਤੇ ਹੋਰ ਹਥਿਆਰਾਂ ਅਤੇ ਗੋਲਾ ਸਿੱਕਾ ਬਰਾਮਦ ਹੋਣ ਦੀ ਪੂਰਨ ਸੰਭਾਵਨਾ ਹੈ।

# ਪੰਜਾਬ ਭਾਜਪਾ ਨੇ ਲੋਕ ਸਭਾ ਚੋਣਾਂ ਲਈ ਤਿਆਰੀ ਆਰੰਭੀ

**ਅੰਮ੍ਰਿਤਸਰ, (ਪੰਜਾਬ ਮੇਲ)-** ਪੰਜਾਬ ਭਾਜਪਾ ਦੇ ਪ੍ਰਧਾਨ ਸੁਨੀਲ ਜਾਖੜ ਨੇ ਸੂਬੇ 'ਚ ਜ਼ਿਲ੍ਹਾ ਪੱਧਰੀ ਮੀਟਿੰਗਾਂ ਦਾ ਸਿਲਸਿਲਾ ਸ਼ੁਰੂ ਕਰਕੇ ਲੋਕ ਸਭਾ ਚੋਣਾਂ ਦੀ ਤਿਆਰੀ ਆਰੰਭ ਦਿੱਤੀ ਹੈ। ਮੁੱਖ ਮੰਤਰੀ ਭਗਵੰਤ ਮਾਨ 'ਤੇ ਨਿਸ਼ਾਨਾ ਸੇਧਦਿਆਂ ਉਨ੍ਹਾਂ ਦੋਸ਼ ਲਾਇਆ ਕਿ ਪੰਜਾਬ 'ਚ ਆਏ ਹੜ੍ਹਾਂ ਕਾਰਨ ਹੋਏ ਨੁਕਸਾਨ ਲਈ ਮੁੱਖ ਮੰਤਰੀ ਜ਼ਿੰਮੇਵਾਰ ਹਨ।



ਪੱਤਰਕਾਰ ਸੰਮੇਲਨ ਦੌਰਾਨ ਭਾਜਪਾ ਪ੍ਰਧਾਨ ਨੇ ਦੋਸ਼ ਲਾਇਆ ਕਿ ਹੜ੍ਹਾਂ ਤੋਂ ਬਾਅਦ ਇੱਕ ਮਹੀਨਾ ਬੀਤ ਚੁੱਕਾ ਹੈ ਪਰ ਪ੍ਰਭਾਵਿਤ ਲੋਕਾਂ ਨੂੰ ਸਰਕਾਰ ਵੱਲੋਂ ਕੋਈ ਰਾਹਤ ਨਹੀਂ ਮਿਲੀ। ਉਨ੍ਹਾਂ ਦੱਸਿਆ ਕਿ ਕੇਂਦਰ ਸਰਕਾਰ ਵੱਲੋਂ ਪੰਜਾਬ ਦੇ ਹੜ੍ਹ ਪ੍ਰਭਾਵਿਤ ਲੋਕਾਂ ਲਈ ਰਾਹਤ ਫੰਡ ਵਜੋਂ 218.40 ਕਰੋੜ ਰੁਪਏ ਭੇਜੇ ਹਨ ਪਰ ਹੁਣ ਤੱਕ ਉਹ ਵੀ ਲੋਕਾਂ ਨੂੰ ਨਹੀਂ ਵੰਡੇ ਗਏ ਹਨ। ਸੁਨੀਲ ਜਾਖੜ ਨੇ ਦੋਸ਼ ਲਾਇਆ ਕਿ ਸੂਬੇ ਦੇ ਕਾਂਗਰਸੀ ਆਗੂਆਂ ਨੇ ਆਪਣੇ ਹਿੱਤਾਂ ਖਾਤਰ ਸਰਕਾਰ ਅੱਗੇ ਗੋਡੇ ਟੇਕ ਦਿੱਤੇ ਹਨ।

ਇਸ ਤੋਂ ਪਹਿਲਾਂ ਉਨ੍ਹਾਂ ਦਾ ਮੀਟਿੰਗ ਲਈ ਅੰਮ੍ਰਿਤਸਰ ਪੁੱਜਣ 'ਤੇ ਜ਼ਿਲ੍ਹਾ ਪ੍ਰਧਾਨ ਹਰਵਿੰਦਰ ਸਿੰਘ ਸੰਧੂ ਦੀ ਅਗਵਾਈ ਹੇਠ ਭਾਜਪਾ ਆਗੂਆਂ ਤੇ ਕਾਰਕੁਨਾਂ ਵੱਲੋਂ ਨਿੱਘਾ ਸਵਾਗਤ ਕੀਤਾ ਗਿਆ। ਮੀਟਿੰਗ 'ਚ ਸੁਨੀਲ ਜਾਖੜ ਨੇ ਭਾਜਪਾ ਆਗੂਆਂ ਨੂੰ ਲੋਕ ਸਭਾ ਚੋਣਾਂ ਲਈ ਤਿਆਰ ਰਹਿਣ ਦਾ ਸੱਦਾ ਦਿੱਤਾ। ਭਾਜਪਾ ਦੇ ਸੂਬਾ ਪ੍ਰਧਾਨ ਸੁਨੀਲ ਜਾਖੜ ਨੇ ਅਗਾਊਂ ਲੋਕ ਸਭਾ ਚੋਣਾਂ 'ਚ ਸ਼੍ਰੋਮਣੀ ਅਕਾਲੀ ਦਲ ਨਾਲ ਗੱਠਜੋੜ ਤੋਂ ਇਨਕਾਰ ਕਰਦਿਆਂ ਕਿਹਾ ਕਿ ਇਸ ਮੁੱਦੇ 'ਤੇ ਫ਼ੈਸਲਾ ਕੌਮੀ ਲੀਡਰਸ਼ਿਪ ਨੇ ਲੈਣਾ ਹੈ।




# ‘ਆਪ੍ਰੇਸ਼ਨ ਸਤਰਕ’: ਪੰਜਾਬ ਦੀਆਂ 25 ਜੇਲ੍ਹਾਂ ’ਚ ਚਲਾਏ ਤਲਾਸ਼ੀ ਅਭਿਆਨ: 21 ਮੋਬਾਈਲ ਬਰਾਮਦ

## ਪੰਜਾਬ ਪੁਲਿਸ ਤੇ ਜੇਲ੍ਹ ਵਿਭਾਗ ਨੇ ਸਾਂਝੇ ਤੌਰ ’ਤੇ ਚਲਾਇਆ ਅਭਿਆਨ



**ਚੰਡੀਗੜ੍ਹ, (ਪੰਜਾਬ ਮੇਲ)-** ਜੇਲ੍ਹਾਂ ਵਿਚ ਗੈਰ-ਕਾਨੂੰਨੀ ਗਤੀਵਿਧੀਆਂ, ਨਸ਼ੀਲੇ ਪਦਾਰਥ ਅਤੇ ਇਲੈਕਟਰਾਨਿਕ ਉਪਕਰਣਾਂ ਵਿਰੁੱਧ ਚੌਕਸੀ ਰੱਖਣ ਦੇ ਮੱਦੇਨਜ਼ਰ ਪੰਜਾਬ ਪੁਲਿਸ ਨੇ ਜੇਲ੍ਹ ਵਿਭਾਗ ਨਾਲ ਸਾਂਝੇ ਤੌਰ ’ਤੇ ‘ਆਪ੍ਰੇਸ਼ਨ ਸਤਰਕ’ ਨਾਮਕ ਵਿਸ਼ੇਸ਼ ਅਭਿਆਨ ਚਲਾਇਆ, ਜਿਸ ਤਹਿਤ ਰਾਜ ਦੀਆਂ ਸਾਰੀਆਂ ਜੇਲ੍ਹਾਂ ਵਿਚ ਇੱਕੋ ਸਮੇਂ ’ਤੇ ਤਲਾਸ਼ੀ ਕੀਤੀ ਗਈ। ਇਹ ਕਾਰਵਾਈ ਡਾਇਰੈਕਟਰ ਜਨਰਲ ਆਫ਼ ਪੁਲਿਸ (ਡੀ.ਜੀ.ਪੀ.) ਪੰਜਾਬ ਗੌਰਵ ਯਾਦਵ ਦੇ ਨਿਰਦੇਸ਼ਾਂ ’ਤੇ ਕੀਤੀ ਗਈ , ਜਿਸ ਤਹਿਤ ਸੂਬੇ ਦੀਆਂ 25 ਜੇਲ੍ਹਾਂ- ਕੇਂਦਰੀ, ਜ਼ਿਲ੍ਹਾ ਅਤੇ ਸਬ-ਡਵੀਜ਼ਨ ਜੇਲ੍ਹਾਂ ਵਿਚ ਤਲਾਸ਼ੀ ਕੀਤੀ ਗਈ। ਵਿਸ਼ੇਸ਼ ਡੀ.ਜੀ.ਪੀ. ਕਾਨੂੰਨ ਤੇ ਵਿਵਸਥਾ ਅਰਪਿਤ ਸ਼ੁਕਲਾ ਨੇ ਖੁਦ ਇਸ ਸੂਬਾ ਪੱਧਰੀ ਕਾਰਵਾਈ ਦੀ ਅਗਵਾਈ ਕਰਦਿਆਂ ਏ.ਡੀ.ਜੀ.ਪੀ. ਜੇਲ੍ਹਾਂ ਅਰੁਣ ਪਾਲ ਸਿੰਘ ਦੇ ਨਾਲ ਕੇਂਦਰੀ ਜੇਲ੍ਹ ਪਟਿਆਲਾ ਪਹੁੰਚਕੇ ਚੈਕਿੰਗ ਕੀਤੀ। ਇਸ ਮੌਕੇ ਇੰਸਪੈਕਟਰ ਜਨਰਲ ਆਫ ਪੁਲਿਸ (ਆਈ.ਜੀ.ਪੀ.), ਪਟਿਆਲਾ ਰੇਂਜ, ਮੁਖਵਿੰਦਰ ਸਿੰਘ ਛੀਨਾ ਅਤੇ ਐੱਸ.ਐੱਸ.ਪੀ. ਪਟਿਆਲਾ ਵਰੁਣ ਸ਼ਰਮਾ ਵੀ ਮੌਜੂਦ ਸਨ।

ਇਹ ਅਪ੍ਰੇਸ਼ਨ, ਜਿਸ ਵਿਚ 2500 ਤੋਂ ਵੱਧ ਪੁਲਿਸ ਕਰਮੀਆਂ ਦੀ ਮਜ਼ਬੂਤ ਨਫ਼ਰੀ ਸ਼ਾਮਲ ਸੀ, ਨੂੰ ਸੂਬੇ ਭਰ ’ਚ ਦੁਪਹਿਰ 12 ਵਜੇ ਤੋਂ ਬਾਅਦ ਦੁਪਹਿਰ 3 ਵਜੇ ਤੱਕ ਇੱਕੋ ਸਮੇਂ ’ਤੇ ਚਲਾਇਆ ਗਿਆ ਅਤੇ ਐੱਸ.ਐੱਸ.ਪੀਜ਼ ਨੂੰ ਆਪਣੇ ਸਬੰਧਤ ਜ਼ਿਲ੍ਹਿਆਂ ਵਿਚ ਆਪਰੇਸ਼ਨ ਦੀ ਅਗਵਾਈ ਕਰਨ ਲਈ ਕਿਹਾ ਗਿਆ ਸੀ। ਇਸ ਦੌਰਾਨ ਜੇਲ੍ਹਾਂ ਦੇ ਅੰਦਰ ਅਤੇ ਬਾਹਰ ਪੁਲਿਸ ਦੀ ਭਾਰੀ ਤਾਇਨਾਤੀ ਕੀਤੀ ਗਈ ਸੀ, ਤਾਂ ਜੋ ਕੋਈ ਵੀ ਸ਼ਖ਼ਸ ਜੇਲ੍ਹ ਤੋਂ ਕੁਝ ਵੀ ਬਾਹਰ ਨਾ ਸੁੱਟ ਸਕੇ। ਅਭਿਆਨ ਵਿਚ ਸਨਿਫਰ ਡਾਗਜ਼ (ਸੁੰਘਣ ਵਾਲੇ ਕੁੱਤੇ) ਵੀ ਸ਼ਾਮਲ ਕੀਤੇ ਗਏ।

ਸਪੈਸ਼ਲ ਡੀ.ਜੀ.ਪੀ. ਅਰਪਿਤ ਸ਼ੁਕਲਾ ਨੇ ਕਿਹਾ ਕਿ ਇਸ ਕਾਰਵਾਈ ਦਾ ਮਕਸਦ ਨਾ ਸਿਰਫ਼ ਜੇਲ੍ਹ ਵਿਚ ਗੈਰ-ਕਾਨੂੰਨੀ ਗਤੀਵਿਧੀਆਂ ਨੂੰ ਰੋਕਣਾ ਹੈ, ਸਗੋਂ ਇਹ ਯਕੀਨੀ ਬਣਾਉਣਾ ਵੀ ਹੈ ਕਿ ਕੈਦੀਆਂ ਨੂੰ ਉਹ ਸਾਰੀਆਂ ਸਹੂਲਤਾਂ ਮਿਲ ਰਹੀਆਂ ਹਨ, ਜਿਨ੍ਹਾਂ ਦੇ ਉਹ ਬਾ-ਕਾਨੂੰਨ ਹੱਕਦਾਰ ਹਨ।

# ਈ.ਡੀ. ਵੱਲੋਂ ਕਾਂਗਰਸ ਆਗੂ ਓ.ਪੀ. ਸੋਨੀ ਖ਼ਿਲਾਫ਼ ਜਾਂਚ ਆਰੰਭ



**ਚੰਡੀਗੜ੍ਹ, (ਪੰਜਾਬ ਮੇਲ)-** ਐਨਫੋਰਸਮੈਂਟ ਡਾਇਰੈਕਟੋਰੇਟ (ਈ.ਡੀ.) ਨੇ ਪੰਜਾਬ ਦੇ ਸਾਬਕਾ ਉਪ ਮੁੱਖ ਮੰਤਰੀ ਤੇ ਸੀਨੀਅਰ ਕਾਂਗਰਸੀ ਆਗੂ ਓਮ ਪ੍ਰਕਾਸ਼ ਸੋਨੀ ਖ਼ਿਲਾਫ਼ ਜਾਂਚ ਆਰੰਭ ਦਿੱਤੀ ਹੈ। ਈ.ਡੀ. ਨੇ ਪੰਜਾਬ ਵਿਜੀਲੈਂਸ ਬਿਊਰੋ ਨੂੰ ਪੱਤਰ ਲਿਖ ਕੇ ਇਸ ਕਾਂਗਰਸ ਆਗੂ ਦੀ ਚੱਲ-ਅਚੱਲ ਸੰਪਤੀ ਦਾ ਸਮੁੱਚਾ ਵੇਰਵਾ, ਬੈਂਕ ਖਾਤਿਆਂ ਬਾਰੇ ਮੁਕੰਮਲ ਜਾਣਕਾਰੀ ਮੰਗੀ ਹੈ। ਈ.ਡੀ. ਨੇ ਸਰੋਤਾਂ ਤੋਂ ਵੱਧ ਆਮਦਨ ਦੇ ਮਾਮਲੇ ਵਿਚ ਜੋ ਐੱਫ.ਆਈ.ਆਰ. ਦਰਜ ਕੀਤੀ ਗਈ ਹੈ, ਉਸ ਦੀ ਕਾਪੀ ਵਿਜੀਲੈਂਸ ਵੱਲੋਂ ਦਰਜ ਕੀਤੇ ਬਿਆਨਾਂ ਦੀਆਂ ਕਾਪੀਆਂ ਅਤੇ ਹੋਰ ਦਸਤਾਵੇਜ਼ ਤੁਰੰਤ ਭੇਜੇ ਜਾਣ ਲਈ ਵੀ ਕਿਹਾ ਹੈ। ਕੇਂਦਰੀ ਏਜੰਸੀ ਵੱਲੋਂ ਇਸ ਤੋਂ ਪਹਿਲਾਂ ਪੰਜਾਬ ਦੇ ਕਈ ਕਾਂਗਰਸੀ ਆਗੂਆਂ ਅਤੇ ਪੁਲਿਸ ਅਧਿਕਾਰੀਆਂ ਖ਼ਿਲਾਫ਼ ਵੀ ਜਾਂਚ ਵਿੱਢੀ ਗਈ ਹੈ।

## ਸ਼ੋਕ ਸਮਾਚਾਰ

# ਜੁਗਿੰਦਰ ਸਿੰਘ ਸੰਧੂ ਨਹੀਂ ਰਹੇ



ਜੁਗਿੰਦਰ ਸਿੰਘ ਸੰਧੂ

**ਫੇਅਰਫੀਲਡ, (ਪੰਜਾਬ ਮੇਲ)-** ਬੜੇ ਦੁਖੀ ਹਿਰਦੇ ਨਾਲ ਸੂਚਿਤ ਕੀਤਾ ਜਾਂਦਾ ਹੈ ਕਿ ਪੰਜਾਬੀ ਭਾਈਚਾਰੇ ਦੀ ਜਾਣੀ ਪਹਿਚਾਨੀ ਸ਼ਖਸੀਅਤ ਜੁਗਿੰਦਰ ਸਿੰਘ ਸੰਧੂ ਬੀਤੀ 4 ਅਗਸਤ ਨੂੰ ਇਸ ਫਾਨੀ ਦੁਨੀਆਂ ਨੂੰ ਅਲਵਿਦਾ ਕਹਿ ਕੇ ਪਰਲੋਕ ਸਿਧਾਰ ਗਏ ਹਨ। ਉਹ 89 ਸਾਲ ਦੇ ਸਨ। ਉਨ੍ਹਾਂ ਦਾ ਸਸਕਾਰ 11 ਅਗਸਤ, 2023, ਦਿਨ ਸ਼ੁੱਕਰਵਾਰ ਨੂੰ ਸਵੇਰੇ 10 ਵਜੇ North Sacramento Funeral Home, 725 EL Camino Ave. Sacramento, CA 95815 ਵਿਖੇ ਹੋਵੇਗਾ। ਉਪਰੰਤ ਉਨ੍ਹਾਂ ਦੀ ਆਤਮਿਕ ਸ਼ਾਂਤੀ ਲਈ 12.30 ਵਜੇ ਗੁਰਦੁਆਰਾ ਸਾਹਿਬ ਵੈਸਟ ਸੈਕਰਾਮੈਂਟੋ ਵਿਖੇ ਅੰਤਿਮ ਅਰਦਾਸ ਹੋਵੇਗੀ। ਹੋਰ ਜਾਣਕਾਰੀ ਅਤੇ ਪਰਿਵਾਰ ਨਾਲ ਦੁੱਖ ਸਾਂਝਾ ਕਰਨ ਲਈ 916-359-4341 ’ਤੇ ਸੰਪਰਕ ਕੀਤਾ ਜਾ ਸਕਦਾ ਹੈ।

# ਵਰਿਆਮ ਸੰਧੂ, ਰਵਿੰਦਰ ਰਵੀ ਤੇ ਗੁਰਦਾਸ ਮਾਨ ਦਾ ‘ਵਾਰਿਸ ਸ਼ਾਹ ਅੰਤਰ-ਰਾਸ਼ਟਰੀ ਪੁਰਸਕਾਰ’ ਨਾਲ ਹੋਵੇਗਾ ਸਨਮਾਨ



ਵਰਿਆਮ ਸੰਧੂ, ਰਵਿੰਦਰ ਰਵੀ ਤੇ ਗੁਰਦਾਸ ਮਾਨ।

**ਚੰਡੀਗੜ੍ਹ (ਪੰਜਾਬ ਮੇਲ)-** ਵਾਰਿਸ ਸ਼ਾਹ ਇੰਟਰਨੈਸ਼ਨਲ ਐਵਾਰਡ ਕਮੇਟੀ ਨੇ ਸਾਲ 2022-23 ਲਈ ਪਾਕਿਸਤਾਨ ਦੇ ਚੋਟੀ ਦੇ ‘ਵਾਰਿਸ ਸ਼ਾਹ ਅੰਤਰ-ਰਾਸ਼ਟਰੀ ਪੁਰਸਕਾਰ’ ਨਾਲ ਚੜ੍ਹਦੇ ਪੰਜਾਬ ਦੇ ਦੋ ਲੇਖਕਾਂ ਅਤੇ ਇਕ ਪੰਜਾਬੀ ਗਾਇਕ ਦਾ ਸਨਮਾਨ ਕਰਨ ਦਾ ਐਲਾਨ ਕੀਤਾ ਹੈ। ਕਮੇਟੀ ਵੱਲੋਂ ਇਹ ਪੁਰਸਕਾਰ ਪ੍ਰਸਿੱਧ ਪੰਜਾਬੀ ਕਹਾਣੀਕਾਰ ਵਰਿਆਮ ਸਿੰਘ ਸੰਧੂ, ਪੰਜਾਬੀ ਕਵੀ ਰਵਿੰਦਰ ਰਵੀ (ਕੈਨੇਡਾ) ਤੇ ਪੰਜਾਬੀ ਗਾਇਕ ਗੁਰਦਾਸ ਮਾਨ ਨੂੰ ਦਿੱਤਾ ਜਾਵੇਗਾ। ਇਸ ਦੇ ਨਾਲ ਹੀ ‘ਵਾਰਿਸ ਸ਼ਾਹ ਅੰਤਰ-ਰਾਸ਼ਟਰੀ ਪੁਰਸਕਾਰ’ ਨਾਲ ਲਹਿੰਦੇ ਪੰਜਾਬ ਦੇ ਮੁੱਖ ਪੰਜਾਬੀ ਲੇਖਕਾਂ, ਗਾਇਕਾਂ ਅਤੇ ਮਾਂ ਬੋਲੀ ਪੰਜਾਬੀ ਦੇ ਸੇਵਕਾਂ ਦੇ ਸਨਮਾਨ ਦਾ ਐਲਾਨ ਵੀ ਕੀਤਾ ਗਿਆ।

# ਸਪੇਨ ਆਧਾਰਿਤ ਐੱਨ.ਆਰ.ਆਈ. ਹਰਜੀਤ ਸਿੰਘ ਪੰਜਾਬ ’ਚ ਅੱਤਵਾਦੀ ਫੰਡਿੰਗ, ਟਾਰਗੇਟ ਕਿਲਿੰਗ ਦੀ ਸਾਜ਼ਿਸ਼ ਰਚਣ ਦੇ ਦੋਸ਼ ’ਚ ਗ੍ਰਿਫਤਾਰ

**ਚੰਡੀਗੜ੍ਹ, (ਪੰਜਾਬ ਮੇਲ)-** ਪੰਜਾਬ ਨੂੰ ਸੁਰੱਖਿਅਤ ਸੂਬਾ ਬਣਾਉਣ ਲਈ ਚਲਾਈ ਜਾ ਰਹੀ ਮੁਹਿੰਮ ਤਹਿਤ ਪੰਜਾਬ ਪੁਲਿਸ ਦੇ ਸਟੇਟ ਸਪੈਸ਼ਲ ਆਪ੍ਰੇਸ਼ਨ ਸੈੱਲ (ਐੱਸ.ਐੱਸ.ਓ.ਸੀ.) ਨੇ ਸਪੇਨ ਆਧਾਰਿਤ ਭਾਰਤੀ ਨਾਗਰਿਕ ਹਰਜੀਤ ਸਿੰਘ ਨੂੰ ਦਹਿਸ਼ਤੀ ਫੰਡਿੰਗ ਅਤੇ ਰਾਜ ਵਿਚ ਟਾਰਗੇਟ ਕਿਲਿੰਗ ਨੂੰ ਅੰਜਾਮ ਦੇਣ ਦੀ ਯੋਜਨਾ ਵਿਚ ਸ਼ਾਮਲ ਹੋਣ ਕਰਕੇ ਇੰਦਰਾ ਗਾਂਧੀ ਅੰਤਰਰਾਸ਼ਟਰੀ ਹਵਾਈ ਅੱਡੇ, ਨਵੀਂ ਦਿੱਲੀ ਤੋਂ ਗ੍ਰਿਫਤਾਰ ਕੀਤਾ ਹੈ।

ਪੁਲਿਸ ਟੀਮਾਂ ਨੇ ਹਰਜੀਤ ਸਿੰਘ ਦੇ ਨਜ਼ਦੀਕੀ ਸਾਥੀ ਅਮਰਿੰਦਰ ਸਿੰਘ ਉਰਫ ਬੰਟੀ ਨੂੰ ਵੀ ਉਸਦੇ ਪਿੱਤਰੀ ਜ਼ਿਲ੍ਹੇ ਖੰਨਾ ਤੋਂ ਗ੍ਰਿਫਤਾਰ ਕੀਤਾ ਹੈ।

ਇਹ ਕਾਰਵਾਈ ਪੰਜਾਬ ਪੁਲਿਸ ਵੱਲੋਂ ਖਾਲਿਸਤਾਨ ਲਿਬਰੇਸ਼ਨ ਫੋਰਸ (ਕੇ.ਐੱਲ.ਐੱਫ.) ਨਾਲ ਜੁੜੀਆਂ ਵਿਦੇਸ਼ੀ ਸੰਸਥਾਵਾਂ ਦੁਆਰਾ ਸੰਚਾਲਿਤ, ਇੱਕ ਟਾਰਗੇਟ ਕਿਲਿੰਗ ਮਾਡਿਊਲ ਦੇ ਪੰਜ ਮੈਂਬਰਾਂ ਦੀ ਗ੍ਰਿਫਤਾਰੀ ਨਾਲ, ਇਸ ਮਾਡਿਊਲ ਦੇ ਪਰਦਾਫਾਸ਼ ਕੀਤੇ ਜਾਣ ਤੋਂ ਇੱਕ ਹਫ਼ਤੇ ਤੋਂ ਵੀ ਘੱਟ ਸਮੇਂ ਅੰਦਰ ਅੰਜਾਮ ਦਿੱਤੀ ਗਈ । ਇਸ ਸਬੰਧੀ ਜਾਣਕਾਰੀ ਸਾਂਝੀ ਕਰਦਿਆਂ ਏ.ਆਈ.ਜੀ. ਐੱਸ.ਐੱਸ.ਓ.ਸੀ. ਐੱਸ.ਏ.ਐੱਸ. ਨਗਰ ਅਸ਼ਵਨੀ ਕਪੂਰ ਨੇ ਦੱਸਿਆ ਕਿ ਉਨ੍ਹਾਂ ਨੂੰ ਸੂਹ ਮਿਲੀ ਸੀ ਕਿ ਗੁਰਦਾਸਪੁਰ ਦੇ ਪਿੰਡ ਘਣਸ਼ਾਮਪੁਰ ਦਾ ਮੂਲ ਵਾਸੀ ਭਾਰਤੀ ਨਾਗਰਿਕ ਹਰਜੀਤ ਸਿੰਘ ਕਰੀਬ ਇੱਕ ਮਹੀਨਾ ਪਹਿਲਾਂ ਭਾਰਤ ਆਇਆ ਸੀ ਅਤੇ ਦਹਿਸ਼ਤਗਰਦੀ ਨੂੰ ਵਿੱਤੀ ਸਹਾਇਤਾ ਦੇਣ ਦੀਆਂ ਗਤੀਵਿਧੀਆਂ ਵਿਚ ਸ਼ਾਮਲ ਹੈ। ਉਹ ਰਾਜ ਵਿਚ ਕੁਝ ਟਾਰਗੇਟ ਕਿਲਿੰਗ ਨੂੰ ਅੰਜਾਮ ਦੇਣ ਦੀ ਯੋਜਨਾ ਬਣਾ ਰਿਹਾ ਸੀ ਅਤੇ ਨਵੀਂ ਦਿੱਲੀ ਦੇ ਇੰਦਰਾ ਗਾਂਧੀ ਅੰਤਰਰਾਸ਼ਟਰੀ ਹਵਾਈ ਅੱਡੇ ਤੋਂ ਅੰਤਰਰਾਸ਼ਟਰੀ ਉਡਾਣ ਰਾਹੀਂ ਸਪੇਨ ਲਈ ਰਵਾਨਾ ਹੋਣ ਦੀ ਫਿਰਾਕ ਵਿਚ ਸੀ।







# ਨਿਊਯਾਰਕ ’ਚ ਪੁੱਜੇ 1 ਲੱਖ ਤੋਂ ਵੱਧ ਗ਼ੈਰ-ਕਾਨੂੰਨੀ ਪ੍ਰਵਾਸੀ !

**■ ਫੁੱਟਪਾਥਾਂ ’ਤੇ ਰਹਿਣ ਲਈ ਮਜਬੂਰ, ਪ੍ਰਸ਼ਾਸਨ ਨੇ ਲਾਏ ਟੈਂਟ**

**ਨਿਊਯਾਰਕ, (ਰਾਜ ਗੋਗਨਾ/ਪੰਜਾਬ ਮੇਲ)-** ਦੁਨੀਆਂ ਭਰ ਤੋਂ ਪ੍ਰਵਾਸੀਆਂ ਦੀ ਆਮਦ ਕਾਰਨ ਅਮਰੀਕੀ ਲੋਕਾਂ ਨੂੰ ਬਹੁਤ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਤਾਜ਼ਾ ਮਾਮਲਾ ਨਿਊਯਾਰਕ ਦਾ ਹੈ, ਜਿੱਥੇ 1 ਲੱਖ ਤੋਂ ਵੱਧ ਗੈਰ-ਕਾਨੂੰਨੀ ਪ੍ਰਵਾਸੀਆਂ ਦੇ ਪਹੁੰਚਣ ਨਾਲ ਸ਼ਹਿਰ ਵਿਚ ਹਫੜਾ-ਦਫੜੀ ਮਚ ਗਈ ਹੈ। ਨਿਊਯਾਰਕ ਵਿਚ ਬੇਘਰ ਲੋਕਾਂ ਦੀ ਗਿਣਤੀ ਵੀ ਦੁੱਗਣੀ ਹੋ ਗਈ ਹੈ। ਨਿਊਯਾਰਕ ਦੇ ਰੂਜ਼ਵੈਲਟ ਹੋਟਲ ’ਚ ਲੱਗੇ ਰਾਹਤ ਕੈਂਪ ’ਚ ਦਾਖਲ ਹੋਣ ਲਈ ਕਈ ਲੋਕ ਦਿਨ-ਰਾਤ ਲਾਈਨਾਂ ’ਚ ਲੱਗੇ ਹੋਏ ਹਨ। 200 ਤੋਂ ਵੱਧ ਗੈਰ-ਕਾਨੂੰਨੀ ਪ੍ਰਵਾਸੀ ਫੁੱਟਪਾਥ ’ਤੇ ਸੌਂ ਰਹੇ ਹਨ। ਜ਼ਿਕਰਯੋਗ ਹੈ ਕਿ ਨਿਊਯਾਰਕ ’ਚ ਕਾਨੂੰਨੀ ਤੌਰੇ ’ਤੇ ਜੇਕਰ ਕੋਈ ਵਿਅਕਤੀ ਸ਼ਰਨ ਮੰਗਦਾ ਹੈ, ਤਾਂ ਉਸ ਨੂੰ ਰਾਹਤ ਕੈਂਪ ’ਚ ਦਾਖ਼ਲਾ ਦੇਣਾ ਜ਼ਰੂਰੀ ਹੈ।

1 ਮਹੀਨੇ ਤੋਂ ਵੱਧ ਸਮੇਂ ਦੀ ਯਾਤਰਾ ਕਰਨ ਤੋਂ ਬਾਅਦ ਇੱਥੇ ਪੁੱਜੇ ਪੱਛਮੀ ਅਫ਼ਰੀਕਾ ਦੇ 20 ਸਾਲਾ ਮੌਰੀਤਾਨੀਆ ਸਿਦੀਆ ਮੁਹੰਮਦਓ ਨੇ ਕਿਹਾ ਕਿ ਅਸੀਂ ਇੱਥੇ ਸੁਰੱਖਿਆ ਲਈ ਆਏ ਸੀ ਪਰ ਅਸਫ਼ਲ ਰਹੇ। ਵੈਨੇਜ਼ੁਏਲਾ ਦੇ ਐਰਿਕ ਮਾਰਕਾਨੋ ਪਿਛਲੇ ਹਫ਼ਤੇ ਤੋਂ ਇੱਥੇ ਇੱਕ ਰਾਹਤ ਕੈਂਪ ਵਿਚ ਦਾਖਲਾ ਪਾਸ ਦੀ ਉਡੀਕ ਕਰ ਰਹੇ ਹਨ ਪਰ ਕਹਿੰਦੇ ਹਨ ਕਿ ਲਾਈਨ ਬਹੁਤ ਹੌਲੀ-ਹੌਲੀ ਵੱਧ ਰਹੀ ਹੈ। ਐਰਿਕ ਪੇਸ਼ੇ ਤੋਂ ਮਜ਼ਦੂਰ ਹੈ। ਐਰਿਕ ਕੁਝ ਦਿਨ ਪਹਿਲਾਂ ਸਰਹੱਦ ਪਾਰ ਕਰਕੇ ਨਿਊਯਾਰਕ ਆਇਆ ਸੀ। ਉਨ੍ਹਾਂ ਕਿਹਾ ਕਿ ਇੰਤਜ਼ਾਰ ਕਰਨ ਤੋਂ ਬਿਨਾਂ ਕੋਈ ਹੋਰ ਰਸਤਾ ਨਹੀਂ ਹੈ।

ਉਥੇ ਹੀ ਨਿਊਯਾਰਕ ਦੇ ਮੇਅਰ ਨੇ ਕਿਹਾ ਕਿ ਹਰੇਕ ਨੂੰ ਲੋੜੀਂਦੀ ਮਦਦ ਮਿਲ ਰਹੀ ਹੈ। ਰਾਹਤ ਕੈਂਪ ਵਿਚ ਥਾਂ ਨਹੀਂ, ਇਸ ਲਈ ਪ੍ਰਸ਼ਾਸਨ ਨੇ ਟੈਂਟ ਲਗਾ ਦਿੱਤੇ ਹਨ। ਬਹੁਤ ਸਾਰੇ ਸਰਕਾਰੀ ਦਫ਼ਤਰਾਂ ਅਤੇ ਇਮਾਰਤਾਂ ਵਿਚ ਲੋਕਾਂ ਦੇ ਰਹਿਣ ਲਈ ਪ੍ਰਬੰਧ ਕੀਤੇ ਗਏ ਹਨ ਪਰ ਇਹ ਸਭ ਕਾਫ਼ੀ ਨਹੀਂ ਹੈ। ਨਿਊਯਾਰਕ ਦਾ ਕਹਿਣਾ ਹੈ ਕਿ ਇਸ ਸੰਕਟ ’ਚੋਂ ਨਿਕਲਣ ਲਈ 34 ਹਜ਼ਾਰ ਕਰੋੜ ਰੁਪਏ ਖਰਚ ਹੋਣਗੇ, ਜਦਕਿ ਫੈਡਰਲ ਸਰਕਾਰ ਤੋਂ ਸਿਰਫ਼ 248 ਕਰੋੜ ਰੁਪਏ ਹੀ ਮਿਲੇ ਹਨ। ਨਿਊਯਾਰਕ ਦੇ ਮੇਅਰ ਐਰਿਕ ਐਡਮਜ਼ ਨੇ ਰਾਜ ਅਤੇ ਸੰਘੀ ਸਰਕਾਰ ਤੋਂ ਮਦਦ ਮੰਗੀ ਹੈ। ਸਰਕਾਰੀ ਤੰਤਰ ਲੋਕਾਂ ਨੂੰ ਰਿਹਾਇਸ਼ ਮੁਹੱਈਆ ਕਰਵਾਉਣ ਵਿਚ ਫੇਲ੍ਹ ਹੋ ਰਿਹਾ ਹੈ। ਸਰਕਾਰੀ ਕਰਮਚਾਰੀ ਹੁਣ ਬੇਘਰ ਲੋਕਾਂ ਨੂੰ ਪਨਾਹ ਦੇਣ ਤੋਂ ਬਚਦੇ ਨਜ਼ਰ ਆ ਰਹੇ ਹਨ। ਮੇਅਰ ਦੇ ਬੁਲਾਰੇ ਫੈਬੀਅਨ ਲੇਵੀ ਦਾ ਕਹਿਣਾ ਹੈ ਕਿ ਪ੍ਰਸ਼ਾਸਨ ਆਉਣ ਵਾਲੇ ਦਿਨਾਂ ਵਿਚ 2 ਵੱਡੇ ਰਾਹਤ ਕੈਂਪ ਸਥਾਪਤ ਕਰਨ ਜਾ ਰਿਹਾ ਹੈ। ਕਵੀਂਸ ਦੇ ਇੱਕ ਮਨੋਵਿਗਿਆਨਕ ਹਸਪਤਾਲ ਦੀ ਪਾਰਕਿੰਗ ਵਿਚ ਬਣਾਏ ਜਾਣ ਵਾਲੇ ਕੈਂਪ ਵਿਚ 1,000 ਲੋਕਾਂ ਦੀ ਸਮਰੱਥਾ ਹੋਵੇਗੀ।

# 2 ਮਿਲੀਅਨ ਡਾਲਰ ਦੀ ਭੰਗ ਅਮਰੀਕਾ ਲਿਜਾ ਰਿਹਾ ਭਾਰਤੀ-ਕੈਨੇਡੀਅਨ ਟਰੱਕ ਡਰਾਈਵਰ ਗ੍ਰਿਫ਼ਤਾਰ

**ਨਿਊਯਾਰਕ, (ਰਾਜ ਗੋਗਨਾ/ਪੰਜਾਬ ਮੇਲ)-** ਕੈਨੇਡਾ ਅਤੇ ਅਮਰੀਕਾ ਵਿਚਕਾਰ ਅੰਤਰਰਾਸ਼ਟਰੀ ਪੁਲ ਪੀਸ ਬ੍ਰਿਜ ’ਤੇ ਬੀਤੇ ਵੀਰਵਾਰ ਇਕ ਭਾਰਤੀ ਕੈਨੇਡੀਅਨ ਟਰੱਕ ਡਰਾਈਵਰ ਨੂੰ 2 ਮਿਲੀਅਨ ਡਾਲਰ ਦੀ ਮਾਰਿਜੁਆਨਾ (ਭੰਗ) ਨਾਲ ਫੜਿਆ ਗਿਆ। ਹੋਮਲੈਂਡ ਸਕਿਓਰਿਟੀ ਇਨਵੈਸਟੀਗੇਸ਼ਨਜ਼ ਏਜੰਟ ਡੇਵਿਡ ਸਵੀਚ ਜੂਨੀਅਰ ਵੱਲੋਂ ਦਿੱਤੇ ਹਲਫਨਾਮੇ ਅਨੁਸਾਰ ਕਸਟਮ ਅਤੇ ਬਾਰਡਰ ਪੈਟਰੋਲ ਦੇ ਅਧਿਕਾਰੀਆਂ ਨੇ ਜਦੋਂ ਟਰੱਕ ਦੀ ਤਲਾਸ਼ੀ ਲਈ ਤਾਂ ਭਾਰਤੀ ਮੂਲ ਦੇ ਡਰਾਈਵਰ ਅਜੈਪਾਲ ਢਿੱਲੋਂ ਦੇ ਟਰੱਕ ਵਿਚੋਂ 949 ਕਿਲੋਗ੍ਰਾਮ ਭੰਗ (ਮਾਰਿਜੁਆਨਾ) ਅਤੇ 51 ਕਿਲੋਗ੍ਰਾਮ ਨਸ਼ੀਲਾ ਕੀਟਾਮਾਈਨ ਪਦਾਰਥ ਬਰਾਮਦ ਹੋਇਆ, ਜੋ ਕੇ ਟਰੇਲਰ ਦੇ ਬਕਸੇ ਵਿਚ ਲੁਕਾ ਕੇ ਰੱਖਿਆ ਗਿਆ ਸੀ।

ਇਸ ਬਰਾਮਦੀ ਮਗਰੋਂ ਟਰੱਕ ਡਰਾਈਵਰ ’ਤੇ ਵੰਡਣ ਦੇ ਇਰਾਦੇ ਨਾਲ ਮਾਰਿਜੁਆਨਾ ਰੱਖਣ ਅਤੇ ਜਾਣਬੁੱਝ ਕੇ ਅਮਰੀਕਾ ਵਿਚ ਮਾਰਿਜੁਆਨਾ ਆਯਾਤ ਕਰਨ ਦਾ ਦੋਸ਼ ਲਗਾਇਆ ਗਿਆ। ਸਵੀਚ ਜੂਨੀਅਰ ਨੇ ਦੋਸ਼ ਲਗਾਇਆ ਕਿ ਢਿੱਲੋਂ ਦੇ ਟਰੱਕ ਵਿਚ ਇੱਕ ਮੈਨੀਫੈਸਟ ਸੀ, ਜੋ ਇਹ ਦਰਸਾਉਂਦਾ ਸੀ ਕਿ ਉਹ ਜਾਰਜੀਆ ਵਿਚ ਇੱਕ ਕਰਿਆਨੇ ਦੀ ਦੁਕਾਨ ਵਿਚ ਫਰੋਜ਼ਨ ਵੈਫਲਜ਼ ਦੀ ਖੇਪ ਲਿਜਾ ਰਿਹਾ ਸੀ ਪਰ ਕਥਿਤ ਤੌਰ ’ਤੇ ਵੈਫਲਜ਼ ਨੂੰ ਸ਼ਿਪਿੰਗ ਕਰਨ ਵਾਲੀ ਕੰਪਨੀ ਨੇ ਅਧਿਕਾਰੀਆਂ ਨੂੰ ਦੱਸਿਆ ਕਿ ਇਹ ਇੱਕ ਫਰਜ਼ੀ ਮੈਨੀਫੈਸਟ ਹੈ।

# ਅਮਰੀਕਾ ਨੇ ਐੱਚ-1ਬੀ ਵੀਜ਼ਾ ਲਈ ਦੂਜਾ ਲਾਟਰੀ ਦੌਰ ਕੀਤਾ ਪੂਰਾ

**■ ਸਫਲ ਉਮੀਦਵਾਰਾਂ ਨੂੰ ਕੀਤਾ ਗਿਆ ਸੂਚਿਤ**

**ਵਾਸ਼ਿੰਗਟਨ, (ਪੰਜਾਬ ਮੇਲ)-** ਅਮਰੀਕਾ ਨੇ ਵਿਦੇਸ਼ੀ ਪੇਸ਼ੇਵਰਾਂ ਵੱਲੋਂ ਬਹੁਤ ਜ਼ਿਆਦਾ ਮੰਗੇ ਜਾਣ ਵਾਲੇ ਐੱਚ-1ਬੀ ਵਰਕ ਵੀਜ਼ੇ ਲਈ ਰੈਂਡਮ ਲਾਟਰੀ ਚੋਣ ਦਾ ਦੂਜਾ ਦੌਰ ਪੂਰਾ ਕਰ ਲਿਆ ਹੈ ਅਤੇ ਸਫਲ ਬਿਨੈਕਾਰਾਂ ਨੂੰ ਸੂਚਿਤ ਕਰ ਦਿੱਤਾ ਗਿਆ ਹੈ। ਇਕ ਸੰਘੀ ਏਜੰਸੀ ਨੇ ਇਸ ਸਬੰਧੀ ਜਾਣਕਾਰੀ ਦਿੱਤੀ। ਜ਼ਿਕਰਯੋਗ ਹੈ ਕਿ ਐੱਚ-1ਬੀ ਵੀਜ਼ਾ ਇਕ ਗੈਰ-ਪ੍ਰਵਾਸੀ ਵੀਜ਼ਾ ਹੈ, ਜੋ ਅਮਰੀਕੀ ਕੰਪਨੀਆਂ ਨੂੰ ਵਿਸ਼ੇਸ਼ ਕਿੱਤਿਆਂ ਵਿਚ ਵਿਦੇਸ਼ੀ ਕਾਮਿਆਂ ਨੂੰ ਨਿਯੁਕਤ ਕਰਨ ਦੀ ਇਜਾਜ਼ਤ ਦਿੰਦਾ ਹੈ, ਜਿਨ੍ਹਾਂ ਲਈ ਸਿਧਾਂਤਕ ਜਾਂ ਤਕਨੀਕੀ ਮੁਹਾਰਤ ਦੀ ਲੋੜ ਹੁੰਦੀ ਹੈ। ਤਕਨਾਲੋਜੀ ਕੰਪਨੀਆਂ ਭਾਰਤ ਅਤੇ ਚੀਨ ਵਰਗੇ ਦੇਸ਼ਾਂ ਤੋਂ ਹਰ ਸਾਲ ਹਜ਼ਾਰਾਂ ਕਰਮਚਾਰੀਆਂ ਨੂੰ ਨਿਯੁਕਤ ਕਰਨ ਲਈ ਇਸ ’ਤੇ ਨਿਰਭਰ ਕਰਦੀਆਂ ਹਨ।

ਯੂ.ਐੱਸ. ਸਿਟੀਜ਼ਨਸ਼ਿਪ ਐਂਡ ਇਮੀਗ੍ਰੇਸ਼ਨ ਸਰਵਿਸਿਜ਼ ਨੇ ਕਿਹਾ, "ਅਸੀਂ ਵਿੱਤੀ ਸਾਲ 2024 ਦੀਆਂ ਬਾਕੀ ਰਹਿੰਦੀਆਂ ਰਜਿਸਟ੍ਰੇਸ਼ਨਾਂ ਵਿਚੋਂ ਰੈਂਡਮ ਢੰਗ ਨਾਲ ਚੋਣ ਕੀਤੀ ਹੈ, ਜੋ ਕੈਪ ਤੱਕ ਪਹੁੰਚਣ ਲਈ ਲੋੜੀਂਦੀ ਗਿਣਤੀ ਹੋਣ ਦਾ ਅਨੁਮਾਨ ਹੈ।" ਇਸ ਵਿਚ ਕਿਹਾ ਗਿਆ ਕਿ 1 ਅਕਤੂਬਰ ਤੋਂ ਸ਼ੁਰੂ ਹੋਣ ਵਾਲੇ ਵਿੱਤੀ ਸਾਲ ਲਈ ਐੱਚ-1ਬੀ ਵੀਜ਼ਾ ਲਈ ਯੋਗ ਸਾਰੇ ਸਫਲ ਬਿਨੈਕਾਰਾਂ ਨੂੰ ਇਸ ਬਾਰੇ ਸੂਚਿਤ ਕਰ ਦਿੱਤਾ ਗਿਆ ਹੈ। ਮੁੱਖ ਤੌਰ ’ਤੇ ਵੱਡੀ ਗਿਣਤੀ ਵਿਚ ਅਯੋਗ ਅਰਜ਼ੀਆਂ ਕਾਰਨ ਐੱਚ-1ਬੀ ਲਾਟਰੀ ਦਾ ਇਕ ਬੇਮਿਸਾਲ ਦੂਜਾ ਗੇੜ ਕਰਵਾਉਣਾ ਪਿਆ, ਜੋ ਅਪ੍ਰੈਲ ਦੇ ਪਹਿਲੇ ਹਫ਼ਤੇ ਵਿਚ ਆਯੋਜਿਤ ਕੀਤਾ ਜਾਂਦਾ ਹੈ।

# ਓਰਲੈਂਡੋ ’ਚ ਸ਼ੱਕੀ ਵਿਅਕਤੀ ਵੱਲੋਂ ਦੋ ਪੁਲਿਸ ਅਫਸਰਾਂ ’ਤੇ ਗੋਲੀਬਾਰੀ: ਗੰਭੀਰ ਜ਼ਖਮੀ

**■ ਇਕ ਹੋਟਲ ’ਚ ਹੋਏ ਮੁਕਾਬਲੇ ਵਿਚ ਸ਼ੱਕੀ ਦੀ ਵੀ ਹੋਈ ਮੌਤ**

**ਸੈਕਰਾਮੈਂਟੋ, (ਹੁਸਨ ਲੜੋਆ ਬੰਗਾ/ਪੰਜਾਬ ਮੇਲ)-** ਅਮਰੀਕਾ ਦੇ ਓਰਲੈਂਡੋ ਸ਼ਹਿਰ, ਫਲੋਰਿਡਾ ’ਚ ਇਕ ਸ਼ੱਕੀ ਵਿਅਕਤੀ ਵੱਲੋਂ ਚਲਾਈਆਂ ਗੋਲੀਆਂ ਨਾਲ ਦੋ ਪੁਲਿਸ ਅਫਸਰ ਗੰਭੀਰ ਜ਼ਖਮੀ ਹੋਣ ਦੀ ਖਬਰ ਹੈ। ਓਰਲੈਂਡੋ ਪੁਲਿਸ ਮੁਖੀ ਏਰਿਕ ਸਮਿੱਥ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਰਾਤ 11 ਵਜੇ ਦੇ ਕਰੀਬ ਪੁਲਿਸ ਅਫਸਰ ਮਿਆਮੀ ਹੱਤਿਆ ਕਾਂਡ ਦੀ ਜਾਂਚ ਤਹਿਤ ਟਰੈਫਿਕ ਸਟਾਪ ’ਤੇ ਇਕ ਵਾਹਣ ਦੀ ਜਾਂਚ ਕਰ ਰਹੇ ਸਨ, ਤਾਂ ਇਕ ਸ਼ੱਕੀ ਵਿਅਕਤੀ ਨੇ ਗੋਲੀਆਂ ਚਲਾ ਦਿੱਤੀਆਂ। ਸ਼ੱਕੀ ਦੋ ਪੁਲਿਸ ਅਫਸਰਾਂ ਨੂੰ ਜ਼ਖਮੀ ਕਰਕੇ ਇਕ ਕਾਰ ’ਚ ਫਰਾਰ ਹੋ ਗਿਆ। ਪੁਲਿਸ ਨੇ ਉਸ ਦਾ ਪਿੱਛਾ ਕੀਤਾ ਪਰੰਤੂ ਉਹ ਬਚ ਕੇ ਨਿਕਲ ਗਿਆ। ਇਸ ਤੋਂ ਕੋਈ 7 ਘੰਟੇ ਬਾਅਦ ਪੁਲਿਸ ਨੇ ਯੂਨੀਵਰਸਲ ਓਰਲੈਂਡੋ ਰਿਜ਼ਾਰਟ ਨੇੜੇ ਹਾਲੀਡੇਅ ਇਨ ਹੋਟਲ ਵਿਚ ਸ਼ੱਕੀ ਨੂੰ ਲੱਭ ਲਿਆ। ਪੁਲਿਸ ਨੇ ਹੋਟਲ ਨੂੰ ਖਾਲੀ ਕਰਵਾਉਣ ਉਪਰੰਤ ਸ਼ੱਕੀ ਵਿਅਕਤੀ ਜਿਸ ਨੇ ਆਪਣੇ ਆਪ ਨੂੰ ਇਕ ਕਮਰੇ ਵਿਚ ਬੰਦ ਕਰ ਲਿਆ ਸੀ, ਨੂੰ ਬਾਹਰ ਆਉਣ ਲਈ ਕਿਹਾ ਪਰੰਤੂ ਉਸ ਨੇ ਬਾਹਰ ਆਉਣ ਦੀ ਬਜਾਏ ਪੁਲਿਸ ਅਫਸਰਾਂ ਉਪਰ ਗੋਲੀਆਂ ਚਲਾ ਦਿੱਤੀਆਂ। ਜਵਾਬੀ ਕਾਰਵਾਈ ਵਿਚ ਸ਼ੱਕੀ ਵਿਅਕਤੀ ਜ਼ਖਮੀ ਹੋ ਗਿਆ, ਜੋ ਬਾਅਦ ਵਿਚ ਦਮ ਤੋੜ ਗਿਆ। ਸ਼ੱਕੀ ਦੀ ਪਛਾਣ ਡੇਟਨ ਵੀਲ (28) ਵਜੋਂ ਹੋਈ ਹੈ। ਸਮਿੱਥ ਨੇ ਕਿਹਾ ਕਿ ਵੀਲ ਦਾ ਅਪਰਾਧਕ ਪਿਛੋਕੜ ਹੈ। ਜ਼ਖਮੀ ਪੁਲਿਸ ਅਫਸਰਾਂ ਨੂੰ ਓਰਲੈਂਡੋ ਰੀਜਨਲ ਮੈਡੀਕਲ ਸੈਂਟਰ ’ਚ ਦਾਖਲ ਕਰਵਾਇਆ ਗਿਆ ਹੈ, ਜਿਥੇ ਡਾਕਟਰਾਂ ਨੇ ਉਨਾਂ ਦੇ ਛੇਤੀ ਸਿਹਤਯਾਬ ਹੋਣ ਦੀ ਆਸ ਪ੍ਰਗਟਾਈ ਹੈ।

Global Allianz
ਕਾਨੂੰਨੀ ਸਲਾਹਾਂ
LAW FIRM LLP
■ ਇਮੀਗਰੇਸ਼ਨ ਸੇਵਾਵਾਂ
■ ਘਰੇਲੂ ਹਿੰਸਾ ਦੇ ਕੇਸ
■ ਨਸ਼ਾ ਕਰਕੇ ਗੱਡੀ ਚਲਾਉਣਾ
■ ਕੰਮ ’ਤੇ ਸੱਟ ਲਗਣਾ
Asylum & Deportation Defense

Atul Kapoor
C.E.O

Neat Allen Sawyer
Attorney at law
555 Capitol Mall SUITE 1245, Sacramento, CA 95814
Phone:209-808-2136, 209-952-5578, 1-916-806-7042, Fax: 209-476-7188

# 2024 ਦੀਆਂ ਅਮਰੀਕੀ ਚੋਣਾਂ 'ਚ ਬਾਇਡਨ ਨੂੰ ਟਰੰਪ ਦੇਣਗੇ ਜ਼ਬਰਦਸਤ ਟੱਕਰ : ਸਰਵੇ



**ਨਿਊਯਾਰਕ, (ਪੰਜਾਬ ਮੇਲ)**-ਇਕ ਸਰਵੇਖਣ ਅਨੁਸਾਰ ਅਮਰੀਕੀ ਰਾਸ਼ਟਰਪਤੀ ਜੋਅ ਬਾਇਡਨ ਇਕ ਸਾਲ ਪਹਿਲਾਂ ਦੇ ਮੁਕਾਬਲੇ 2024 ਦੇ ਰਾਸ਼ਟਰਪਤੀ ਅਹੁਦੇ ਦੀ ਚੋਣ ਲਈ ਮਜ਼ਬੂਤੀ ਨਾਲ ਅੱਗੇ ਵਧ ਰਹੇ ਹਨ। ਉਨ੍ਹਾਂ ਦੀ ਪ੍ਰਵਾਨਗੀ ਰੇਟਿੰਗ ਉੱਪਰ ਵੱਲ ਵਧ ਰਹੀ ਹੈ। ਅਜਿਹਾ ਲੱਗਦਾ ਹੈ ਕਿ ਬਾਇਡਨ ਉਸ ਰਾਜਨੀਤਿਕ ਖ਼ਤਰੇ 'ਚੋਂ ਨਿਕਲ ਆਏ ਹਨ, ਜਿਸ ਦਾ ਪਰਛਾਵਾਂ ਪਿਛਲੇ ਸਾਲ ਉਨ੍ਹਾਂ 'ਤੇ ਸੀ, ਜਦੋਂ ਉਨ੍ਹਾਂ ਦੀ ਪਾਰਟੀ ਦੇ ਲਗਭਗ ਦੋ-ਤਿਹਾਈ ਲੋਕ ਰਾਸ਼ਟਰਪਤੀ ਅਹੁਦੇ ਲਈ ਇਕ ਵੱਖਰਾ ਉਮੀਦਵਾਰ ਚਾਹੁੰਦੇ ਸਨ। ਹੁਣ ਡੈਮੋਕ੍ਰੇਟਸ ਨੇ ਮੋਟੇ ਤੌਰ 'ਤੇ ਉਨ੍ਹਾਂ ਨੂੰ ਆਪਣੇ ਝੰਡਾ ਬਰਦਾਰ ਦੇ ਰੂਪ 'ਚ ਸਵੀਕਾਰ ਕਰ ਲਿਆ ਹੈ।

ਡੈਮੋਕ੍ਰੇਟਸ ਲਈ ਸਭ ਤੋਂ ਚਿੰਤਾ ਦੀ ਗੱਲ ਇਹ ਹੈ ਕਿ ਸਰਵੇਖਣ 'ਚ ਬਾਇਡਨ ਨੂੰ ਸਾਬਕਾ ਰਾਸ਼ਟਰਪਤੀ ਡੋਨਾਲਡ ਟਰੰਪ ਤੋਂ ਜ਼ਬਰਦਸਤ ਟੱਕਰ 'ਚ ਪਾਇਆ ਗਿਆ ਹੈ, ਜਿਨ੍ਹਾਂ ਨੇ ਸੰਭਾਵੀ ਰਿਪਬਲੀਕਨ ਪ੍ਰਾਇਮਰੀ ਵੋਟਰਾਂ 'ਚ ਇਕ ਮਜ਼ਬੂਤ ਵਾਧਾ ਹਾਸਲ ਕੀਤਾ ਭਾਵੇਂ ਉਹ 2 ਅਪਰਾਧਿਕ ਮੁਕੱਦਮਿਆਂ ਦਾ ਸਾਹਮਣਾ ਕਰ ਰਹੇ ਹੋਣ।

ਸਰਵੇਖਣ ਅਨੁਸਾਰ 2024 'ਚ ਇਕ ਕਾਲਪਨਿਕ ਵੋਟਿੰਗ 'ਚ ਬਾਇਡਨ ਅਤੇ ਟਰੰਪ 43 ਫ਼ੀਸਦੀ 'ਤੇ ਬਰਾਬਰ 'ਤੇ ਰਹੇ। ਟਰੰਪ ਪ੍ਰਤੀ ਵੋਟਰਾਂ ਦੇ ਡਰ ਅਤੇ ਨਾਪਸੰਦੀ ਦੀਆਂ ਭਾਵਨਾਵਾਂ ਤੋਂ ਬਾਇਡਨ ਉਤਸ਼ਾਹਤ ਹਨ। ਚੋਣਾਂ ਤੋਂ ਇਕ ਸਾਲ ਪਹਿਲਾਂ ਸਰਵੇਖਣ 'ਚ ਸ਼ਾਮਲ ਲੋਕਾਂ 'ਚੋਂ 16 ਫ਼ੀਸਦੀ ਨੇ ਬਾਇਡਨ ਅਤੇ ਟਰੰਪ ਦੋਵਾਂ ਪ੍ਰਤੀ ਵਿਰੋਧ ਵਿਚਾਰ ਰੱਖੇ ਸਨ, ਇਕ ਅਜਿਹਾ ਸਮਾਂ ਜਿਸ 'ਚ ਬਾਇਡਨ ਨੂੰ ਮਾਮੂਲੀ ਵਾਧਾ ਹਾਸਲ ਸੀ।

## ਦੋਸ਼ਾਂ ਨਾਲ 2024 ਦੀਆਂ ਰਾਸ਼ਟਰਪਤੀ ਚੋਣਾਂ 'ਚ ਮਿਲੇਗਾ ਫਾਇਦਾ : ਟਰੰਪ

**ਮਿੰਟਗੁਮਰੀ, (ਪੰਜਾਬ ਮੇਲ)**- ਸਾਬਕਾ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਇਕ ਅਪਰਾਧਿਕ ਮਾਮਲੇ 'ਚ ਤੀਜੀ ਵਾਰ ਅਦਾਲਤ 'ਚ ਪੇਸ਼ ਹੋਣ ਤੋਂ ਬਾਅਦ ਸ਼ੁੱਕਰਵਾਰ ਰਾਤ ਸਰਕਾਰੀ ਵਕੀਲਾਂ 'ਤੇ ਵਰ੍ਹਦਿਆਂ ਕਿਹਾ ਕਿ ਉਨ੍ਹਾਂ 'ਤੇ ਲੱਗੇ ਦੋਸ਼ਾਂ ਨਾਲ ਉਨ੍ਹਾਂ ਨੂੰ 2024 ਦੀ ਰਾਸ਼ਟਰਪਤੀ ਚੋਣ ਮੁਹਿੰਮ 'ਚ ਫਾਇਦਾ ਮਿਲੇਗਾ। ਟਰੰਪ ਨੇ ਅਲਾਬਾਮਾ ਵਿਚ ਰਿਪਬਲਿਕਨ ਡਿਨਰ ਦੌਰਾਨ ਕਿਹਾ, "ਜਦੋਂ ਵੀ ਉਹ ਮੁਕੱਦਮਾ ਦਾਇਰ ਕਰਦੇ ਹਨ, ਸਾਨੂੰ ਚੋਣਾਂ ਵਿਚ ਬੜ੍ਹਤ ਮਿੱਲ ਜਾਂਦੀ ਹੈ। ਇਸ ਚੋਣ ਦਾ ਅੰਤ ਕਰਨ ਲਈ ਸਾਨੂੰ ਇੱਕ ਹੋਰ ਇਲਜ਼ਾਮ ਦੀ ਲੋੜ ਹੈ। ਇੱਕ ਹੋਰ ਇਲਜ਼ਾਮ ਲੱਗਣ ਨਾਲ ਹੀ ਇਸ ਚੋਣ ਦਾ ਅੰਤ ਹੋ ਜਾਵੇਗਾ। ਕਿਸੇ ਨੂੰ ਮੌਕਾ ਨਹੀਂ ਮਿਲੇਗਾ।" ਟਰੰਪ ਨੇ ਵੀਰਵਾਰ ਦੀ ਸੁਣਵਾਈ ਦੌਰਾਨ 2020 ਦੀਆਂ ਚੋਣਾਂ ਵਿਚ ਮਿਲੀ ਹਾਰ ਦੇ ਨਤੀਜਿਆਂ ਨੂੰ ਉਲਟਾਉਣ ਦੀਆਂ ਆਪਣੀਆਂ ਕੋਸ਼ਿਸ਼ਾਂ ਨਾਲ ਜੁੜੇ ਦੋਸ਼ਾਂ ਨੂੰ ਸਵੀਕਾਰ ਨਹੀਂ ਕੀਤਾ। ਟਰੰਪ ਖਿਲਾਫ ਇਸ ਸਾਲ ਸ਼ੁਰੂ ਹੋਇਆ ਇਹ ਤੀਜਾ ਮੁਕੱਦਮਾ ਹੈ। ਇਹ ਮਾਮਲਾ ਸਭ ਤੋਂ ਗੰਭੀਰ ਮੰਨਿਆ ਜਾ ਰਿਹਾ ਹੈ। ਫੈਡਰਲ ਸਰਕਾਰ ਨੇ ਟਰੰਪ 'ਤੇ ਸੱਤਾ ਦੇ ਸ਼ਾਂਤੀਪੂਰਨ ਤਬਾਦਲੇ ਵਿਚ ਰੁਕਾਵਟ ਪਾਉਣ ਲਈ ਇਕ ਯੋਜਨਾ ਬਣਾਉਣ ਦਾ ਦੋਸ਼ ਲਗਾਇਆ ਹੈ। 6 ਜਨਵਰੀ 2021 ਨੂੰ ਜਦੋਂ ਸੰਸਦ ਰਾਸ਼ਟਰਪਤੀ ਚੋਣ ਵਿਚ ਜੋਅ ਬਾਇਡਨ ਦੀ ਜਿੱਤ ਦੀ ਪੁਸ਼ਟੀ ਕਰਨ ਵਾਲੀ ਸੀ, ਤਾਂ ਟਰੰਪ ਦੇ ਸਮਰਥਕਾਂ ਨੇ 'ਯੂ.ਐੱਸ. ਕੈਪੀਟਲ' (ਅਮਰੀਕੀ ਪਾਰਲੀਮੈਂਟ ਕੰਪਲੈਕਸ) ਵਿਚ ਧਾਵਾ ਬੋਲ ਦਿੱਤਾ ਅਤੇ ਭੰਨਤੋੜ ਕੀਤੀ। ਟਰੰਪ ਨੇ ਇਸ ਮਾਮਲੇ 'ਚ ਆਪਣੇ 'ਤੇ ਲਗਾਏ ਗਏ ਦੋਸ਼ਾਂ ਤੋਂ ਇਨਕਾਰ ਕੀਤਾ ਹੈ।


## ਸੁਪਰ ਸਟਾਰ ਮੇਗਨ ਬੀ ਸਟੈਲੀਅਨ ਨੂੰ ਗੋਲੀ ਮਾਰਨ ਦੇ ਦੋਸ਼ 'ਚ ਕੈਨੇਡੀਅਨ ਰੈਪਰ ਨੂੰ ਹੋਈ 10 ਸਾਲ ਦੀ ਜੇਲ੍ਹ



**ਨਿਊਯਾਰਕ, (ਰਾਜ ਗੋਗਨਾ/ਪੰਜਾਬ ਮੇਲ)**— ਕੈਨੇਡੀਅਨ ਰੈਪਰ ਟੋਰੀ ਲੈਨਜ਼ ਨੂੰ ਸਾਲ 2020 ਵਿਚ ਅਮਰੀਕੀ ਹਿੱਪ-ਹੌਪ ਸਟਾਰ ਮੇਗਨ ਬੀ ਸਟੈਲੀਅਨ ਨੂੰ ਗੋਲੀ ਮਾਰਨ ਦੇ ਦੋਸ਼ ਵਿਚ 10 ਸਾਲ ਕੈਦ ਦੀ ਸਜ਼ਾ ਸੁਣਾਈ ਗਈ ਹੈ। 31 ਸਾਲਾ ਲੈਨਜ਼, ਜਿਸਦਾ ਅਸਲੀ ਨਾਮ ਡੇਸਟਾਰ ਪੀਟਰਸਨ ਹੈ, ਨੂੰ ਦਸੰਬਰ 2022 'ਚ ਤਿੰਨ ਸੰਗੀਨ ਜੁਰਮਾਂ ਦਾ ਦੋਸ਼ੀ ਪਾਇਆ ਗਿਆ ਸੀ, ਜਿਨ੍ਹਾਂ ਵਿਚ ਇੱਕ ਅਰਧ-ਆਟੋਮੈਟਿਕ ਹਥਿਆਰ ਦੇ ਨਾਲ ਹਮਲਾ, ਦੂਜਾ ਇੱਕ ਵਾਹਨ ਵਿਚ ਲੋਡ ਗੈਰ ਰਜਿਸਟਰਡ ਅਸਲਾ ਰੱਖਣ ਅਤੇ ਲਾਪ੍ਰਵਾਹੀ ਦੇ ਨਾਲ ਹਥਿਆਰ ਰੱਖਣ ਦੇ ਦੋਸ਼ ਆਇਦ ਕੀਤੇ ਗਏ ਸਨ। ਪੂਰੇ ਦੋ ਦਿਨ ਚੱਲੀ ਸੁਣਵਾਈ ਤੋਂ ਬਾਅਦ ਮੰਗਲਵਾਰ ਦੁਪਹਿਰ ਨੂੰ ਲਾਸ ਏਂਜਲਸ ਦੇ ਜੱਜ ਨੇ ਉਸਨੂੰ ਸਜ਼ਾ ਸੁਣਾਈ। ਇਹ ਦੋਸ਼ ਜੁਲਾਈ 2020 'ਚ ਵਾਪਰੀ ਇੱਕ ਘਟਨਾ ਨਾਲ ਸਬੰਧਤ ਹਨ, ਜਿੱਥੇ ਕਾਇਲੀ ਜੇਨਰ ਦੁਆਰਾ ਆਯੋਜਿਤ ਇੱਕ ਪੂਲ ਪਾਰਟੀ ਤੋਂ ਬਾਅਦ ਇੱਕ ਬਹਿਸ ਦੌਰਾਨ ਲੈਨਜ਼ ਨੇ ਸਟੈਲੀਅਨ ਦੇ ਪੈਰ ਵਿਚ ਗੋਲੀ ਮਾਰ ਦਿੱਤੀ ਸੀ। ਸੋਮਵਾਰ ਨੂੰ ਸਟੈਲੀਅਨ ਦੇ ਇੱਕ ਲਿਖਤੀ ਬਿਆਨ ਵਿਚ ਕਿਹਾ ਗਿਆ ਹੈ ਕਿ ਉਸਨੇ ਗੋਲੀਬਾਰੀ ਤੋਂ ਬਾਅਦ "ਇੱਕ ਵੀ ਦਿਨ ਸ਼ਾਂਤੀ ਦਾ ਅਨੁਭਵ ਨਹੀਂ ਕੀਤਾ"। ਉਥੇ ਹੀ ਲੈਨਜ਼ ਨੇ ਜੱਜ ਵੱਲੋਂ ਸਜ਼ਾ ਸੁਣਾਉਣ ਤੋਂ ਪਹਿਲਾਂ ਅਦਾਲਤ ਨੂੰ ਸੰਬੋਧਿਤ ਕੀਤਾ। ਉਸਨੇ ਆਪਣੇ ਕੰਮਾਂ ਲਈ ਮੁਆਫੀ ਮੰਗੀ ਅਤੇ ਕਿਹਾ ਕਿ ਉਹ 2020 'ਚ ਹੋਈ ਗੋਲੀਬਾਰੀ ਦੀ ਪੂਰੀ ਜ਼ਿੰਮੇਵਾਰੀ ਲੈਂਦਾ ਹਾਂ। ਜੇ ਮੈਂ ਇਸਨੂੰ ਬਦਲ ਸਕਦਾ, ਤਾਂ ਮੈਂ ਅਜਿਹਾ ਜ਼ਰੂਰ ਕਰਦਾ, ਪਰ ਮੈਂ ਅਜਿਹਾ ਨਹੀਂ ਕਰ ਸਕਦਾ। ਉਸ ਰਾਤ ਜੋ ਵੀ ਮੈਂ ਕੀਤਾ, ਮੈਂ ਪੂਰੀ ਜ਼ਿੰਮੇਵਾਰੀ ਲੈਂਦਾ ਹਾਂ। ਮੈਂ ਸੱਚਮੁੱਚ ਇੱਕ ਬਿਹਤਰ ਵਿਅਕਤੀ ਬਣਨ ਦੀ ਕੋਸ਼ਿਸ਼ ਕਰ ਰਿਹਾ ਹਾਂ।

## ਸੰਘੀ ਅਦਾਲਤ ਦੀ ਜੱਜ ਨੇ ਟਰੰਪ ਨੂੰ ਚਿਤਾਵਨੀ ਦੇ ਕੇ ਅਦਾਲਤ 'ਚੋਂ ਜਾਣ ਦੀ ਦਿੱਤੀ ਪ੍ਰਵਾਨਗੀ

**ਅਗਲੀ ਪੇਸ਼ੀ 28 ਅਗਸਤ ਨੂੰ ਹੋਵੇਗੀ**



**ਇਕ ਚਿੱਤਰਕਾਰ ਵੱਲੋਂ ਸਾਬਕਾ ਰਾਸ਼ਟਰਪਤੀ ਡੋਨਲਡ ਟਰੰਪ ਦੀ ਪੇਸ਼ੀ ਸਮੇਂ ਅਦਾਲਤ ਦੇ ਅੰਦਰਲੇ ਦ੍ਰਿਸ਼ ਦਾ ਬਣਾਇਆ ਗਿਆ ਚਿੱਤਰ।**

**ਸੈਕਰਾਮੈਂਟੋ, (ਹੁਸਨ ਲੜੋਆ ਬੰਗਾ/ਪੰਜਾਬ ਮੇਲ)**- 2020 'ਚ ਰਾਸ਼ਟਰਪਤੀ ਚੋਣਾਂ ਦੇ ਨਤੀਜਿਆਂ ਨੂੰ ਉਲਟਾ ਦੇਣ ਦੀਆਂ ਕਥਿਤ ਕੋਸ਼ਿਸ਼ਾਂ ਦੇ ਦੋਸ਼ਾਂ ਦਾ ਸਾਹਮਣਾ ਕਰ ਰਹੇ ਸਾਬਕਾ ਰਾਸ਼ਟਰਪਤੀ ਡੋਨਲਡ ਟਰੰਪ ਨੂੰ ਵਾਸ਼ਿੰਗਟਨ ਦੀ ਇਕ ਸੰਘੀ ਅਦਾਲਤ ਦੇ ਜੱਜ ਵੱਲੋਂ ਚਿਤਾਵਨੀ ਦੇ ਕੇ ਅਦਾਲਤ ਵਿਚੋਂ ਜਾਣ ਦੀ ਪ੍ਰਵਾਨਗੀ ਦੇ ਦੇਣ ਦੀ ਖਬਰ ਹੈ। ਸਾਬਕਾ ਰਾਸ਼ਟਰਪਤੀ ਦੀ ਇਕ ਸੰਘੀ ਅਦਾਲਤ 'ਚ ਪੇਸ਼ੀ ਸਮੇਂ ਸੁਰੱਖਿਆ ਦੇ ਵਿਆਪਕ ਪ੍ਰਬੰਧ ਕੀਤੇ ਗਏ ਸਨ। ਯੂ.ਐੱਸ. ਮਜਿਸਟ੍ਰੇਟ ਜੱਜ ਮੌਕਸਿਲਾ ਏ ਉਪਾਧਿਆਇਆ ਨੇ ਹਾਲਾਂਕਿ ਟਰੰਪ ਨੂੰ ਬਿਨਾਂ ਕਿਸੇ ਯਾਤਰਾ ਪਾਬੰਦੀਆਂ ਜਾਂ ਕੈਸ਼ ਬੌਂਡ ਦੇ ਅਦਾਲਤ ਵਿਚੋਂ ਜਾਣ ਦੀ ਇਜਾਜ਼ਤ ਦੇ ਦਿੱਤੀ ਪਰੰਤੂ ਇਸ ਤੋਂ ਪਹਿਲਾਂ ਕਿ ਟਰੰਪ ਅਦਾਲਤ ਵਿਚੋਂ ਜਾਂਦੇ, ਉਪਾਧਿਆਇਆ ਨੇ ਸਾਬਕਾ ਰਾਸ਼ਟਰਪਤੀ ਨੂੰ ਰਿਹਾਅ ਕਰਨ ਦੀਆਂ ਸ਼ਰਤਾਂ ਦੱਸੀਆਂ ਤੇ ਇਨ੍ਹਾਂ ਸ਼ਰਤਾਂ ਦੀ ਉਲੰਘਣਾ ਕਰਨ 'ਤੇ ਚਿਤਾਵਨੀ ਵੀ ਦਿੱਤੀ। ਜੱਜ ਨੇ ਮਾਮਲੇ ਦੀ ਅਗਲੀ ਸੁਣਵਾਈ 28 ਅਗਸਤ 'ਤੇ ਪਾ ਦਿੱਤੀ ਹੈ। ਜੱਜ ਵੱਲੋਂ ਜਾਰੀ ਚਿਤਾਵਨੀ ਤੇ ਸ਼ਰਤਾਂ ਉਸੇ ਤਰ੍ਹਾਂ ਦੀਆਂ ਹਨ, ਜਿਸ ਤਰ੍ਹਾਂ ਦੀਆਂ ਸ਼ਰਤਾਂ ਮਿਆਮੀ ਸੰਘੀ ਅਦਾਲਤ ਨੇ ਸਾਬਕਾ ਰਾਸ਼ਟਰਪਤੀ ਦੀ ਰਿਹਾਈ ਸਮੇਂ ਦਿੱਤੀਆਂ ਸਨ, ਜਿਸ ਅਦਾਲਤ ਵਿਚ ਸਾਬਕਾ ਰਾਸ਼ਟਰਪਤੀ ਨੇ ਉਨ੍ਹਾਂ ਦੇ ਫਲੋਰਿਡਾ ਰਿਜ਼ਾਰਟ ਤੋਂ ਬਰਾਮਦ ਖੁਫੀਆ ਦਸਤਾਵੇਜ਼ਾਂ ਦੇ ਮਾਮਲੇ ਵਿਚ ਆਪਣੇ ਆਪ ਨੂੰ ਨਿਰਦੋਸ਼ ਦੱਸਿਆ ਸੀ।


TAKHAR URGENT CARE
& Family Medicine



Paramjit S. Takhar, M.D.
Board Certified Family Medicine

Originally from Shankar/Nakodar/Jalandhar
Extensive experience in Family Practice and Primary Care Over 25 years of Family Medicine experience with Kaiser Permanente

Onsite Services



www.takharfamilymedicine.com

EKG (Electrocardiogram), Blood Work, Pregnancy Test, Urine Analysis, TB Testing, Ear Irrigation, In-grown Toe Nail Removal

$100 First Office Visit
2nd Visit is ONLY $75
By appointment only. Please mention offer when scheduling appointment. Must present coupon at time of visit. Expires 12/31/17

- Men's & Women's Health
- Adult Physicals with Labs Drawn on Premises
- Well Woman Exams Including PAP Smears
- Pregnancy Testing
- School /College / Camp Physicals
- Diabetes & Diabetic Foot Care

- High Cholesterol
- Hypertension
- Heart Disease
- Headaches
- Thyroid Problems
- Asthma & Allergies
- Upper Respiratory Infections

- Urinary Tract Infection
- Sexual Dysfuntion
- Back & Neck Pain
- Immigration Physical
- Pre-Employment Physical
- DOT /Non-DOT Physicals
- Breath Alcohol Testing

We Speak : English, Hindi, Punjabi, Farsi & Spanish

916-688-8888
8191 Timberlake Way #400
Sacramento, CA 95823

We Accept Medicare, Medical & Cash Pay



EXPO
FURNITURE
Gallery





7310 Home Leisure Plaza
Sacramento, CA 95823
(916) 392-3233

11415 Folsom Blvd. STE #105
Rancho Cordova, CA 95742
(916) 635-3976

Promotion does not apply to previous purchases. 0% Financing available on approved credit - see store for details. "Up to 70% Off" items are available in-store only and are limited in quantity. They will be sold on a first come, first serve basis and may include floor model items, discontinued items and slightly imperfect items. Although every precaution is taken, errors in pricing/description may occur. We reserve the right to correct any such errors.

## ਐਰੀਜ਼ੋਨਾ ’ਚ ਇਕ ਔਰਤ ਆਪਣੇ ਫੌਜੀ ਪਤੀ ਨੂੰ ਮਾਰਨ ਦੀ ਕੋਸ਼ਿਸ਼ ਹੇਠ ਗ੍ਰਿਫ਼ਤਾਰ



ਸੈਕਰਾਮੈਂਟੋ, (ਹੁਸਨ ਲੜੋਆ ਬੰਗਾ/ਪੰਜਾਬ ਮੇਲ)- ਅਮਰੀਕਾ ਦੇ ਐਰੀਜ਼ੋਨਾ ਰਾਜ ਦੀ ਇਕ ਔਰਤ ਨੂੰ ਆਪਣੇ ਫੌਜੀ ਪਤੀ ਨੂੰ ਮਾਰਨ ਦੀ ਕੋਸ਼ਿਸ਼ ਵਜੋਂ ਕਈ ਮਹੀਨਿਆਂ ਤੱਕ ਕੌਫੀ ਵਿਚ ਮਿਲਾ ਕੇ ਜ਼ਹਿਰ ਦੇਣ ਦੇ ਦੋਸ਼ਾਂ ਤਹਿਤ ਗ੍ਰਿਫਤਾਰ ਕਰਨ ਦੀ ਖਬਰ ਹੈ। ਮੈਲੌਡੀ ਫੈਲੀਕਾਨੋ ਜੌਹਨਸਨ ਵਾਸੀ ਟਕਸਨ ਵਿਰੁੱਧ ਇਕ ਗਰੈਂਡ ਜਿਊਰੀ ਨੇ ਪਹਿਲਾ ਦਰਜਾ ਹੱਤਿਆ ਦੀ ਕੋਸ਼ਿਸ਼ ਤੇ ਖਾਣੇ ’ਚ ਜ਼ਹਿਰ ਮਿਲਾਉਣ ਦੇ ਦੋਸ਼ ਆਇਦ ਕਰਨ ਦੇ ਆਦੇਸ਼ ਦਿੱਤੇ ਹਨ। ਅਦਾਲਤ ਦੇ ਦਸਤਾਵੇਜ਼ਾਂ ਅਨੁਸਾਰ ਸ਼ੱਕੀ ਦੋਸ਼ੀ ਔਰਤ ਦੇ ਪਤੀ ਰੌਬੀ ਜੌਹਨਸਨ ਨੂੰ ਲੱਗਾ ਕੇ ਉਸ ਦੀ ਕੌਫੀ ਦਾ ਸਵਾਦ ਕੁਝ ਅਜੀਬ ਕਿਸਮ ਦਾ ਹੈ। ਇਹ ਉਸ ਵੇਲੇ ਦੀ ਗੱਲ ਹੈ, ਜਦੋਂ ਉਹ ਤੇ ਉਸ ਦੀ ਪਤਨੀ ਜਰਮਨੀ ’ਚ ਠਹਿਰੇ ਹੋਏ ਸਨ। ਪੁਲਿਸ ਅਨੁਸਾਰ ਰੌਬੀ ਜੌਹਨਸਨ ਯੂ.ਐੱਸ. ਏਅਰ ਫੋਰਸ ਵਿਚ ਨੌਕਰੀ ਕਰਦਾ ਹੈ। ਹਾਲਾਂਕਿ ਪਤੀ-ਪਤਨੀ ਵਿਚਾਲੇ ਤਲਾਕ ਦੀ ਪ੍ਰਕ੍ਰਿਆ ਚੱਲ ਰਹੀ ਸੀ ਪਰੰਤੂ ਇਹ ਦੋਨੋਂ ਅਜੇ ਵੀ ਬੱਚਿਆਂ ਨਾਲ ਇਕੱਠੇ ਹੀ ਰਹਿੰਦੇ ਸਨ। ਅਦਾਲਤੀ ਦਸਤਾਵੇਜ਼ ਅਨੁਸਾਰ ਰੌਬੀ ਜੌਹਨਸਨ ਨੇ ਇਕ ਖੁਫੀਆ ਕੈਮਰਾ ਲਾਇਆ, ਜਿਸ ਵਿਚ ਉਸ ਦੀ ਪਤਨੀ ਕੌਫੀ ਬਣਾਉਣ ਸਮੇਂ ਇਕ ਅਗਿਆਤ ਪਦਾਰਥ ਕੌਫੀ ’ਚ ਪਾਉਂਦੀ ਵੇਖੀ ਗਈ। ਰੌਬੀ ਜੌਹਨਸਨ ਦਾ ਵਿਸ਼ਵਾਸ ਹੈ ਕਿ ਉਸ ਦੀ ਪਤਨੀ ਨੇ ਮੌਤ ਉਪਰੰਤ ਉਸ ਦੀ ਸਰਵਿਸ ਦੇ ਲਾਭ ਲੈਣ ਲਈ ਉਸ ਨੂੰ ਮਾਰਨ ਦੀ ਕੋਸ਼ਿਸ਼ ਕੀਤੀ।

# ਅਮਰੀਕਾ ’ਚ ਸੜਕ ਪਾਰ ਕਰਦੇ ਸਮੇਂ ਭਾਰਤੀ ਨੌਜਵਾਨ ਦੀ ਕਾਰਾਂ ਦੀ ਲਪੇਟ ਵਿਚ ਆ ਕੇ ਮੌਤ



ਨਿਊਯਾਰਕ, (ਰਾਜ ਗੋਗਨਾ/ਪੰਜਾਬ ਮੇਲ)- ਬੀਤੇ ਦਿਨੀਂ ਟੈਕਸਾਸ ਸੂਬੇ ਦੇ ਹਿਊਸਟਨ ਸ਼ਹਿਰ ਵਿਚ ਵਾਪਰੇ ਇਕ ਭਿਆਨਕ ਸੜਕ ਹਾਦਸੇ ਵਿਚ ਇਕ ਭਾਰਤੀ ਨੌਜਵਾਨ ਦੀ ਮੌਤ ਹੋ ਗਈ ਹੈ। ਮਾਰੇ ਗਏ ਨੌਜਵਾਨ ਦੀ ਪਹਿਚਾਣ ਗੁਜਰਾਤ ਦੇ ਪਾਟਨ ਦੇ ਨਿਵਾਸੀ ਦਰਸ਼ੀਲ ਠੱਕਰ ਪੁੱਤਰ ਰਮੇਸ਼ਭਾਈ ਠੱਕਰ ਵਜੋਂ ਹੋਈ ਹੈ। 24 ਸਾਲਾ ਇਹ ਨੌਜਵਾਨ ਸੜਕ ਪਾਰ ਕਰਦੇ ਸਮੇਂ ਆਪਣੇ ਮਾਪਿਆਂ ਦੇ ਨਾਲ ਵੀਡੀਓ ਕਾਲਿੰਗ ਕਰਦਿਆਂ ਰੋਡ ਪਾਰ ਕਰ ਰਿਹਾ ਸੀ, ਜਿਸ ਦੌਰਾਨ 14 ਦੇ ਕਰੀਬ ਕਾਰਾਂ ਉਸ ਦੇ ਉਪਰੋਂ ਲੰਘ ਗਈਆਂ ਅਤੇ ਉਸ ਦੀ ਲਾਸ਼ ਦੇ ਚਿਥੜੇ ਉੱਡ ਗਏ। ਭਾਰਤ ਤੋਂ ਕਰੀਬ ਦੋ ਹਫਤੇ ਪਹਿਲਾਂ ਉਹ ਅਮਰੀਕਾ ਦੀ ਯਾਤਰਾ ਲਈ ਇਥੇ ਆਇਆ ਸੀ ਅਤੇ ਉਸ ਕੋਲੋਂ ਵਿਜ਼ਟਰ ਵੀਜ਼ਾ ਸੀ। ਉਸ ਨੇ 26 ਸਤੰਬਰ ਨੂੰ ਭਾਰਤ ਪਰਤਣਾ ਸੀ।

ਜਾਣਕਾਰੀ ਮੁਤਾਬਕ ਬੀਤੇ ਦਿਨੀਂ ਉਹ ਟੈਕਸਾਸ ਦੇ ਸ਼ਹਿਰ ਹਿਊਸਟਨ ਵਿਖੇ ਸੈਰ ਕਰਨ ਗਿਆ ਸੀ ਅਤੇ ਆਪਣੇ ਮਾਪਿਆਂ ਨਾਲ ਵੀਡੀਓ ਕਾਲ ’ਤੇ ਗੱਲ ਕਰ ਰਿਹਾ ਸੀ। ਸੜਕ ਪਾਰ ਕਰਦੇ ਸਮੇਂ, ਉਸਨੇ ਦੇਖਿਆ ਕਿ ਸਿਗਨਲ ਬੰਦ ਸੀ, ਪਰ ਜਦੋਂ ਉਹ ਸੜਕ ਦੇ ਵਿਚਕਾਰ ਸੀ, ਤਾਂ ਗਰੀਨ ਲਾਇਟ ਦਾ ਸਿਗਨਲ ਦੁਬਾਰਾ ਖੁੱਲ੍ਹ ਗਿਆ ਅਤੇ ਬਦਕਿਸਮਤੀ ਦੇ ਨਾਲ, ਸਿਗਨਲ ਦੁਬਾਰਾ ਖੁੱਲ੍ਹਣ ’ਤੇ 14 ਦੇ ਕਰੀਬ ਤੇਜ਼ ਰਫਤਾਰ ਕਾਰਾਂ ਉਸ ਦੇ ਉਪਰੋਂ ਲੰਘ ਗਈਆਂ ਅਤੇ ਇਸ ਦਰਦਨਾਇਕ ਹਾਦਸੇ ’ਚ ਦਰਸ਼ੀਲ ਠੱਕਰ ਦੀ ਮੌਤ ਹੋ ਗਈ। ਉਸ ਦੀ ਮੌਤ ਬਾਰੇ ਪਤਾ ਲੱਗਣ ’ਤੇ ਉਸ ਦੇ ਪਰਿਵਾਰ ਨੇ ਸਰਕਾਰ ਨੂੰ ਉਸ ਦੀ ਮ੍ਰਿਤਕ ਦੇਹ ਨੂੰ ਭਾਰਤ ਵਾਪਸ ਲਿਆਉਣ ਦੀ ਅਪੀਲ ਕੀਤੀ ਸੀ। ਹਾਲਾਂਕਿ, ਅਮਰੀਕਾ ’ਚ ਡਾਕਟਰਾਂ ਨੇ ਉਨ੍ਹਾਂ ਨੂੰ ਦੱਸਿਆ ਕਿ ਉਸਦੀ ਲਾਸ਼ ਭਾਰਤ ਵਾਪਸ ਭੇਜੇ ਜਾਣ ਦੀ ਸਥਿਤੀ ’ਚ ਨਹੀਂ ਹੈ ਅਤੇ ਉਸ ਦਾ ਅੰਤਿਮ ਸੰਸਕਾਰ ਐਤਵਾਰ ਨੂੰ ਅਮਰੀਕਾ ’ਚ ਕਰ ਦਿੱਤਾ ਗਿਆ ਹੈ।

## ਦਿੱਲੀ ਦੇ ਸਮਾਜ ਸੇਵੀ ਪ੍ਰਧਾਨ ਸਿੰਘ ਨੂੰ ਗੁਰੂ ਘਰ ਵੱਲੋਂ ਸਿਰਪਾਓ ਦੇ ਕੇ ਨਿਵਾਜ਼ਿਆ



ਸਿਆਟਲ ਗੁਰਦੁਆਰਾ ਸੱਚਾ ਮਾਰਗ ਦੇ ਹਰਸ਼ਿੰਦਰ ਸਿੰਘ ਸੰਧੂ ਭਾਈ ਪ੍ਰਧਾਨ ਸਿੰਘ ਸਮਾਜਸੇਵੀ ਨੂੰ ਸਿਰੋਪਾਓ ਦੇ ਕੇ ਸਨਮਾਨਿਤ ਕਰਦੇ ਸਮੇਂ। ਨਾਲ ਖੜ੍ਹੇ ਹਨ ਸੁਰਜੀਤ ਸਿੰਘ ਸਿੱਧੂ।

ਸਿਆਟਲ, (ਗੁਰਚਰਨ ਸਿੰਘ ਢਿੱਲੋਂ/ਪੰਜਾਬ ਮੇਲ)- ਗੁਰਦੁਆਰਾ ਸੱਚਾ ਮਾਰਗ ਐਬਰਨ (ਸਿਆਟਲ) ਵਿਚ ਦਿੱਲੀ ਦੇ ਸਮਾਜ ਸੇਵੀ ਭਾਈ ਪ੍ਰਧਾਨ ਸਿੰਘ ਨੂੰ ਗੁਰੂ ਘਰ ਵੱਲੋਂ ਸਿਰੋਪਾਓ ਦੇ ਕੇ ਨਿਵਾਜਿਆ ਗਿਆ। ਭਾਈ ਪ੍ਰਧਾਨ ਜੀ ਹਰ ਮਹੀਨੇ ਦਿੱਲੀ ਤੋਂ ਬੱਸਾਂ ਤੇ ਟਰੇਨ ਰਾਹੀਂ ਸੰਗਤਾਂ ਨੂੰ ਸੱਚਖੰਡ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਸਾਹਿਬ ਜੀ ਦੇ ਦਰਸ਼ਨ ਕਰਾਉਣ ਲਈ ਲੈ ਕੇ ਜਾਂਦੇ ਹਨ ਅਤੇ ਬੇਅੰਤ ਲੰਗਰਾਂ ਦੁਆਰਾ ਸੇਵਾ ਕਰਦੇ ਹਨ। ਸਟੇਜ ਤੋਂ ਭਾਈ ਹਰਸ਼ਿੰਦਰ ਸਿੰਘ ਸੰਧੂ ਨੇ ਪ੍ਰਧਾਨ ਸਿੰਘ ਦਾ ਸਿਆਟਲ ਪਹੁੰਚਣ ’ਤੇ ਧੰਨਵਾਦ ਕੀਤਾ ਅਤੇ ਸੰਗਤ ਦੇ ਦਰਸ਼ਨ ਕੀਤੇ।

## ਅਮਰੀਕਾ ’ਚ ਪੰਜਾਬੀ ਨੌਜਵਾਨ ਦੀ ਦਿਲ ਦਾ ਦੌਰਾ ਪੈਣ ਕਾਰਨ ਮੌਤ



ਵਲੇਹੋਂ, (ਪੰਜਾਬ ਮੇਲ)- ਅਮਰੀਕਾ ’ਚ 35 ਸਾਲਾ ਪੰਜਾਬੀ ਨੌਜਵਾਨ ਦੀ ਦਿਲ ਦਾ ਦੌਰਾ ਪੈਣ ਕਰਕੇ ਮੌਤ ਹੋਣ ਦਾ ਸਮਾਚਾਰ ਪ੍ਰਾਪਤ ਹੋਇਆ ਹੈ। ਮ੍ਰਿਤਕ ਦੀ ਪਛਾਣ ਬਲਾਚੌਰ ਦੇ ਬਲਾਕ ਦੇ ਕਸਬਾ ਮਜਾਰੀ ਦੇ ਹਰਪ੍ਰੀਤ ਸਿੰਘ ਵਜੋਂ ਹੋਈ ਹੈ। ਮਿਲੀ ਜਾਣਕਾਰੀ ਮੁਤਾਬਕ ਹਰਪ੍ਰੀਤ ਸਿੰਘ ਦੀ ਅਮਰੀਕਾ ਦੇ ਸ਼ਹਿਰ ਵਲੇਹੋਂ ਵਿਖੇ ਦਿਲ ਦਾ ਦੌਰਾ ਪੈਣ ਨਾਲ ਮੌਤ ਹੋ ਗਈ। ਦੱਸਿਆ ਜਾ ਰਿਹਾ ਹੈ ਕਿ ਹਰਪ੍ਰੀਤ ਸਿੰਘ ਅਜੇ ਇਸੇ ਸਾਲ 25 ਜੂਨ ਨੂੰ ਛੁੱਟੀ ਕੱਟ ਕੇ ਵਾਪਸ ਅਮਰੀਕਾ ਗਿਆ ਸੀ। ਮ੍ਰਿਤਕ ਪਿੱਛੇ ਪਤਨੀ ਅਤੇ ਪਰਿਵਾਰ ਨੂੰ ਛੱਡ ਗਿਆ ਹੈ। ਵਿਦੇਸ਼ਾਂ ’ਚ ਪੰਜਾਬੀ ਨੌਜਵਾਨਾਂ ਦੀ ਹੋ ਰਹੀਆਂ ਮੌਤਾਂ ਦਾ ਸਿਲਸਿਲਾ ਜਾਰੀ ਹੈ। ਹਰੇਕ ਸਾਲ ਬਹੁਤ ਵੱਡੀ ਗਿਣਤੀ ’ਚ ਨੌਜਵਾਨ ਵਿਦੇਸ਼ਾਂ ਵਿਚ ਆਪਣੇ ਸੁਪਨਿਆਂ ਨੂੰ ਪੂਰਾ ਕਰਨ ਲਈ ਜਾਂਦੇ ਹਨ।

## ਅਮਰੀਕੀ ਨੇਵੀ ਦੇ 2 ਜਵਾਨ ਚੀਨ ਲਈ ਜਾਸੂਸੀ ਕਰਨ ਦੇ ਸ਼ੱਕ ਹੇਠ ਗ੍ਰਿਫ਼ਤਾਰ

ਵਾਸ਼ਿੰਗਟਨ, (ਪੰਜਾਬ ਮੇਲ)- ਅਮਰੀਕੀ ਜਲ ਸੈਨਾ ਦੇ ਦੋ ਜਵਾਨਾਂ ਨੂੰ ਚੀਨ ਲਈ ਜਾਸੂਸੀ ਕਰਨ ਦੇ ਸ਼ੱਕ ਵਿਚ ਗ੍ਰਿਫਤਾਰ ਕੀਤਾ ਗਿਆ ਹੈ। ਨਿਆਂ ਵਿਭਾਗ ਨੇ ਇਹ ਜਾਣਕਾਰੀ ਦਿੱਤੀ। ਇਨ੍ਹਾਂ ਦੋਵਾਂ ’ਤੇ ਬੀਜਿੰਗ ਨੂੰ ਖੁਫੀਆ ਜਾਣਕਾਰੀ ਵੇਚਣ ਦਾ ਸ਼ੱਕ ਹੈ, ਜਿਸ ਵਿਚ ਜੰਗੀ ਜਹਾਜ਼ਾਂ ਅਤੇ ਉਨ੍ਹਾਂ ਦੇ ਹਥਿਆਰ ਪ੍ਰਣਾਲੀਆਂ ਦੇ ਨਾਲ-ਨਾਲ ਰਾਡਾਰ ਪ੍ਰਣਾਲੀਆਂ ਲਈ ਬਲੂਪ੍ਰਿੰਟਸ ਅਤੇ ਇੱਕ ਵਿਸ਼ਾਲ ਅਮਰੀਕੀ ਫੌਜੀ ਅਭਿਆਸ ਲਈ ਯੋਜਨਾਵਾਂ ਸ਼ਾਮਲ ਹਨ। ਸਟਿੰਗ ਵਿਚ ਸ਼ਾਮਲ

**■ ਖੁਫੀਆ ਜਾਣਕਾਰੀ ਕਰਦੇ ਰਹੇ ਲੀਕ**

ਐੱਫ.ਬੀ.ਆਈ. ਦੇ ਕਾਊਂਟਰ ਇੰਟੈਲੀਜੈਂਸ ਡਵੀਜ਼ਨ ਦੇ ਸੂਜੈਨ ਟਰਨਰ ਨੇ ਕਿਹਾ ਕਿ ਇਹ ਗ੍ਰਿਫਤਾਰੀਆਂ ਸਾਡੇ ਲੋਕਤੰਤਰ ਨੂੰ ਕਮਜ਼ੋਰ ਕਰਨ ਤੇ ਇਸ ਦੀ ਰੱਖਿਆ ਕਰਨ ਵਾਲਿਆਂ ਨੂੰ ਧਮਕਾਉਣ ਲਈ ਪੀਪਲਸ ਰਿਪਬਲਿਕ ਆਫ ਚਾਈਨਾ ਦੀਆਂ ਅਣਥੱਕ ਕੋਸ਼ਿਸ਼ਾਂ ਦੀ ਯਾਦ ਦਿਵਾਉਂਦੀ ਹੈ। ਉਨ੍ਹਾਂ ਨੇ ਕਿਹਾ ਕਿ ਚੀਨ ਦੇ ਸੰਵੇਦਨਸ਼ੀਲ ਫੌਜ ਜਾਣਕਾਰੀ ਨੂੰ ਸੁਰੱਖਿਅਤ ਕਰਨ ਲਈ ਸੂਚੀਬੱਧ ਮੁਲਾਜ਼ਮਾਂ ਨਾਲ ਸਮਝੌਤਾ ਕੀਤਾ ਜੋ ਅਮਰੀਕੀ ਰਾਸ਼ਟਰੀ ਸੁਰੱਖਿਆ ਨੂੰ ਗੰਭੀਰ ਤੌਰ ’ਤੇ ਖਤਰੇ ਵਿਚ ਪਾ ਸਕਦਾ ਸੀ। ਇਕ ਪ੍ਰੈੱਸ ਵਾਰਤਾ ’ਚ ਨਿਆਂ ਵਿਭਾਗ ਨੇ ਕਿਹਾ ਕਿ ਸੈਨ ਡਿਆਗੋ ਵਿਚ ਜਿਨਚਾਓ ਵੇਈ, ਇੱਕ ਮਲਾਹ, ਜਿਸਨੇ ਸੈਨ ਡਿਆਗੋ ’ਚ ਉਭਰੀ ਜੰਗੀ ਜਹਾਜ਼ ਯੂ.ਐੱਸ.ਐੱਸ. ਏਸੇਕਸ ਵਿਚ ਸੇਵਾ ਕੀਤੀ, ਨੇ ਸਮੁੰਦਰੀ ਜਹਾਜ਼ਾਂ ਅਤੇ ਇਸਦੇ ਪ੍ਰਣਾਲੀਆਂ ਦੇ ਸੰਚਾਲਨ ਦਾ ਵੇਰਵਾ ਦਿੰਦੇ ਦਰਜਨਾਂ ਦਸਤਾਵੇਜ਼, ਫੋਟੋਆਂ ਅਤੇ ਵੀਡੀਓ ਸੌਂਪੇ।




# 'ਤੀਆਂ ਫਰਿਜ਼ਨੋ ਦੀਆਂ' ਨੇ ਲਾਈਆਂ ਰੌਣਕਾਂ; ਪੰਜਾਬੀ ਰੰਗਾਂ 'ਚ ਸਜਿਆ ਕਾਰਨੀ ਪਾਰਕ

■ "28ਵੇਂ ਸਾਲ ਲੱਗੀਆਂ ਰਵਾਇਤੀ ਤੀਆਂ"

**ਫਰਿਜ਼ਨੋ, (ਧਾਲੀਆਂ/ ਮਾਛੀਕੇ/ ਪੰਜਾਬ ਮੇਲ)**- ਸੈਂਟਰਲ ਵੈਲੀ ਕੈਲੀਫੋਰਨੀਆ ਦੇ ਵਿਚਕਾਰ ਵਸਦਾ ਸ਼ਹਿਰ ਫਰਿਜ਼ਨੋ ਪੰਜਾਬੀਅਤ ਦੀ ਭਰਪੂਰ ਵਸੋਂ ਹੋਣ ਕਰਕੇ ਕਿਸੇ ਜਾਣਕਾਰੀ ਦਾ ਮੁਹਤਾਜ਼ ਨਹੀਂ। ਬੇਸ਼ੱਕ ਪੰਜਾਬ 'ਚੋਂ ਬਹੁਤ ਸਾਰੇ ਤਿਉਹਾਰ ਅਲੋਪ ਹੋ ਰਹੇ ਹਨ। ਪਰ ਇੱਥੇ ਪਿਛਲੇ 27 ਸਾਲਾ ਤੋਂ ਵਧੀਕ ਸਮਾਂ ਪਹਿਲਾ ਰਾਜਪਾਲ ਕੌਰ ਬਰਾੜ, ਗੁੱਡੀ ਰਾਣੂ, ਗੁੱਡੀ ਸਿੱਧੂ ਅਤੇ ਹੋਰ ਸਹੇਲੀਆਂ ਨੇ ਸਮੂਹ ਪੰਜਾਬੀ ਔਰਤਾਂ ਨਾਲ ਰਲ ਕੇ ਸ਼ਹਿਰ ਦੀ ਸੰਘਣੀ ਵਸੋਂ ਤੋਂ ਦੂਰ ਖੁੱਲ੍ਹੇ 'ਕਾਰਨੀ ਪਾਰਕ' ਦੇ ਦਰੱਖਤਾਂ ਦੀ ਸੰਘਣੀ ਛਾਂ ਹੇਠ ਤੀਆਂ ਦੀ ਸ਼ੁਰੂਆਤ ਕੀਤੀ ਸੀ, ਜੋ ਅੱਜ ਵੀ ਬਰਕਰਾਰ ਹੈ। ਬੇਸ਼ੱਕ ਅੱਜ ਪਿੱਪਲਾਂ ਜਾਂ ਬਰੋਟਿਆਂ ਦੀ ਪੰਜਾਬ ਵਾਂਗ ਛਾਂ ਨਹੀਂ ਹੈ। ਪਰ ਹੋਰ ਬਹੁਤ ਸੋਹਣੇ, ਸੰਘਣੇ ਦਰੱਖਤਾਂ ਦੀ ਛਾਂ ਅਤੇ ਆਪਸੀ ਸੱਭਿਆਚਾਰ ਪ੍ਰਤੀ ਪਿਆਰ ਸਦਕਾ ਅੱਜ ਵੀ ਉਸੇ ਤਰ੍ਹਾਂ ਇਹ ਤੀਆਂ ਪ੍ਰੰਪਰਾਗਤ ਤਰੀਕੇ ਨਾਲ ਹਰ ਸਾਲ ਲੱਗਦੀਆਂ ਹਨ। ਜਿਨ੍ਹਾਂ ਵਿਚ ਮਰਦਾਂ ਨੂੰ ਆਉਣ ਦੀ ਹਮੇਸ਼ਾ ਹੀ ਮਨਾਹੀ ਹੁੰਦੀ ਹੈ।

ਅੱਜ ਸਾਡੇ ਤਿਉਹਾਰ ਮਨੁੱਖੀ ਜ਼ਿੰਦਗੀ ਸੂਖਮ ਹੋਣ ਕਰਕੇ ਬਾਹਰੀ ਮਹੌਲ ਤੋਂ ਸਟੇਜ਼ 'ਤੇ ਸਿਰਫ ਨੁਮਾਇਸ਼ਨੁਮਾ ਹੀ ਰਹਿ ਗਏ ਹਨ। ਜਿਨ੍ਹਾਂ ਨੂੰ ਆਮ ਤੌਰ 'ਤੇ ਕਮਰਸ਼ੀਅਲ ਢੰਗ ਨਾਲ ਮਨਾਇਆ ਜਾਂਦਾ ਹੈ। ਜਿਸ ਵਿਚ ਰਿਵਾਇਤਾਂ ਨੂੰ ਛੱਡ, ਮੁਨਾਫੇ, ਦਿਖਾਵੇ ਅਤੇ ਪਹਿਰਾਵੇ 'ਤੇ ਜ਼ਿਆਦਾ ਜ਼ੋਰ ਦਿੱਤਾ ਜਾਂਦਾ ਹੈ। ਪਰ ਇਹ ਗੱਲ ਬੜੇ ਫਖਰ ਦੀ ਹੈ ਕਿ ਫਰਿਜ਼ਨੋ ਦੀਆਂ "ਕਾਰਨੀ ਪਾਰਕ ਵਾਲੀਆਂ ਤੀਆਂ" ਉਸੇ ਤਰ੍ਹਾਂ ਖੁਲੀਆਂ ਗਰਾਊਂਡਾਂ ਵਿਚ ਪ੍ਰੰਪਰਾਗਤ ਤਰੀਕੇ ਨਾਲ ਲੱਗਦੀਆਂ ਹਨ। ਜਿੱਥੇ ਵੱਖ-ਵੱਖ ਸ਼ਹਿਰਾਂ ਤੋਂ ਬੀਬੀਆਂ, ਭੈਣਾਂ ਰਲ ਆਪਣੇ ਵੱਖ-ਵੱਖ ਗਰੁੱਪਾਂ ਵਿਚ ਗੀਤ ਗਾ, ਗਿੱਧੇ ਦੇ ਮੁਕਾਬਲੇ ਦਾ ਭਰਪੂਰ ਮਨੋਰੰਜਨ ਕਰਦੀਆਂ ਹੋਈਆਂ ਆਪਣੀਆਂ ਸਹੇਲੀਆਂ ਨੂੰ ਵੀ ਮਿਲਦੀਆਂ ਹਨ। ਇਨ੍ਹਾਂ ਤੀਆਂ ਦੌਰਾਨ ਪਾਰਕ ਵਿਚ ਪੰਜਾਬੀ ਸੱਭਿਆਚਾਰ ਦੇ ਅਨੁਸਾਰ ਵੱਖ-ਵੱਖ ਗਰੁੱਪਾਂ ਵਿਚ ਪੈ ਰਹੇ ਗਿੱਧੇ ਅਤੇ ਬੋਲੀਆਂ ਪੰਜਾਬ ਦੇ ਅਮੀਰ ਵਿਰਸੇ ਨੂੰ ਸਿਰਜ ਇਤਿਹਾਸਕਤਾ ਦਾ ਰੂਪ ਪੇਸ਼ ਕਰ ਰਹੀਆਂ ਸਨ। ਇਸੇ ਤਰ੍ਹਾਂ ਤੀਆਂ ਦੇਖਣ ਅਤੇ ਹਿੱਸਾ ਲੈਣ ਆਈਆਂ ਮੁਟਿਆਰਾਂ ਦੀਆਂ ਰੰਗ-ਬਰੰਗੀਆਂ ਪੁਸ਼ਾਕਾਂ, ਲਹਿੰਗੇ, ਘੱਗਰੇ ਅਤੇ ਗਹਿਣੇ ਇਸ ਤੀਆਂ ਦੀ ਰੌਣਕ ਨੂੰ ਪੰਜਾਬੀਅਤ ਦੇ ਮਾਹੌਲ ਵਿਚ ਹੋਰ ਵੀ ਰੰਗੀਨ ਬਣਾ ਰਹੇ ਸਨ। ਤੀਆਂ ਦੌਰਾਨ ਰੋਜ਼ਾਨਾ ਪ੍ਰਬੰਧਕਾਂ ਵੱਲੋਂ ਸਮਾਪਤੀ 'ਤੇ ਖੁੱਲ੍ਹੇ ਗਿੱਧੇ ਅਤੇ ਬੋਲੀਆਂ ਤੋਂ ਇਲਾਵਾ ਡੀ.ਜੇ. ਦਾ ਵੀ ਪ੍ਰਬੰਧ ਵੀ ਕੀਤਾ ਗਿਆ ਸੀ। ਇਨ੍ਹਾਂ ਤੀਆਂ ਦਾ ਮਾਹੌਲ ਪੰਜਾਬ ਦੇ ਕਿਸੇ ਇਤਿਹਾਸਕ ਮੇਲੇ ਦੀ ਯਾਦ ਕਰਵਾ ਰਿਹਾ ਸੀ। ਅਜੋਕੇ ਸਮੇਂ ਅੰਦਰ ਲੋੜ ਹੈ ਅਜਿਹੇ ਤਿਉਹਾਰਾਂ ਨੂੰ ਪ੍ਰੰਪਰਾਗਤ ਤਰੀਕੇ ਨਾਲ ਮਨਾਉਣ ਦੀ, ਜਿਸ ਨਾਲ ਆਉਣ ਵਾਲੀ ਨਵੀਂ ਪੀੜ੍ਹੀ ਨੂੰ ਸਹੀ ਢੰਗ ਨਾਲ ਆਪਣੇ ਪਿਛੋਕੜ ਤੋਂ ਜਾਣੂ ਕਰਵਾਉਂਦੇ ਹੋਏ ਜੀਵਤ ਰੱਖਿਆ ਜਾ ਸਕੇ।

ਇਸ ਸਮੁੱਚੇ ਪ੍ਰੋਗਰਾਮ ਦੀ ਸਫਲਤਾ ਦਾ ਸਿਹਰਾ ਗੁੱਡੀ ਰਾਣੂ, ਰਾਜਪਾਲ ਕੌਰ ਬਰਾੜ, ਰਾਜਿੰਦਰ ਕੌਰ ਢਿੱਲੋਂ, ਪਰਮਜੀਤ ਕੌਰ ਅਤੇ ਸਮੂਹ ਸਹਿਯੋਗੀਆਂ ਨੂੰ ਜਾਂਦਾ ਹੈ, ਜਿਨ੍ਹਾਂ ਨੇ ਪੰਜਾਬੀ ਸੱਭਿਆਚਾਰ ਦੀ ਰਵਾਇਤ ਨੂੰ ਕਾਇਮ ਰੱਖਦੇ ਹੋਏ ਸਮੂਹ ਔਰਤਾਂ ਸਹਿਯੋਗ ਨਾਲ ਇਸ ਤੀਆਂ ਇਕੱਠ ਨੂੰ ਯਾਦਗਾਰੀ ਬਣਾਇਆ।



ਰਿਵਾਇਤੀ ਤੀਆਂ ਦੇ ਯਾਦਗਾਰੀ ਪਲ।

# ਅਮਰੀਕਾ ਦੇ ਸਭ ਤੋਂ ਵੱਡੇ ਸ਼ੋਅ 'ਬਿੱਗ ਬ੍ਰਦਰ' 'ਚ ਪਹੁੰਚਿਆ ਪਹਿਲਾ ਸਿੱਖ

**ਵਾਸ਼ਿੰਗਟਨ, (ਪੰਜਾਬ ਮੇਲ)**- ਮਸ਼ਹੂਰ ਅਮਰੀਕੀ ਰਿਐਲਿਟੀ ਸ਼ੋਅ 'ਬਿੱਗ ਬ੍ਰਦਰ' ਦਾ ਸੀਜ਼ਨ 25 ਜਲਦੀ ਹੀ ਸ਼ੁਰੂ ਹੋਣ ਵਾਲਾ ਹੈ। ਜਗ ਬੈਂਸ ਨਾਮ ਦਾ ਇੱਕ ਸਿੱਖ ਪ੍ਰਤੀਯੋਗੀ ਬਿੱਗ ਬ੍ਰਦਰ ਹਾਊਸ ਵਿਚ ਸ਼ਾਮਲ ਹੋਣ ਜਾ ਰਿਹਾ ਹੈ, ਜੋ ਘਰ ਵਿਚ ਦਾਖਲ ਹੋਣ ਵਾਲਾ ਪਹਿਲਾ ਸਿੱਖ ਹੋਵੇਗਾ।

ਜਗ ਬੈਂਸ ਨੇ ਖੁਦ ਇੰਸਟਾਗ੍ਰਾਮ 'ਤੇ ਇਕ ਪੋਸਟ ਸ਼ੇਅਰ ਕਰਕੇ ਪ੍ਰਸ਼ੰਸਕਾਂ ਨੂੰ ਬਿੱਗ ਬ੍ਰਦਰ 'ਚ ਜਾਣ ਦੀ ਜਾਣਕਾਰੀ ਦਿੱਤੀ। ਜਗ ਬੈਂਸ ਬਚਪਨ ਤੋਂ ਹੀ ਸ਼ੋਅ ਦੇ ਵੱਡੇ ਪ੍ਰਸ਼ੰਸਕ ਰਹੇ ਹਨ ਅਤੇ ਬਿੱਗ ਬ੍ਰਦਰ ਜਾਣ ਦਾ ਸੁਪਨਾ ਦੇਖਦੇ ਸਨ। ਜਗ ਬੈਂਸ ਸਕੂਲ ਸਮੇਂ ਤੋਂ ਹੀ ਬਿੱਗ ਬ੍ਰਦਰ ਦੇਖਦੇ ਆ ਰਹੇ ਹਨ ਤੇ ਹੁਣ ਉਸ ਦਾ ਸ਼ੋਅ 'ਤੇ




ਜਾਣ ਦਾ ਸੁਪਨਾ ਸਾਕਾਰ ਹੋ ਰਿਹਾ ਹੈ

ਜਗ ਬੈਂਸ ਵਾਸ਼ਿੰਗਟਨ ਵਿਚ ਇੱਕ ਟਰੱਕਿੰਗ ਕੰਪਨੀ ਚਲਾਉਂਦਾ ਹੈ, ਇਸ ਤੋਂ ਪਹਿਲਾਂ ਭਾਰਤੀ ਮੂਲ ਦੀ ਸ਼ਿਲਪਾ ਸ਼ੈਟੀ ਅਤੇ ਦੀਨਾ ਉੱਪਲ ਬਿਗ ਬ੍ਰਦਰ ਪਹੁੰਚ ਚੁੱਕੀ ਹੈ।

# ਕੈਨੇਡਾ 'ਚ ਪੰਜਾਬੀ ਦਾ ਲੱਗਾ 6 ਕਰੋੜ ਦਾ ਜੈਕਪਾਟ

**ਬ੍ਰਿਟਿਸ਼ ਕੋਲੰਬੀਆ, (ਪੰਜਾਬ ਮੇਲ)**- ਕੈਨੇਡਾ ਦੇ ਬ੍ਰਿਟਿਸ਼ ਕੋਲੰਬੀਆ ਸੂਬੇ ਦੇ ਰਹਿਣ ਵਾਲੇ ਪੰਜਾਬੀ ਜਸਵਿੰਦਰ ਸਿੰਘ ਬੱਸੀ ਦੀ 1 ਮਿਲੀਅਨ ਕੈਨੇਡੀਅਨ ਡਾਲਰ ਭਾਵ 6 ਕਰੋੜ ਰੁਪਏ ਦੀ ਲਾਟਰੀ ਨਿਕਲੀ ਹੈ। ਬੀ.ਸੀ. ਲਾਟਰੀ ਕਾਰਪੋਰੇਸ਼ਨ ਨੇ ਦੱਸਿਆ ਕਿ ਜਸਵਿੰਦਰ ਬੱਸੀ ਨੇ 25 ਜੁਲਾਈ ਦੇ ਡਰਾਅ ਤੋਂ 1 ਮਿਲੀਅਨ ਡਾਲਰ ਮੈਕਸਮਿਲੀਅਨ ਇਨਾਮ ਜਿੱਤਿਆ ਹੈ। ਜਸਵਿੰਦਰ ਬੱਸੀ ਨੇ ਉੱਤਰੀ ਡੈਲਟਾ ਵਿਚ 120ਵੀਂ ਸਟਰੀਟ 'ਤੇ 7-ਇਲੈਵਨ ਤੋਂ ਲੋਟੋ ਮੈਕਟ ਲਾਟਰੀ ਟਿਕਟ ਖ਼ਰੀਦੀ ਸੀ।

ਬੱਸੀ ਮੁਤਾਬਕ ਜਦੋਂ ਉਹ ਬੁੱਧਵਾਰ ਦੀ ਸਵੇਰ ਨੂੰ ਉੱਠਿਆ ਅਤੇ ਉਸ ਨੇ ਆਪਣੇ ਫ਼ੋਨ ਵੱਲ ਦੇਖਿਆ ਅਤੇ ਪਤਾ ਲੱਗਾ ਕਿ ਕਮਲੂਪਸ ਵਿਚ ਕਿਸੇ ਔਰਤ ਨੇ ਉਸੇ ਡਰਾਅ 'ਚ 35 ਮਿਲੀਅਨ ਡਾਲਰ ਜਿੱਤੇ ਹਨ, ਜਿਸ ਲਈ ਉਸ ਨੇ ਟਿਕਟ ਖ਼ਰੀਦੀ ਸੀ। ਇਸ ਲਈ ਉਸ ਨੇ ਸੋਚਿਆ ਕਿ ਉਹ ਵੀ ਆਪਣੀ ਟਿਕਟ ਚੈੱਕ ਕਰ ਲਵੇ, ਜਿਸ ਤੋਂ ਬਾਅਦ ਉਸ ਨੇ ਇਸਨੂੰ 'ਲੋਟੋ' ਐਪ 'ਤੇ ਚੈੱਕ ਕੀਤਾ ਅਤੇ ਦੇਖਿਆ ਕਿ ਉਸ ਦਾ ਵੀ 1 ਮਿਲੀਅਨ ਡਾਲਰ ਦਾ ਜੈਕਪਾਟ ਲੱਗਾ ਸੀ।

# ‘ਟਾਈਟਲਰ ਨੇ ਭੀੜ ਨੂੰ ਕਿਹਾ-ਸਿੱਖਾਂ ਨੂੰ ਮਾਰ ਦਿਓ, ਉਨ੍ਹਾਂ ਨੇ ਸਾਡੀ ਮਾਂ ਦਾ ਕਤਲ ਕੀਤਾ ਹੈ’

ਨਵੀਂ ਦਿੱਲੀ, (ਪੰਜਾਬ ਮੇਲ)- ਕਾਂਗਰਸ ਨੇਤਾ ਜਗਦੀਸ਼ ਟਾਈਟਲਰ 1 ਨਵੰਬਰ, 1984 ਨੂੰ ਗੁਰਦੁਆਰਾ ਪੁਲ ਬੰਗਸ਼ ਦੇ ਸਾਹਮਣੇ ਜਿਵੇਂ ਹੀ ਚਿੱਟੇ ਰੰਗ ਦੀ ਅੰਬੈਸਡਰ ਕਾਰ ’ਚੋਂ ਉਤਰੇ, ਉਨ੍ਹਾਂ ਨੇ ਚੀਕਦੇ ਹੋਏ ਕਿਹਾ-ਸਿੱਖਾਂ ਨੂੰ ਮਾਰ ਦਿਓ... ਉਨ੍ਹਾਂ ਨੇ ਸਾਡੀ ਮਾਂ ਦਾ ਕਤਲ ਕਰ ਦਿੱਤਾ ਹੈ ਅਤੇ ਛੇਤੀ ਹੀ ਸਿੱਖ ਧਾਰਮਿਕ ਸਥਾਨ ’ਤੇ 3 ਲੋਕ ਮ੍ਰਿਤਕ ਪਏ ਸਨ।

ਇਹ ਬਿਆਨ ਸਾਬਕਾ ਕੇਂਦਰੀ ਮੰਤਰੀ ਖਿਲਾਫ ਦਰਜ ਇਕ ਪੂਰਕ ਦੋਸ਼-ਪੱਤਰ ਦਾ ਹਿੱਸਾ ਹੈ, ਜਿਸ ਕਾਰਨ ਉਨ੍ਹਾਂ ਨੂੰ 1984 ਦੇ ਸਿੱਖ ਵਿਰੋਧੀ ਦੰਗਿਆਂ ਨਾਲ ਸਬੰਧਤ ਮਾਮਲੇ ’ਚ ਇਕ ਮੁਲਜ਼ਮ ਦੇ ਰੂਪ ’ਚ ਵਧੀਕ ਮੁੱਖ ਮੈਟਰੋਪਾਲਿਟਨ ਮੈਜਿਸਟ੍ਰੇਟ ਵਿਧੀ ਗੁਪਤਾ ਆਨੰਦ ਦੇ ਸਾਹਮਣੇ ਸ਼ਨੀਵਾਰ ਨੂੰ ਪਹਿਲੀ ਵਾਰ ਪੇਸ਼ ਹੋਣਾ ਪਿਆ। ਸਿੱਖ ਅੰਗ ਰੱਖਿਅਕਾਂ ਵੱਲੋਂ ਤਤਕਾਲੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੇ ਕਤਲ ਤੋਂ ਇਕ ਦਿਨ ਬਾਅਦ ਸਿੱਖ ਵਿਰੋਧੀ ਹਿੰਸਾ ਹੋਈ ਸੀ।

ਬਿਆਨ ’ਚ ਦਾਅਵਾ ਕੀਤਾ ਗਿਆ ਕਿ ਕਾਰ ’ਚੋਂ ਉੱਤਰਨ ਤੋਂ ਬਾਅਦ ਟਾਈਟਲਰ ਨੇ ਉੱਥੇ ਇਕੱਠੇ ਹੋਏ ਆਪਣੇ ਸਮਰਥਕਾਂ ਨੂੰ ਝਿੜਕਦਿਆਂ ਕਿਹਾ, “ਮੈਂ ਤੁਹਾਨੂੰ ਪੂਰੀ ਤਰ੍ਹਾਂ ਭਰੋਸਾ ਦਿੱਤਾ ਸੀ ਕਿ ਤੁਹਾਡੇ ’ਤੇ ਕੋਈ ਦੋਸ਼ ਨਹੀਂ ਆਵੇਗਾ। ਤੁਸੀਂ ਬਸ ਸਿੱਖਾਂ ਦਾ ਕਤਲ ਕਰੋ।” ਬਿਆਨ ’ਚ ਕਿਹਾ ਗਿਆ ਕਿ ਮੁਲਜ਼ਮ ਨੇ ਅੱਗੇ ਕਿਹਾ




ਕਿ ਇਸ ਦੇ ਬਾਵਜੂਦ ਘੱਟ ਗਿਣਤੀ ’ਚ ਸਿੱਖ ਮਾਰੇ ਗਏ ਹਨ, ਜਿਸ ਨਾਲ ਉਨ੍ਹਾਂ ਨੂੰ ਸ਼ਰਮਸਾਰ ਹੋਣਾ ਪਿਆ ਹੈ। ਉਨ੍ਹਾਂ ਇਹ ਵੀ ਕਿਹਾ ਕਿ ਪੂਰਬੀ ਦਿੱਲੀ ਅਤੇ ਉੱਤਰੀ ਦਿੱਲੀ ਦੇ ਮੁਕਾਬਲੇ ਉਨ੍ਹਾਂ ਦੇ ਚੋਣ ਹਲਕੇ (ਉਨ੍ਹਾਂ ਦੀ ਦਿੱਲੀ ਸਦਰ ਲੋਕ ਸਭਾ ਸੀਟ ਦੇ ਅਧੀਨ ਆਉਣ ਵਾਲੇ ਵਿਧਾਨ ਸਭਾ ਹਲਕਿਆਂ) ’ਚ ਸਿਰਫ ਨਾ-ਮਾਤਰ ਹੀ ਕਤਲ ਹੋਏ ਹਨ ਅਤੇ ਉਸ ਤੋਂ ਬਾਅਦ ਉਹ ਗ਼ੁੱਸੇ ’ਚ ਉੱਥੋਂ ਚਲੇ ਗਏ।

ਕੁਝ ਗਵਾਹਾਂ ਨੇ ਦਾਅਵਾ ਕੀਤਾ ਕਿ ਹਾਲਾਂਕਿ ਉਨ੍ਹਾਂ ਨੇ ਇਹ ਸਪੱਸ਼ਟ ਰੂਪ ’ਚ ਨਹੀਂ ਸੁਣਿਆ ਕਿ ਟਾਈਟਲਰ ਨੇ ਭੀੜ ਨੂੰ ਸਟੀਕ ਰੂਪ ’ਚ ਕੀ ਕਿਹਾ ਸੀ ਪਰ ਇਸ ਤੋਂ ਬਾਅਦ ਉੱਥੇ ਇਕੱਠੇ ਹੋਏ ਲੋਕ ਹਿੰਸਕ ਹੋ ਗਏ ਅਤੇ ਗੁਰਦੁਆਰਾ ਪੁਲ ਬੰਗਸ਼ ’ਤੇ ਹਮਲਾ ਸ਼ੁਰੂ ਕਰ ਦਿੱਤਾ ਅਤੇ ਉਸ ਨੂੰ ਅੱਗ ਦੇ ਹਵਾਲੇ ਕਰ ਦਿੱਤਾ। ਜ਼ਿਆਦਾਤਰ ਗਵਾਹਾਂ ਨੇ ਕਿਹਾ ਕਿ ਉਹ ਇਹ ਸੁਣਨ ’ਚ ਅਸਫਲ ਰਹੇ ਕਿ ਟਾਈਟਲਰ ਨੇ ਭੀੜ ਨੂੰ ਕੀ ਕਿਹਾ ਪਰ ਉਨ੍ਹਾਂ ਨੇ ਉਨ੍ਹਾਂ ਨੂੰ ਕਾਰ ’ਚੋਂ ਉਤਰ ਕੇ ਭਾਸ਼ਣ ਦਿੰਦੇ ਵੇਖਿਆ, ਜਿਸ ਨਾਲ ਭਾਜੜ ਮਚ ਗਈ।

ਅਦਾਲਤ ਨੇ ਸ਼ਨੀਵਾਰ ਨੂੰ ਇਸ ਮਾਮਲੇ ਦੇ ਸਬੰਧ ’ਚ ਇਹ ਵੇਖਦੇ ਹੋਏ ਜਗਦੀਸ਼ ਟਾਈਟਲਰ ਵੱਲੋਂ ਪੇਸ਼ ਜ਼ਮਾਨਤ ਬਾਂਡ ਸਵੀਕਾਰ ਕਰ ਲਿਆ ਕਿ ਉਨ੍ਹਾਂ ਨੂੰ ਪਹਿਲਾਂ ਹੀ ਇਕ ਸੈਸ਼ਨ ਅਦਾਲਤ ਵੱਲੋਂ ਅਗਾਊਂ ਜ਼ਮਾਨਤ ਦਿੱਤੀ ਜਾ ਚੁੱਕੀ ਹੈ। ਇਕ ਸੈਸ਼ਨ ਅਦਾਲਤ ਨੇ ਸ਼ੁੱਕਰਵਾਰ ਨੂੰ ਇਸ ਮਾਮਲੇ ’ਚ ਟਾਈਟਲਰ ਨੂੰ ਇਕ ਲੱਖ ਰੁਪਏ ਦੇ ਨਿੱਜੀ ਮੁਚਲਕੇ ਅਤੇ ਇੰਨੀ ਹੀ ਰਾਸ਼ੀ ਦੀ ਜ਼ਮਾਨਤ ’ਤੇ ਅਗਾਊਂ ਜ਼ਮਾਨਤ ਦੇ ਦਿੱਤੀ ਸੀ।

## ਗੁਜਰਾਤ ’ਚ 2024 ਦੀਆਂ ਲੋਕ ਸਭਾ ਚੋਣਾਂ ਲਈ ਆਪ ਤੇ ਕਾਂਗਰਸ ਵਿਚਾਲੇ ਹੋਵੇਗਾ ਗਠਜੋੜ

ਅਹਿਮਦਾਬਾਦ (ਗੁਜਰਾਤ), (ਪੰਜਾਬ ਮੇਲ)- ਗੁਜਰਾਤ ’ਚ ਆਮ ਆਦਮੀ ਪਾਰਟੀ (ਆਪ) ਦੇ ਪ੍ਰਧਾਨ ਇਸੂਦਨ ਗਢਵੀ ਨੇ ਕਿਹਾ ਕਿ ਰਾਜ ਵਿਚ ਅਗਲੇ ਸਾਲ ਲੋਕ ਸਭਾ ਚੋਣਾਂ ਲੜਨ ਲਈ ਆਪ ਅਤੇ ਕਾਂਗਰਸ ਗਠਜੋੜ ਕਰਨਗੇ। ਉਨ੍ਹਾਂ ਕਿਹਾ, ‘ਆਮ ਆਦਮੀ ਪਾਰਟੀ ਅਤੇ ਕਾਂਗਰਸ ਗੁਜਰਾਤ ਵਿਚ ਸੀਟਾਂ ਦੀ ਆਪਸ ’ਚ ਵੰਡ ਕਰਕੇ ਲੋਕ ਸਭਾ ਚੋਣਾਂ ਲੜਨਗੀਆਂ। ਅਸੀਂ ਯਕੀਨਨ ਕਹਿ ਸਕਦੇ ਹਾਂ ਕਿ ਜੇ ਅਸੀਂ ਸੀਟਾਂ ਦੀ ਵੰਡ ਸਹੀ ਰਹੀ, ਤਾਂ ਭਾਜਪਾ 26 ਵਿਚੋਂ 26 ਸੀਟਾਂ ਨਹੀਂ ਜਿੱਤ ਸਕਦੀ।’

# ਭਾਰਤ ਤੇ ਰੂਸ ਦੇ ਫੈਸਲੇ ਨਾਲ ਦੁਨੀਆਂ ਭਰ ’ਚ ਹਾਹਾਕਾਰ

■ ਚੌਲਾਂ ਦੀਆਂ ਕੀਮਤਾਂ ਨੇ ਤੋੜਿਆ 12 ਸਾਲ ਦਾ ਰਿਕਾਰਡ

ਨਵੀਂ ਦਿੱਲੀ, (ਪੰਜਾਬ ਮੇਲ)- ਭਾਰਤ ਤੇ ਰੂਸ ਦੇ ਇੱਕ ਫੈਸਲੇ ਨੇ ਪੂਰੀ ਦੁਨੀਆਂ ਵਿਚ ਖਲਬਲੀ ਮਚਾ ਦਿੱਤੀ ਹੈ। ਸੰਯੁਕਤ ਰਾਸ਼ਟਰ ਫੂਡ ਐਂਡ ਐਗਰੀਕਲਚਰ ਆਰਗੇਨਾਈਜ਼ੇਸ਼ਨ (ਐੱਫ.ਏ.ਓ.) ਅਨੁਸਾਰ, ਚੌਲਾਂ ਤੇ ਬਨਸਪਤੀ ਤੇਲ ਵਰਗੀਆਂ ਖੁਰਾਕੀ ਵਸਤਾਂ ਦੀਆਂ ਕੀਮਤਾਂ ਇਨ੍ਹਾਂ ਮਹੀਨਿਆਂ ਵਿਚ ਪਹਿਲੀ ਵਾਰ ਇੰਨੀਆਂ ਜ਼ਿਆਦਾ ਵਧੀਆਂ ਹਨ। ਇੰਨਾ ਹੀ ਨਹੀਂ, ਚੌਲਾਂ ਦੀਆਂ ਕੀਮਤਾਂ 12 ਸਾਲਾਂ ਦੇ ਰਿਕਾਰਡ ਪੱਧਰ ’ਤੇ ਪਹੁੰਚ ਗਈਆਂ ਹਨ। ਸੰਯੁਕਤ ਰਾਸ਼ਟਰ ਏਜੰਸੀ ਅਨੁਸਾਰ, ਯੁਕਰੇਨ ਨੂੰ ਦੁਨੀਆਂ ਭਰ ਵਿਚ ਅਨਾਜ ਭੇਜਣ ਦੀ ਇਜਾਜ਼ਤ ਦੇਣ ਵਾਲੇ ਯੁੱਧਕਾਲੀਨ ਸਮਝੌਤੇ ਤੋਂ ਰੂਸ ਦਾ ਬਾਹਰ ਹੋਣਾ ਤੇ ਭਾਰਤ ਵੱਲੋਂ ਚੌਲ ਦੇ ਕੁਝ ਨਿਰਯਾਤ ’ਤੇ ਪਾਬੰਦੀ ਲਾਉਣ ਵਰਗੇ ਕਾਰਕ ਇਸ ਮਹਿੰਗਾਈ ਲਈ ਜ਼ਿੰਮੇਵਾਰ ਹਨ।

ਸੰਯੁਕਤ ਰਾਸ਼ਟਰ ਦੀ ਖੁਰਾਕ ਏਜੰਸੀ ਐੱਫ.ਏ.ਓ. ਮੁਤਾਬਕ ਚੌਲਾਂ ਦਾ ਮੁੱਲ ਸੂਚਕ ਅੰਕ ਜੁਲਾਈ ’ਚ 2.8 ਫੀਸਦੀ ਦੇ ਵਾਧੇ ਨਾਲ 12 ਸਾਲ ਦੇ ਉੱਚ ਪੱਧਰ ’ਤੇ ਪਹੁੰਚ ਗਿਆ ਹੈ। ਇਹ ਪਿਛਲੇ ਸਾਲ ਜੁਲਾਈ ਦੇ ਮੁਕਾਬਲੇ 20 ਫੀਸਦੀ ਵਧਿਆ ਹੈ ਤੇ ਸਤੰਬਰ 2011 ਤੋਂ ਬਾਅਦ ਸਭ ਤੋਂ ਉੱਚੇ ਪੱਧਰ ’ਤੇ ਪਹੁੰਚ ਗਿਆ ਹੈ। ਐੱਫ.ਏ.ਓ. ਫੂਡ ਪ੍ਰਾਈਸ ਇੰਡੈਕਸ ਵਿਸ਼ਵ ਪੱਧਰ ’ਤੇ ਕਾਰੋਬਾਰ ਵਾਲੀਆਂ ਭੋਜਨ ਵਸਤੂਆਂ ਦੀਆਂ ਅੰਤਰਰਾਸ਼ਟਰੀ ਕੀਮਤਾਂ ਵਿਚ ਮਹੀਨਾਵਾਰ ਤਬਦੀਲੀ ਨੂੰ ਟ੍ਰੈਕ ਕਰਦਾ ਹੈ।

# ਭਾਰਤ ਦੀ ਨਾਗਰਿਕਤਾ ਛੱਡਣ ਵਾਲੇ ਲੋਕਾਂ ਦੀ ਤੇਜ਼ੀ ਨਾਲ ਵਧ ਰਹੀ ਹੈ ਗਿਣਤੀ

■ 87 ਹਜ਼ਾਰ ਤੋਂ ਵੱਧ ਲੋਕਾਂ ਨੇ ਇਸ ਸਾਲ ਜੂਨ ਮਹੀਨੇ ਤੱਕ ਛੱਡਿਆ ਦੇਸ਼

■ 2011 ਤੋਂ ਹੁਣ ਤੱਕ ਤਕਰੀਬਨ 17 ਲੱਖ ਭਾਰਤੀਆਂ ਨੇ ਆਪਣੀ ਨਾਗਰਿਕਤਾ ਛੱਡੀ

■ 2022 ’ਚ ਸਭ ਤੋਂ ਵੱਧ 2,25,620 ਭਾਰਤੀਆਂ ਨੇ ਛੱਡੀ ਨਾਗਰਿਕਤਾ

ਨਵੀਂ ਦਿੱਲੀ, (ਪੰਜਾਬ ਮੇਲ)- ਭਾਰਤ ਵਿਸ਼ਵ ਪੱਧਰ ’ਤੇ ਤੇਜ਼ੀ ਨਾਲ ਵਧ ਰਿਹਾ ਹੈ। ਕੇਂਦਰ ਸਰਕਾਰ ਦਾ ਦਾਅਵਾ ਹੈ ਕਿ ਜਲਦੀ ਹੀ ਸਾਡਾ ਦੇਸ਼ ਵਿਸ਼ਵ ਵਿਚ ਵਿਸ਼ਵ ਗੁਰੂ ਬਣੇਗਾ। ਪਰ ਇਸ ਸਭ ਦੇ ਵਿਚਕਾਰ ਭਾਰਤ ਸਰਕਾਰ ਵੱਲੋਂ ਦੇਸ਼ ਦੀ ਨਾਗਰਿਕਤਾ ਛੱਡਣ ਵਾਲੇ ਲੋਕਾਂ ਦੀ ਗਿਣਤੀ ਨੇ ਸਭ ਨੂੰ ਹੈਰਾਨ ਕਰ ਦਿੱਤਾ ਹੈ। ਹਰ ਸਾਲ ਵੱਡੀ ਗਿਣਤੀ ਵਿਚ ਲੋਕ ਭਾਰਤ ਦੀ ਨਾਗਰਿਕਤਾ ਛੱਡ ਰਹੇ ਹਨ। ਸਭ ਤੋਂ ਵੱਡੀ ਗੱਲ ਇਹ ਹੈ ਕਿ ਇਹ ਦੇਸ਼ ਦੇ ਉੱਚ ਵਰਗ ਦੇ ਲੋਕ ਹਨ, ਮਤਲਬ ਅਮੀਰ ਲੋਕ। ਦਰਅਸਲ, ਇਹ ਉਹ ਲੋਕ ਹਨ, ਜੋ ਦੇਸ਼ ਦੀ ਆਰਥਿਕਤਾ ਵਿਚ ਵੱਡੀ ਭੂਮਿਕਾ ਨਿਭਾਉਂਦੇ ਹਨ।

ਅਜਿਹੇ ’ਚ ਜੇਕਰ ਅਜਿਹੇ ਲੋਕ ਹਰ ਸਾਲ ਭਾਰਤ ਦੀ ਨਾਗਰਿਕਤਾ ਛੱਡ ਦਿੰਦੇ ਹਨ, ਤਾਂ ਆਉਣ ਵਾਲੇ ਸਮੇਂ ’ਚ ਦੇਸ਼ ਦੀ 5 ਟ੍ਰਿਲੀਅਨ ਅਰਥਵਿਵਸਥਾ ਦਾ ਸੁਪਨਾ ਕਿਵੇਂ ਪੂਰਾ ਹੋਵੇਗਾ, ਇਹ ਸੋਚਣ ਵਾਲੀ ਗੱਲ ਹੈ।

ਭਾਰਤ ਸਰਕਾਰ ਨੇ ਇਸ ਬਾਰੇ ਰਿਪੋਰਟ ਦਿੱਤੀ ਹੈ। ਜਿਸ ਅਨੁਸਾਰ ਜੂਨ 2023 ਤੱਕ 10-20 ਹਜ਼ਾਰ ਨਹੀਂ, ਸਗੋਂ 87,026 ਲੋਕ ਭਾਰਤ ਦੀ ਨਾਗਰਿਕਤਾ ਛੱਡ ਚੁੱਕੇ ਹਨ। ਦਰਅਸਲ, ਭਾਰਤੀ ਵਿਦੇਸ਼ ਮੰਤਰਾਲੇ ਨੇ ਸੰਸਦ ਵਿਚ ਇੱਕ ਸਵਾਲ ਦਾ ਜਵਾਬ ਦਿੰਦੇ ਹੋਏ ਇਹ ਅੰਕੜੇ ਦੱਸੇ ਹਨ। ਭਾਰਤ ਦੀ ਨਾਗਰਿਕਤਾ ਛੱਡ ਕੇ ਇਹ ਲੋਕ ਦੁਨੀਆਂ ਦੇ 135 ਦੇਸ਼ਾਂ ਵਿਚ ਆਪਣਾ ਨਵਾਂ ਟਿਕਾਣਾ ਬਣਾ ਰਹੇ ਹਨ। ਭਾਰਤ ਸਰਕਾਰ ਦੀ ਰਿਪੋਰਟ ਅਨੁਸਾਰ ਸਾਲ 2011 ਤੋਂ ਹੁਣ ਤੱਕ ਤਕਰੀਬਨ 17 ਲੱਖ ਭਾਰਤੀਆਂ ਨੇ ਆਪਣੀ ਨਾਗਰਿਕਤਾ ਛੱਡ ਦਿੱਤੀ ਹੈ। ਖਾਸ ਕਰਕੇ ਅਜਿਹੇ ਲੋਕ ਜੋ ਇਸ ਦੇਸ਼ ਵਿਚ ਅਮੀਰ ਮੰਨੇ ਜਾਂਦੇ ਹਨ। ਵਿਦੇਸ਼ ਮੰਤਰਾਲੇ ਦੀ ਰਿਪੋਰਟ ਅਨੁਸਾਰ ਸਾਲ 2022 ਵਿਚ ਸਭ ਤੋਂ ਵੱਧ 2,25,620 ਭਾਰਤੀਆਂ ਨੇ ਆਪਣੀ ਨਾਗਰਿਕਤਾ ਛੱਡ ਦਿੱਤੀ ਹੈ। ਹੁਣ ਸਵਾਲ ਇਹ ਉੱਠਦਾ ਹੈ ਕਿ ਇੰਨੇ ਲੋਕ ਭਾਰਤ ਦੀ ਨਾਗਰਿਕਤਾ ਕਿਉਂ ਛੱਡ ਰਹੇ ਹਨ। ਮਾਹਿਰਾਂ ਦਾ ਮੰਨਣਾ ਹੈ ਕਿ ਅਜਿਹੇ ਬਿਹਤਰ ਮੌਕਿਆਂ, ਬਿਹਤਰ ਸਿਹਤ ਸੰਭਾਲ ਅਤੇ ਜੀਵਨ ਦੀ ਬਿਹਤਰ ਗੁਣਵੱਤਾ ਲਈ ਲੋਕ ਭਾਰਤੀ ਨਾਗਰਿਕਤਾ ਛੱਡ ਰਹੇ ਹਨ। ਇਸ ਤੋਂ ਇਲਾਵਾ ਅਜਿਹੀਆਂ ਕਈ ਸਮੱਸਿਆਵਾਂ ਹਨ, ਜਿਸ ਕਾਰਨ ਲੋਕ ਭਾਰਤ ਦੀ ਨਾਗਰਿਕਤਾ ਛੱਡ ਕੇ ਦੂਜੇ ਦੇਸ਼ਾਂ ਦੀ ਨਾਗਰਿਕਤਾ ਲੈ ਰਹੇ ਹਨ।

ਭਾਰਤ ਦੀ ਨਾਗਰਿਕਤਾ ਛੱਡ ਕੇ ਦੁਨੀਆਂ ਦੇ ਕੁੱਲ 135 ਦੇਸ਼ਾਂ ਵਿਚ ਆਪਣਾ ਘਰ ਬਣਾ ਰਹੇ ਹਨ।



# ਕੈਨੇਡਾ ਵੱਲੋਂ ਐਕਸਪ੍ਰੈੱਸ ਐਂਟਰੀ ਅਧੀਨ ਪੀ.ਆਰ. ਅਰਜ਼ੀਆਂ ਲੈਣ ਦਾ ਸਿਲਸਿਲਾ ਸ਼ੁਰੂ

**■ ਪੰਜਾਬੀਆਂ ਲਈ ਸਭ ਤੋਂ ਵੱਡਾ ਮੌਕਾ**

**ਟੋਰਾਂਟੋ, (ਪੰਜਾਬ ਮੇਲ)**-ਕੈਨੇਡਾ ਸਰਕਾਰ ਨੇ ਕਾਰਪੈਂਟਰਾਂ, ਪਲੰਬਰਾਂ ਅਤੇ ਵੈਲਡਰਾਂ ਤੋਂ ਐਕਸਪ੍ਰੈਸ ਐਂਟਰੀ ਅਧੀਨ ਪੀ.ਆਰ. ਦੀਆਂ ਅਰਜ਼ੀਆਂ ਲੈਣ ਦਾ ਸਿਲਸਿਲਾ ਪਹਿਲੀ ਅਗਸਤ ਤੋਂ ਸ਼ੁਰੂ ਕਰ ਦਿੱਤਾ ਹੈ। ਇੰਮੀਗ੍ਰੇਸ਼ਨ ਮੰਤਰੀ ਮਾਰਕ ਮਿਲਰ ਨੇ ਕਿਹਾ ਕਿ ਕਿਰਤੀਆਂ ਦੀ ਜ਼ਰੂਰਤ ਪੂਰੀ ਕਰਨ ਵਾਸਤੇ ਇਹ ਕਦਮ ਕਾਰਗਰ ਸਾਬਤ ਹੋਵੇਗਾ। ਦੂਜੇ ਪਾਸੇ ਕੌਮਾਂਤਰੀ ਵਿਦਿਆਰਥੀਆਂ ਦੀ ਗਿਣਤੀ ਭਾਵੇਂ ਸਾਰੇ ਰਿਕਾਰਡ ਤੋੜ ਰਹੀ ਹੈ ਪਰ ਸਟੱਡੀ ਵੀਜ਼ਾ ਲਈ ਅਰਜ਼ੀ ਦਾਇਰ ਕਰਨ ਵਾਲੇ ਪੰਜ ਵਿਚੋਂ ਦੋ ਜਣਿਆਂ ਨੂੰ ਵੀਜ਼ਾ ਨਹੀਂ ਮਿਲਦਾ।

ਓਧਰ ਅਮਰੀਕਾ ਐੱਚ-1ਬੀ ਵੀਜ਼ਾ ਲਾਭਪਾਤਰੀਆਂ ਦੀ ਚੋਣ ਲਈ ਲਾਟਰੀ ਦੇ ਦੂਜਾ ਗੇੜ ਦੀ ਸ਼ੁਰੂ ਕੀਤੀ ਪ੍ਰਕਿਰਿਆ 'ਚ ਭਾਰਤੀਆਂ ਸਣੇ ਬਹੁਗਿਣਤੀ ਪੇਸ਼ੇਵਰਾਂ ਨੂੰ ਵੱਡਾ ਲਾਭ ਹੋਵੇਗਾ। ਇਸ ਪ੍ਰਕਿਰਿਆ ਰਾਹੀਂ 20-25 ਹਜ਼ਾਰ ਐੱਚ-1ਬੀ ਪਟੀਸ਼ਨਰਾਂ ਦੀ ਚੋਣ ਹੋ ਸਕਦੀ ਹੈ।

ਯੂਨਾਈਟਿਡ ਸਟੇਟਸ ਸਿਟੀਜ਼ਨਸ਼ਿਪ ਐਂਡ ਇੰਮੀਗ੍ਰੇਸ਼ਨ ਸਰਵਿਸਜ਼ (ਯੂ.ਐੱਸ.ਸੀ.ਆਈ.ਐੱਸ.) ਨੇ ਇਸ ਦੀ ਪੁਸ਼ਟੀ ਕਰਦਿਆਂ ਦੱਸਿਆ ਕਿ ਵਿੱਤੀ ਸਾਲ 2024 ਦਾ ਕੋਟਾ ਪੂਰਾ ਕਰਨ ਲਈ ਐੱਚ-1ਬੀ ਵੀਜ਼ਾ ਲਾਟਰੀ ਚੋਣ ਪ੍ਰਕਿਰਿਆ ਦਾ ਦੂਜਾ ਪੜਾਅ ਸ਼ੁਰੂ ਹੋਣ ਨਾਲ ਭਾਰਤੀ ਪੇਸ਼ੇਵਰਾਂ ਨੂੰ ਕਾਫ਼ੀ ਫਾਇਦਾ ਹੋ ਸਕਦਾ ਹੈ।

ਯੂ.ਐੱਸ.ਸੀ.ਆਈ.ਐੱਸ. ਮੁਤਾਬਕ ਉਹ ਲਾਟਰੀ ਚੋਣ ਪ੍ਰਕਿਰਿਆ ਦੀ ਵਰਤੋਂ ਕਰਕੇ ਪਹਿਲਾਂ ਜਮ੍ਹਾ ਕੀਤੀਆਂ ਗਈਆਂ ਇਲੈਕਟ੍ਰੌਨਿਕ ਰਜਿਸਟਰੇਸ਼ਨਾਂ ਵਿਚੋਂ ਵਾਧੂ ਰਜਿਸਟਰੇਸ਼ਨਾਂ ਦੀ ਚੋਣ ਕਰੇਗਾ। ਐੱਚ-1ਬੀ ਵੀਜ਼ਾ ਦਾ ਪਹਿਲਾ ਲਾਟਰੀ ਰਾਊਂਡ ਮਾਰਚ ਮਹੀਨੇ ਵਿਚ ਆਯੋਜਤ ਕੀਤਾ ਗਿਆ ਸੀ। ਅਮਰੀਕਾ ਸਾਲਾਨਾ 65 ਹਜ਼ਾਰ ਵੀਜ਼ਾ ਜਾਰੀ ਕਰਦਾ ਹੈ। ਹੋਰ 20 ਹਜ਼ਾਰ ਐੱਚ-1ਬੀ ਵੀਜ਼ਾ ਉਨ੍ਹਾਂ ਵਿਦੇਸ਼ੀਆਂ ਲਈ ਉਪਲੱਬਧ ਹੋਣਗੇ, ਜਿਨ੍ਹਾਂ ਨੇ ਅਮਰੀਕੀ ਯੂਨੀਵਰਸਿਟੀਆਂ ਵਿਚ ਸਟੇਮ ਪਾਠਕ੍ਰਮ ਪੂਰਾ ਕਰ ਲਿਆ ਹੈ।

# ਅਮਰੀਕਾ ਦੀਆਂ 5 ਕਾਊਂਟੀਆਂ 'ਚ ਗਰਮੀ ਕਾਰਨ ਹੋਈਆਂ 147 ਮੌਤਾਂ, ਮੌਤਾਂ ਵਧਣ ਦਾ ਖਦਸ਼ਾ

**ਸੈਕਰਾਮੈਂਟੋ, (ਹੁਸਨ ਲੜੋਆ ਬੰਗਾ/ਪੰਜਾਬ ਮੇਲ)**- ਪੈ ਰਹੀ ਅੱਤ ਦੀ ਗਰਮੀ ਕਾਰਨ ਅਮਰੀਕਾ ਦੀਆਂ 5 ਕਾਊਂਟੀਆਂ ਵਿਚ ਘੱਟੋ-ਘੱਟ 147 ਲੋਕਾਂ ਦੇ ਦਮ ਤੋੜ ਜਾਣ ਦੀ ਖਬਰ ਹੈ। ਮੈਡੀਕਲ ਮਾਹਿਰਾਂ ਦਾ ਕਹਿਣਾ ਹੈ ਕਿ ਅਸਲ ਵਿਚ ਮੌਤਾਂ ਇਸ ਤੋਂ ਵਧ ਹੋਈਆਂ ਹਨ। ਕੈਲੀਫੋਰਨੀਆ ਦੇ ਦੱਖਣੀ ਤੇ ਮੱਧ ਪੱਛਮੀ ਹਿੱਸੇ ਵਿਚ ਵੀ ਗਰਮੀ ਨਾਲ ਮੌਤਾਂ ਹੋਣ ਦੀ ਰਿਪੋਰਟ ਹੈ ਪਰੰਤੂ ਇਥੇ ਹੋਈਆਂ ਮੌਤਾਂ ਦੀ ਗਿਣਤੀ 5 ਕਾਊਂਟੀਆਂ 'ਚ ਹੋਈਆਂ ਮੌਤਾਂ ਨਾਲੋਂ ਘੱਟ ਹੈ। ਗਰਮੀ ਕਾਰਨ ਅਗਸਤ ਦੇ ਸ਼ੁਰੂ ਵਿਚ ਪੀਮਾ ਕਾਊਂਟੀ, ਐਰੀਜ਼ੋਨਾ 'ਚ 64, ਮੈਰੀਕੋਪਾ ਕਾਊਂਟੀ ਐਰੀਜ਼ੋਨਾ ਵਿਚ 39, ਕਲਾਰਕ ਕਾਊਂਟੀ, ਨਵਾਡਾ ਵਿਚ 26, ਵੈਬ ਕਾਊਂਟੀ ਟੈਕਸਾਸ ਵਿਚ 11 ਤੇ ਹੈਰਿਸ ਕਾਊਂਟੀ, ਟੈਕਸਾਸ ਵਿਚ 7 ਮੌਤਾਂ ਹੋਣ ਦੀਆਂ ਰਿਪੋਰਟਾਂ ਹਨ। ਮੈਰੀਕੋਪਾ ਕਾਊਂਟੀ ਵਿਚ ਹੋਈਆਂ 312 ਮੌਤਾਂ ਅਜੇ ਜਾਂਚ ਅਧੀਨ ਹਨ। ਸੰਭਾਵੀ ਤੌਰ 'ਤੇ ਇਹ ਮੌਤਾਂ ਵੀ ਗਰਮੀ ਕਾਰਨ ਹੋਈਆਂ ਹੋ ਸਕਦੀਆਂ ਹਨ।



ਫੀਨਿਕਸ ਖੇਤਰ 'ਚ ਅੱਤ ਦੀ ਗਰਮੀ ਦੌਰਾਨ ਇਕ ਮਰੀਜ਼ ਨੂੰ ਲੈਣ ਆਏ ਮੈਡੀਕਲ ਕਾਮੇ।

# ਗੁਜਰਾਤੀ 'ਭਾਈ' ਤੇ 'ਬੇਨ' ਲਈ ਪਾਸਪੋਰਟ ਬਣਾਉਣਾ ਹੋ ਰਿਹਾ ਔਖਾ!

**■ ਨੋਟਿਸ ਜਾਰੀ ਕਰਕੇ 2 ਜੂਨ ਤੱਕ ਵਿਸਥਾਰਿਤ ਰਿਪੋਰਟ ਮੰਗੀ**

**ਨਵੀਂ ਦਿੱਲੀ, (ਪੰਜਾਬ ਮੇਲ)**- ਭਾਰਤ ਦੇ ਵੱਖ-ਵੱਖ ਰਾਜਾਂ ਦੇ ਲੋਕਾਂ ਨੂੰ ਸੰਬੋਧਨ ਕਰਨ ਦਾ ਆਪਣਾ-ਆਪਣਾ ਵਿਸ਼ੇਸ਼ ਤਰੀਕਾ ਹੈ। ਜਿਵੇਂ ਗੁਜਰਾਤ ਵਿਚ, ਇੱਜ਼ਤ ਦੇਣ ਲਈ ਸਾਹਮਣੇ ਵਾਲੇ ਦੇ ਨਾਮ ਅੱਗੇ ਭਾਈ ਜਾਂ ਬੇਨ ਜੋੜਿਆ ਜਾਂਦਾ ਹੈ ਪਰ ਇੱਜ਼ਤ ਦੇਣ ਦੇ ਇਸ ਚੱਕਰ ਨੇ ਲੋਕਾਂ ਲਈ ਮੁਸ਼ਕਲਾਂ ਖੜ੍ਹੀਆਂ ਕਰ ਦਿੱਤੀਆਂ ਹਨ। ਇਸ ਕਾਰਨ ਹਜ਼ਾਰਾਂ ਲੋਕ ਸਰਕਾਰੀ ਦਫ਼ਤਰਾਂ ਦੇ ਚੱਕਰ ਕੱਟ ਰਹੇ ਹਨ। ਪਾਸਪੋਰਟ ਤੇ ਵੀਜ਼ਾ ਲੈਣ ਲਈ ਲੋਕ ਇਧਰ-ਉਧਰ ਜਾ ਕੇ ਆਪਣੇ ਨਾਂ ਤੋਂ ਭਾਈ-ਬੇਨ ਨੂੰ ਹਟਾ ਰਹੇ ਹਨ।

ਇਕ ਰਿਪੋਰਟ ਮੁਤਾਬਕ ਅਹਿਮਦਾਬਾਦ 'ਚ ਰਹਿਣ ਵਾਲੀ ਦੀਪਾਬੇਨ ਸ਼ਾਹ ਨਾਂ ਦੀ ਔਰਤ ਨੂੰ ਆਪਣੇ ਨਾਂ ਕਾਰਨ ਵਿਦੇਸ਼ ਯਾਤਰਾ ਲਈ ਅਪਲਾਈ ਕਰਨ 'ਚ ਦਿੱਕਤ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਉਹ ਪੇਸ਼ੇ ਤੋਂ ਸਿਹਤ ਮਾਹਿਰ ਹੈ। ਉਸ ਨੇ ਦੱਸਿਆ ਕਿ ਉਸ ਦੇ ਮਾਤਾ-ਪਿਤਾ ਨੇ ਉਸ ਦੇ ਨਾਂ ਨਾਲ ਬੇਨ ਜੋੜਿਆ ਸੀ।

ਦਰਅਸਲ, ਗੁਜਰਾਤ ਵਿਚ ਮਰਦਾਂ ਦੇ ਨਾਵਾਂ ਵਿਚ 'ਭਾਈ' ਤੇ ਔਰਤਾਂ ਦੇ ਨਾਵਾਂ ਵਿਚ 'ਬੇਨ' ਜੋੜਨ ਦਾ ਰਿਵਾਜ਼ ਹੈ। ਸਮੱਸਿਆ ਇਹ ਹੈ ਕਿ ਦੀਪਾਬੇਨ ਦੇ ਕੁਝ ਦਸਤਾਵੇਜ਼ਾਂ ਵਿਚ ਉਸ ਦਾ ਨਾਂ 'ਦੀਪਾਬੇਨ' ਲਿਖਿਆ ਗਿਆ ਹੈ, ਜਦੋਂਕਿ ਕੁਝ ਹੋਰ ਦਸਤਾਵੇਜ਼ਾਂ ਵਿਚ 'ਦੀਪਾ' ਨਾਂ ਵਰਤਿਆ ਗਿਆ ਹੈ। ਪਾਸਪੋਰਟ ਤੇ ਵੀਜ਼ੇ ਲਈ ਲੋੜੀਂਦੇ ਦਸਤਾਵੇਜ਼ਾਂ ਵਿਚ ਨਾਂ ਦੀ ਇਸ ਅਸਮਾਨਤਾ ਕਾਰਨ ਉਸ ਨੂੰ ਵਿਦੇਸ਼ ਜਾਣ ਲਈ ਵੀਜ਼ਾ ਨਹੀਂ ਮਿਲ ਸਕਿਆ।

ਗੁਜਰਾਤ ਵਿਚ ਨਾਮ ਦੇ ਅੱਗੇ 'ਭਾਈ' ਤੇ 'ਬੇਨ' ਸ਼ਬਦ ਜੋੜਨ ਦਾ ਰਿਵਾਜ਼ ਲੰਬੇ ਸਮੇਂ ਤੋਂ ਚੱਲਿਆ ਆ ਰਿਹਾ ਹੈ। ਭਾਰਤ ਦੇ ਪਹਿਲੇ ਗ੍ਰਹਿ ਮੰਤਰੀ ਵੱਲਭ ਭਾਈ ਪਟੇਲ ਤੇ ਉਦਯੋਗਪਤੀ ਧੀਰੂਭਾਈ ਅੰਬਾਨੀ ਤੋਂ ਲੈ ਕੇ ਉੱਤਰ ਪ੍ਰਦੇਸ਼ ਦੀ ਰਾਜਪਾਲ ਆਨੰਦੀਬੇਨ ਪਟੇਲ ਤੱਕ, ਇਨ੍ਹਾਂ ਸਾਰਿਆਂ ਦੇ ਨਾਵਾਂ ਨਾਲ 'ਭਾਈ' ਤੇ 'ਬੇਨ' ਸ਼ਬਦ ਜੁੜੇ ਹੋਏ ਹਨ। ਇਸ ਦਾ ਮਕਸਦ ਸਾਹਮਣੇ ਵਾਲੇ ਨੂੰ ਸਨਮਾਨ ਦੇਣਾ ਹੁੰਦਾ ਹੈ।


ਦੂਜੇ ਪਾਸੇ ਨਾਂ ਨਾਲ ਜੁੜੀ ਇਹ ਸ਼ਿਕਾਇਤ ਗੁਜਰਾਤ ਦੇ ਪਾਸਪੋਰਟ ਦਫਤਰ 'ਚ ਵੱਡੀ ਪੱਧਰ 'ਤੇ ਸਾਹਮਣੇ ਆ ਰਹੀ ਹੈ। ਪਾਸਪੋਰਟ ਤੇ ਵੀਜ਼ਾ ਲਈ ਜਨਮ ਸਰਟੀਫਿਕੇਟ, ਸਕੂਲ ਸਰਟੀਫਿਕੇਟ, ਆਧਾਰ ਕਾਰਡ ਤੇ ਹੋਰ ਦਸਤਾਵੇਜ਼ ਲੋੜੀਂਦੇ ਹਨ। ਇਨ੍ਹਾਂ ਦਸਤਾਵੇਜ਼ਾਂ ਨਾਂ ਦੀ ਅਸਮਾਨਤਾ ਕਾਰਨ ਪ੍ਰਕਿਰਿਆ ਅੱਗੇ ਨਹੀਂ ਵਧਦੀ।

ਸਫਾ 1 ਦਾ ਬਾਕੀ

## ਭਾਰਤ ਛੱਡ ਵਿਦੇਸ਼ਾਂ ਨੂੰ ਜਾ ਰਹੇ...

ਵੱਧ ਔਸਤ ਮਾਸਿਕ ਸ਼ੁੱਧ ਤਨਖਾਹ ਸਵਿਟਜ਼ਰਲੈਂਡ ਵਿਚ ਹੈ। ਇੱਥੇ ਔਸਤ ਮਾਸਿਕ ਸ਼ੁੱਧ ਤਨਖਾਹ 6,096 ਡਾਲਰ (4,98,652 ਰੁਪਏ) ਹੈ। ਸਿੰਗਾਪੁਰ ਵਿਚ ਔਸਤ ਮਾਸਿਕ ਸ਼ੁੱਧ ਤਨਖਾਹ 4989 ਡਾਲਰ (4,08,100 ਰੁਪਏ) ਹੈ। ਅਮਰੀਕਾ ਦੀ ਗੱਲ ਕਰੀਏ ਤਾਂ ਇੱਥੇ ਮਹੀਨਾਵਾਰ ਤਨਖਾਹ 4245 ਡਾਲਰ (3,47,241 ਰੁਪਏ) ਹੈ। ਲੱਖਾਂ ਭਾਰਤੀ ਅਮਰੀਕਾ ਜਾਣ ਦੀ ਇੱਛਾ ਰੱਖਦੇ ਹਨ। ਇਸ ਦੇ ਪਿੱਛੇ ਸਭ ਤੋਂ ਵੱਡਾ ਕਾਰਨ ਉੱਥੇ ਸਾਰੀਆਂ ਲੋੜੀਂਦੀਆਂ ਸਹੂਲਤਾਂ ਉਪਲਬਧ ਹਨ। ਇੱਕ ਰਿਪੋਰਟ ਮੁਤਾਬਕ ਅਮਰੀਕਾ ਵਿਚ 46 ਲੱਖ ਤੋਂ ਵੱਧ ਭਾਰਤੀ ਰਹਿੰਦੇ ਹਨ। ਦੂਜੇ ਨੰਬਰ 'ਤੇ ਸੰਯੁਕਤ ਅਰਬ ਅਮੀਰਾਤ ਹੈ, ਜਿੱਥੇ 31.5 ਲੱਖ ਭਾਰਤੀ ਮੂਲ ਦੇ ਲੋਕ ਰਹਿੰਦੇ ਹਨ। ਤੀਜੇ ਨੰਬਰ 'ਤੇ ਮਲੇਸ਼ੀਆ ਆਉਂਦਾ ਹੈ, ਜਿੱਥੇ ਲਗਪਗ 30 ਲੱਖ ਭਾਰਤੀ ਰਹਿੰਦੇ ਹਨ। ਇਮੀਗ੍ਰੇਸ਼ਨ ਐਕਟ, 1983, ਭਾਰਤ ਦੇ ਨਾਗਰਿਕਾਂ ਨੂੰ ਵਿਦੇਸ਼ਾਂ ਵਿਚ ਰੁਜ਼ਗਾਰ ਦੇ ਮੌਕੇ ਪ੍ਰਦਾਨ ਕਰਦਾ ਹੈ। ਇਸ ਕਾਨੂੰਨ ਤਹਿਤ ਭਾਰਤੀਆਂ ਨੂੰ 18 ਦੇਸ਼ਾਂ ਵਿਚ ਰੁਜ਼ਗਾਰ ਲਈ ਇਮੀਗ੍ਰੇਸ਼ਨ ਕਲੀਅਰੈਂਸ ਜਾਰੀ ਕੀਤੀ ਜਾਂਦੀ ਹੈ। ਇਹ ਦੇਸ਼ ਸੰਯੁਕਤ ਅਰਬ ਅਮੀਰਾਤ (ਯੂ.ਏ.ਈ.), ਸਾਊਦੀ ਅਰਬ, ਇੰਡੋਨੇਸ਼ੀਆ, ਕਤਰ, ਓਮਾਨ, ਕੁਵੈਤ, ਬਹਿਰੀਨ, ਮਲੇਸ਼ੀਆ, ਲੀਬੀਆ, ਜਾਰਡਨ, ਯਮਨ, ਸੂਡਾਨ, ਦੱਖਣੀ ਸੂਡਾਨ, ਅਫਗਾਨਿਸਤਾਨ, ਇੰਡੋਨੇਸ਼ੀਆ, ਸੀਰੀਆ, ਲੇਬਨਾਨ ਤੇ ਥਾਈਲੈਂਡ ਹਨ।



ਸਫਾ 1 ਦਾ ਬਾਕੀ

## ਪੰਜਾਬ ਸਰਕਾਰ ਆਈ ਬੈਕਫੁੱਟ 'ਤੇ : ਪੰਚਾਇਤੀ ਜ਼ਮੀਨਾਂ 'ਤੇ ...

ਪੰਚਾਇਤੀ ਜ਼ਮੀਨਾਂ 'ਤੇ ਨਾਜਾਇਜ਼ ਕਬਜ਼ਿਆਂ 'ਤੇ ਸਿੱਧਾ ਐਕਸ਼ਨ ਨਹੀਂ ਕਰੇਗੀ ਸਰਕਾਰ

ਇਸ ਬਾਰੇ ਪੇਂਡੂ ਵਿਕਾਸ ਤੇ ਪੰਚਾਇਤ ਮੰਤਰੀ ਲਾਲਜੀਤ ਭੁੱਲਰ ਨੇ ਕਿਹਾ ਕਿ ਭਵਿੱਖ ਵਿਚ ਜ਼ਿਲ੍ਹਾ ਪ੍ਰਸ਼ਾਸਨ ਤੇ ਮਾਲ ਵਿਭਾਗ ਤੋਂ ਜ਼ਮੀਨੀ ਰਿਕਾਰਡ ਸਬੰਧੀ ਜਾਣਕਾਰੀ ਲੈਣ ਤੇ ਜ਼ਿਲ੍ਹਾ ਪੱਧਰੀ ਕਾਨੂੰਨੀ ਕਮੇਟੀ ਤੋਂ ਮਨਜ਼ੂਰੀ ਲੈਣ ਮਗਰੋਂ ਹੀ ਜ਼ਮੀਨੀ ਕਬਜ਼ੇ ਛੁਡਾਏ ਜਾਣਗੇ। ਸਰਕਾਰ ਮੁਕੱਦਮੇਬਾਜ਼ੀ ਨੂੰ ਉਤਸ਼ਾਹਿਤ ਨਹੀਂ ਕਰਨਾ ਚਾਹੁੰਦੀ।

ਸਫਾ 1 ਦਾ ਬਾਕੀ

## ਬਾਇਡਨ ਪ੍ਰਸ਼ਾਸਨ ਵੱਲੋਂ ਬਾਰਡਰ 'ਤੇ ਕੀਤੀ ਸਖਤੀ ਖਿਲਾਫ ...

ਜੇ ਕਿਸੇ ਨੇ 'ਸੀ.ਬੀ.ਪੀ.-1' ਨੂੰ ਡਾਊਨਲੋਡ ਕਰਨ ਵਿਚ ਕਾਮਯਾਬੀ ਵੀ ਹਾਸਲ ਕੀਤੀ ਹੈ, ਉਨ੍ਹਾਂ ਨੇ ਵੀ ਕਿਹਾ ਕਿ ਇਸ ਵਿਚ ਬਹੁਤ ਖਾਮੀਆਂ ਹਨ, ਜਿਸ ਕਰਕੇ ਲੋਕਾਂ ਨੂੰ ਪ੍ਰੇਸ਼ਾਨੀਆਂ ਆ ਰਹੀਆਂ ਹਨ।

ਬਾਇਡਨ ਪ੍ਰਸ਼ਾਸਨ ਨੇ ਪਹਿਲੀ ਵਾਰ ਮਈ 2023 ਵਿਚ ਸ਼ਰਨ ਮੰਗਣ ਵਾਲਿਆਂ ਲਈ 'ਸੀ.ਬੀ.ਪੀ.-1' ਦੀ ਜ਼ਰੂਰਤ ਦਾ ਉਦੋਂ ਐਲਾਨ ਕੀਤਾ, ਜਦੋਂ ਅਮਰੀਕਾ ਨੇ ਟਾਈਟਲ 42 ਨਾਮੀ ਇਮੀਗ੍ਰੇਸ਼ਨ ਪਾਬੰਦੀ ਹਟਾਉਣ ਦਾ ਐਲਾਨ ਕੀਤਾ ਸੀ। ਹਾਲਾਂਕਿ ਇਸ ਨਾਲ ਸ਼ਰਨਾਰਥੀਆਂ ਦੀ ਗਿਣਤੀ ਤਾਂ ਭਾਵੇਂ ਕਾਫੀ ਘੱਟ ਗਈ ਸੀ, ਪਰ ਬਾਇਡਨ ਪ੍ਰਸ਼ਾਸਨ ਨੇ 'ਸੀ.ਬੀ.ਪੀ.-1' ਐਪ ਦੀ ਵਰਤੋਂ ਜਾਰੀ ਕਰਨਾ ਲਾਜ਼ਮੀ ਰੱਖਿਆ। ਜ਼ਿਕਰਯੋਗ ਹੈ ਕਿ ਇਸ ਵਕਤ ਅਮਰੀਕਾ-ਮੈਕਸੀਕੋ ਬਾਰਡਰ 'ਤੇ ਹਜ਼ਾਰਾਂ ਲੋਕ ਇਕੱਠੇ ਹੋ ਗਏ ਹਨ ਅਤੇ ਉਹ ਅਮਰੀਕਾ ਵਿਚ ਦਾਖਲ ਹੋਣ ਦੀ ਉਡੀਕ ਵਿਚ ਹਨ।

ਸਫਾ 1 ਦਾ ਬਾਕੀ

## ਕੈਲੀਫੋਰਨੀਆ ਸਟੋਰ 'ਚ ਇਕ ਸਿੱਖ ਸਮੇਤ ਦੋ ਵਰਕਰਾਂ ਵੱਲੋਂ ...

ਜੱਫਾ ਮਾਰ ਲਿਆ, ਜਦਕਿ ਇਕ ਹੋਰ ਵਰਕਰ ਜੋ ਸਿੱਖ ਹੈ, ਨੇ ਡੰਡੇ ਨਾਲ ਉਸ ਨੂੰ ਕੁੱਟਣਾ ਸ਼ੁਰੂ ਕਰ ਦਿਤਾ। ਉਹ ਚੋਰ ਵੱਲੋਂ ਮੁਆਫੀ ਮੰਗੇ ਜਾਣ ਤੱਕ ਉਸ ਨੂੰ ਕੁੱਟਦਾ ਰਿਹਾ। ਪੁਲਿਸ ਨੇ ਕਿਹਾ ਹੈ ਕਿ ਉਹ ਵੀਡੀਓ ਦੀ ਜਾਂਚ ਕਰ ਰਹੀ ਤੇ ਜਾਂਚ ਮੁਕੰਮਲ ਹੋਣ 'ਤੇ ਰਿਪੋਰਟ ਸੈਨ ਜੋਆਕੁਇਨ ਕਾਊਂਟੀ ਡਿਸਟ੍ਰਿਕਟ ਅਟਾਰਨੀ ਦੇ ਹਵਾਲੇ ਕਰ ਦੇਵੇਗੀ।

ਸਫਾ 1 ਦਾ ਬਾਕੀ

## ਅਮਰੀਕੀ ਸਰਹੱਦ ਪਾਰ ਕਰਨ ਵਾਲੇ ਗੈਰ ਕਾਨੂੰਨੀ...

ਇਕੱਲੇ ਬਾਲਗਾਂ ਦੇ ਉਲਟ, 18 ਸਾਲ ਤੋਂ ਘੱਟ ਉਮਰ ਦੇ ਇੱਕ ਜਾਂ ਇੱਕ ਤੋਂ ਵੱਧ ਬੱਚਿਆਂ ਵਾਲੇ ਪਰਿਵਾਰਾਂ ਨੂੰ ਸਰਹੱਦ ਪਾਰ ਕਰਨ ਵਾਲੇ ਪ੍ਰਵਾਸੀਆਂ ਨੂੰ ਮੌਜੂਦਾ ਬਾਇਡਨ ਪ੍ਰਸ਼ਾਸਨ ਨੀਤੀ ਦੇ ਤਹਿਤ ਇਮੀਗ੍ਰੇਸ਼ਨ ਨਜ਼ਰਬੰਦੀ ਵਿਚ ਨਹੀਂ ਰੱਖਿਆ ਜਾਂਦਾ ਹੈ। ਡੀ.ਐੱਚ.ਐੱਸ. ਅਧਿਕਾਰੀਆਂ ਨੇ ਕਿਹਾ ਕਿ ਬਾਇਡਨ ਪ੍ਰਸ਼ਾਸਨ ਪ੍ਰਵਾਸੀ ਪਰਿਵਾਰਾਂ ਨੂੰ ਨਜ਼ਰਬੰਦ ਕਰਨ ਬਾਰੇ ਵਿਚਾਰ ਨਹੀਂ ਕਰ ਰਿਹਾ ਹੈ। ਓਬਾਮਾ ਪ੍ਰਸ਼ਾਸਨ ਨੇ ਪ੍ਰਵਾਸੀ ਪਰਿਵਾਰਾਂ ਨੂੰ ਨਜ਼ਰਬੰਦ ਕੀਤਾ, ਜਦੋਂ ਜਨਸੰਖਿਆ ਪਹਿਲੀ ਵਾਰ 2014 'ਚ ਵਧਣੀ ਸ਼ੁਰੂ ਹੋਈ। ਹਾਲਾਂਕਿ ਬਾਇਡਨ ਪ੍ਰਸ਼ਾਸਨ ਦੇ ਅਧਿਕਾਰੀਆਂ ਨੇ ਪਰਿਵਾਰਾਂ ਦੀ ਨਜ਼ਰਬੰਦੀ ਨੂੰ ਪ੍ਰਵਾਸੀਆਂ ਲਈ ਇੱਕ ਸੰਭਾਵੀ ਰੁਕਾਵਟ ਸਮਝਿਆ, ਜਦੋਂ ਡੀ.ਐੱਚ.ਐੱਸ. ਅਧਿਕਾਰੀਆਂ ਨੇ ਸੋਚਿਆ ਕਿ ਟਾਈਟਲ 42 ਦੇ ਅੰਤ ਤੋਂ ਬਾਅਦ ਗਿਣਤੀ ਵਧੇਗੀ, ਉਨ੍ਹਾਂ ਨੇ ਅੰਤ ਵਿਚ ਫੈਸਲਾ ਕੀਤਾ ਕਿ ਇਹ ਅਣਮਨੁੱਖੀ ਸੀ। . ਇਸ ਦੀ ਬਜਾਏ, ਪ੍ਰਸ਼ਾਸਨ ਇੱਕ ਨਵੇਂ ਪ੍ਰੋਗਰਾਮ ਦੀ ਵਰਤੋਂ ਕਰ ਰਿਹਾ ਹੈ, ਜਿਸ ਵਿਚ ਚਾਰ ਯੂ.ਐੱਸ. ਸ਼ਹਿਰਾਂ ਵਿਚ ਹਾਲ ਹੀ ਵਿਚ ਪਹੁੰਚੇ ਪ੍ਰਵਾਸੀ ਪਰਿਵਾਰਾਂ ਨੂੰ ਕਰਫਿਊ ਵਿਚ ਰੱਖਿਆ ਗਿਆ ਹੈ ਅਤੇ ਉਨ੍ਹਾਂ ਦੇ ਪਰਿਵਾਰਾਂ ਦੇ ਮੁਖੀਆਂ ਨੂੰ ਉਨ੍ਹਾਂ ਦੀ ਇਮੀਗ੍ਰੇਸ਼ਨ ਅਦਾਲਤ ਦੀਆਂ ਤਾਰੀਖਾਂ ਤੱਕ ਗਿੱਟੇ ਦੇ ਮਾਨੀਟਰ ਪਹਿਨਣੇ ਚਾਹੀਦੇ ਹਨ। ਡੀ.ਐੱਚ.ਐੱਸ. ਦੇ ਬੁਲਾਰੇ ਨੇ ਇਕ ਬਿਆਨ 'ਚ ਕਿਹਾ, "ਸਰਹੱਦ 'ਤੇ ਆਏ ਪਰਿਵਾਰਾਂ ਨੂੰ ਸਖਤ ਸ਼ਰਤਾਂ ਦੇ ਨਾਲ ਤੇਜ਼ੀ ਨਾਲ ਹਟਾਉਣ ਦੁਆਰਾ ਕਾਰਵਾਈ ਕੀਤੀ ਜਾ ਰਹੀ ਹੈ, ਜਿਸ ਵਿਚ ਨਿਰੰਤਰ ਨਿਗਰਾਨੀ ਅਤੇ ਘਰੇਲੂ ਕਰਫਿਊ ਸ਼ਾਮਲ ਹਨ। ਡੀ.ਐੱਚ.ਐੱਸ. ਨੇ ਪਹਿਲਾਂ ਹੀ ਪਰਿਵਾਰਾਂ ਨੂੰ ਇਸ ਨਵੀਂ ਗੈਰ-ਬੰਦੀ ਲਾਗੂ ਕਰਨ ਦੀ ਪ੍ਰਕਿਰਿਆ ਰਾਹੀਂ ਹਟਾ ਦਿੱਤਾ ਹੈ। ਲੂਥਰਨ ਇਮੀਗ੍ਰੇਸ਼ਨ ਅਤੇ ਰਫਿਊਜੀ ਸਰਵਿਸਿਜ਼ ਦੇ ਪ੍ਰਧਾਨ ਅਤੇ ਸੀ.ਈ.ਓ. ਕ੍ਰਿਸ਼ ਓ'ਮਾਰਾ ਵਿਗਨਾਰਾਜਾ ਨੇ ਕਿਹਾ ਕਿ ਜਿਨ੍ਹਾਂ ਪਰਿਵਾਰਾਂ ਨੂੰ ਪਹਿਲਾਂ ਟਾਈਟਲ 42 ਦੇ ਤਹਿਤ ਆਪਣੇ ਬੱਚਿਆਂ ਨੂੰ ਵੱਖ ਕਰਨ ਅਤੇ ਬਿਨਾਂ ਸਾਥ ਭੇਜਣ ਲਈ ਪ੍ਰੇਰਨਾ ਮਿਲਦੀ ਸੀ, ਹੁਣ ਉਨ੍ਹਾਂ ਨੂੰ ਇਕੱਠੇ ਪਾਰ ਕਰਨ ਲਈ ਪ੍ਰੇਰਨਾ ਮਿਲਦੀ ਹੈ।


Do you know how to plan & secure your finances?

*Book your free consultations for*

- Tax free Retirement Planning
- College Education Planning
- Proper Protection
- Health & Disability (Long Term Care Planning)
- Annuities
- Will & Trust (Discounted for a limited time with conditions applied)
- Building Legacy



Harsimran Bajwa
Lic# 4267166
Call/Text: (916) 479-4783
Email: bajwahgi@gmail.com

*Let's do the needful to secure our life and our family's future!*




Mann & Associates Insurance Services, Inc.

Medicare Supplement Plans

• Life • Health • Travel • Medicare • Trucking • ਲਾਈਫ • ਹੈਲਥ • ਟ੍ਰੈਵਲ • ਮੈਡੀਕੇਅਰ • ਟਰੱਕਿੰਗ



Inderjeet Singh Mann
CA Lic# 0H82488

- The American Rescue Plan passed by President Biden could save you hundreds or even thousands of dollars a month.
- There is more financial help than ever before
- Even if you didn't qualify for subsidies before, now you might be able to save thousands on health insurance premiums.
- Huge tax credits are available only if you apply thru Covered California

- ਰਾਸ਼ਟਰਪਤੀ ਜੋਅ ਬਾਇਡਨ ਦੁਆਰਾ ਪਾਸ ਕੀਤੀ ਗਈ ਅਮਰੀਕੀ ਬਚਾਅ ਯੋਜਨਾ ਤੁਹਾਨੂੰ ਮਹੀਨੇ ਵਿੱਚ ਹਜ਼ਾਰਾਂ ਡਾਲਰ ਦੀ ਬਚਤ ਕਰਵਾ ਸਕਦੀ ਹੈ।
- ਪਹਿਲਾਂ ਨਾਲੋਂ ਵਧੇਰੇ ਵਿੱਤੀ ਮਦਦ ਮਿਲੀ ਹੈ।
- ਭਾਵੇਂ ਤੁਸੀਂ ਪਹਿਲਾਂ ਸਬਸਿਡੀਆਂ ਲਈ ਯੋਗਤਾ ਪੂਰੀ ਨਹੀਂ ਕਰਦੇ ਹੋ, ਪਰ ਹੁਣ ਤੁਸੀਂ ਸਿਹਤ ਬੀਮਾ ਪ੍ਰੀਮੀਅਮਾਂ 'ਤੇ ਹਜ਼ਾਰਾਂ ਲੋਕਾਂ ਨੂੰ ਬਚਾਉਣ ਦੇ ਯੋਗ ਹੋ ਸਕਦੇ ਹੋ।
- ਭਾਰੀ ਟੈਕਸ ਕ੍ਰੈਡਿਟ ਕੇਵਲ ਤਾਂ ਹੀ ਉਪਲਬਧ ਹੁੰਦੇ ਹਨ, ਜੇ ਤੁਸੀਂ ਕਵਰਡ ਕੈਲੀਫੋਰਨੀਆ ਦੁਆਰਾ ਅਰਜ਼ੀ ਦਿੰਦੇ ਹੋ।

ਹੈਲਥ ਇੰਸੋਰੈਂਸ ਨਾ ਕਰਵਾਉਣ 'ਤੇ ਤੁਹਾਨੂੰ ਜੁਰਮਾਨਾ ਵੀ ਹੋ ਸਕਦਾ ਹੈ। ਇਸ ਲਈ ਅੱਜ ਹੀ ਆਪਣੀ ਅਤੇ ਆਪਣੇ ਪਰਿਵਾਰ ਦੀ ਹੈਲਥ ਇੰਸ਼ੋਰੈਂਸ ਕਰਵਾਉਣ ਲਈ ਇੰਦਰਜੀਤ ਮਾਨ ਨੂੰ ਕਾਲ ਕਰੋ। ਜਿਹੜੇ Covered California ਦੇ Certified Agent ਸਨ। ਇੰਦਰਜੀਤ ਮਾਨ ਕੋਲ ਹੈਲਥ ਇੰਸੋਰੈਂਸ ਦਾ ਲੰਬੇ ਸਮੇਂ ਦਾ ਤਜ਼ਰਬਾ ਹੈ।

Anthem
COVERED CALIFORNIA
Certified Insurance Agent

Designed By Punjab Mail USA

Ph.: (916) 900-2000

# ਸ਼੍ਰੋਮਣੀ ਕਮੇਟੀ ਵੱਲੋਂ ਟਾਈਟਲਰ ਵਿਰੁੱਧ ਹਾਈ ਕੋਰਟ ਜਾਣ ਲਈ ਪੀੜਤਾਂ ਦੀ ਮਦਦ ਕਰਨ ਦਾ ਫੈਸਲਾ

**ਅੰਮ੍ਰਿਤਸਰ, (ਪੰਜਾਬ ਮੇਲ)-** ਸ਼੍ਰੋਮਣੀ ਕਮੇਟੀ ਦੀ ਅੰਤ੍ਰਿੰਗ ਕਮੇਟੀ ਨੇ ਸਿੰਘ ਸਭਾ ਲਹਿਰ, ਜੈਤੋ ਦਾ ਮੋਰਚਾ ਅਤੇ ਨਾਭਾ ਦਿਵਸ ਦੀ ਸ਼ਤਾਬਦੀ ਮਨਾਉਣ ਦੇ ਫੈਸਲੇ ਤੋਂ ਇਲਾਵਾ ਨਵੰਬਰ 1984 ਸਿੱਖ ਕਤਲੇਆਮ ਮਾਮਲਿਆਂ ਵਿਚ ਕਾਂਗਰਸੀ ਆਗੂ ਜਗਦੀਸ਼ ਟਾਇਟਲਰ ਨੂੰ ਦਿੱਤੀ ਅਗਾਊਂ ਜਮਾਨਤ ਖ਼ਿਲਾਫ਼ ਹਾਈ ਕੋਰਟ ਜਾਣ ਲਈ ਪੀੜਤ ਪਰਿਵਾਰਾਂ ਨੂੰ ਕਾਨੂੰਨੀ ਮਦਦ ਦੇਣ ਦਾ ਫ਼ੈਸਲਾ ਕੀਤਾ ਹੈ।

ਮੀਟਿੰਗ ਮਗਰੋਂ ਮੀਡੀਆ ਨਾਲ ਗੱਲ ਕਰਦਿਆਂ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ ਸਰਕਾਰਾਂ ਵੱਲੋਂ ਸਾਜ਼ਿਸ਼ ਤਹਿਤ ਸਿੱਖ ਮਾਮਲਿਆਂ ਵਿਚ ਬੇਲੋੜੀ ਦਖ਼ਲਅੰਦਾਜ਼ੀ ਕੀਤੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਇੱਕ ਸ਼ਿਕਾਇਤ ਦੇ ਆਧਾਰ 'ਤੇ ਕੌਮੀ ਘੱਟ ਗਿਣਤੀ ਕਮਿਸ਼ਨ ਵੱਲੋਂ ਸਰਕਾਰੀ ਏਜੰਸੀਆਂ ਨੂੰ ਸਿੱਖ ਸੰਸਥਾਵਾਂ ਦੇ ਮਾਮਲਿਆਂ ਲਈ ਜਾਂਚ ਲਈ ਕਹਿਣਾ ਗੈਰਵਾਜਬ ਹੈ। ਉਨ੍ਹਾਂ ਕਿਹਾ ਕਿ ਕਮਿਸ਼ਨ ਦੇ ਮੁਖੀ ਨੂੰ ਸ਼ਿਕਾਇਤ ਸਬੰਧੀ ਸ਼੍ਰੋਮਣੀ ਕਮੇਟੀ ਦੇ ਜਿਸ ਅੰਤ੍ਰਿੰਗ ਕਮੇਟੀ ਮੈਂਬਰ ਨੇ ਮੰਗ ਪੱਤਰ ਸੌਂਪਿਆ ਸੀ, ਉਸ ਨੇ ਅੰਤ੍ਰਿੰਗ ਕਮੇਟੀ ਦੀ ਮੀਟਿੰਗ 'ਚ ਮੁਆਫ਼ੀ ਮੰਗ ਲਈ ਹੈ।

ਪ੍ਰਧਾਨ ਸ਼੍ਰੀ ਧਾਮੀ ਨੇ ਕਮਿਸ਼ਨ ਦੇ ਮੁਖੀ ਇਕਬਾਲ ਸਿੰਘ ਲਾਲਪੁਰਾ ਨੂੰ ਨਸੀਹਤ ਦਿੱਤੀ ਕਿ ਉਹ ਰਾਜਨੀਤੀ ਕਰਨ ਦੀ ਥਾਂ ਘੱਟ ਗਿਣਤੀਆਂ ਨਾਲ ਸਬੰਧਤ ਮਾਮਲਿਆਂ ਵੱਲ ਧਿਆਨ ਦੇਣ। ਉਨ੍ਹਾਂ ਸਵਾਲ ਕੀਤਾ ਕਿ ਜੰਮੂ ਕਸ਼ਮੀਰ, ਮਨੀਪੁਰ, ਹਰਿਆਣਾ ਅਤੇ ਹੁਣ ਤਖ਼ਤ ਸ੍ਰੀ ਹਜ਼ੂਰ ਸਾਹਿਬ ਦੇ ਮਾਮਲੇ ਵਿਚ ਘੱਟ ਗਿਣਤੀ ਕਮਿਸ਼ਨ ਦੇ ਚੇਅਰਮੈਨ ਕਿਉਂ ਚੁੱਪ ਹਨ। ਉਨ੍ਹਾਂ ਕਿਹਾ ਕਿ ਪੁਲ ਬੰਗਸ਼ ਗੁਰਦੁਆਰਾ ਮਾਮਲੇ ਵਿਚ ਅਗਾਊਂ ਜਮਾਨਤ ਨੂੰ ਚੁਣੌਤੀ ਦੇਣ ਲਈ ਕਾਨੂੰਨੀ ਸਹਾਇਤਾ ਦੇ ਨਾਲ-ਨਾਲ ਮੁੱਖ ਗਵਾਹ ਬੀਬੀ ਲਖਵਿੰਦਰ ਕੌਰ ਨੂੰ ਲੋੜੀਂਦੀ ਵਿੱਤੀ ਮਦਦ ਵੀ ਦਿੱਤੀ ਜਾਵੇਗੀ।



ਅੰਮ੍ਰਿਤਸਰ 'ਚ ਮੀਡੀਆ ਨੂੰ ਸੰਬੋਧਨ ਕਰਦੇ ਹੋਏ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ।

# ਸ਼੍ਰੋਮਣੀ ਕਮੇਟੀ ਵੱਲੋਂ ਤਖ਼ਤ ਹਜ਼ੂਰ ਸਾਹਿਬ ਬੋਰਡ ਦਾ ਪ੍ਰਬੰਧਕ ਗੈਰ ਸਿੱਖ ਨੂੰ ਲਾਉਣ ਦਾ ਵਿਰੋਧ

**ਅੰਮ੍ਰਿਤਸਰ, (ਪੰਜਾਬ ਮੇਲ)-** ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਤਖ਼ਤ ਸ੍ਰੀ ਹਜ਼ੂਰ ਸਾਹਿਬ ਨਾਂਦੇੜ ਬੋਰਡ ਦੇ ਪ੍ਰਬੰਧਕ ਵਜੋਂ ਇਕ ਗੈਰ-ਸਿੱਖ ਦੀ ਨਿਯੁਕਤੀ 'ਤੇ ਸਖ਼ਤ ਇਤਰਾਜ਼ ਪ੍ਰਗਟ ਕਰਦਿਆਂ ਇਸ ਫ਼ੈਸਲੇ ਨੂੰ ਵਾਪਸ ਲੈਣ ਦੀ ਮੰਗ ਕੀਤੀ ਹੈ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਨੇ ਆਪਣਾ ਇਹ ਵਿਰੋਧ ਮਹਾਰਾਸ਼ਟਰ ਸਰਕਾਰ ਦੇ ਮੁੱਖ ਮੰਤਰੀ ਏਕਨਾਥ ਸ਼ਿੰਦੇ ਨੂੰ ਪੱਤਰ ਭੇਜ ਕੇ ਦਰਜ ਕਰਵਾਇਆ ਹੈ।

ਜਾਣਕਾਰੀ ਮੁਤਾਬਕ ਤਖ਼ਤ ਸ੍ਰੀ ਹਜ਼ੂਰ ਸਾਹਿਬ ਨਾਂਦੇੜ ਬੋਰਡ ਦੇ ਪ੍ਰਬੰਧਕ ਵਜੋਂ ਹੁਣ ਤੱਕ ਜ਼ਿਆਦਾਤਰ ਸਿੱਖਾਂ ਨੂੰ ਹੀ ਤਾਇਨਾਤ ਕੀਤਾ ਜਾਂਦਾ ਰਿਹਾ ਹੈ। ਐਡਵੋਕੇਟ ਧਾਮੀ ਨੇ ਕਿਹਾ ਕਿ ਇੱਕ ਗੈਰ-ਸਿੱਖ ਅਧਿਕਾਰੀ ਨੂੰ ਗੁਰਦੁਆਰਾ ਬੋਰਡ ਦਾ ਪ੍ਰਸ਼ਾਸਕ ਨਿਯੁਕਤ ਕਰਨਾ ਸਿੱਖ ਭਾਵਨਾਵਾਂ ਅਤੇ ਮਰਿਆਦਾ ਅਨੁਸਾਰ ਨਹੀਂ ਹੈ। ਮਹਾਰਾਸ਼ਟਰ ਸਰਕਾਰ ਦੇ ਇਸ ਫੈਸਲੇ ਵਿਰੁੱਧ ਸਿੱਖ ਸੰਗਤ ਵਿਚ ਭਾਰੀ ਰੋਸ ਹੈ। ਉਨ੍ਹਾਂ ਆਖਿਆ ਕਿ ਸਿੱਖ ਕੌਮ ਅੰਦਰ ਤਖ਼ਤ ਸਾਹਿਬਾਨ ਦੀ ਭੂਮਿਕਾ ਸਿੱਖ ਮਰਿਆਦਾ ਲਾਗੂ ਕਰਨ ਲਈ ਅਗਵਾਈ ਕਰਨਾ ਅਤੇ ਸਮੇਂ-ਸਮੇਂ ਨਿਰਦੇਸ਼ ਦੇਣਾ ਹੈ, ਇਸ ਲਈ ਕਿਸੇ ਗੈਰ-ਸਿੱਖ ਵਿਅਕਤੀ ਨੂੰ ਤਖ਼ਤ ਸਾਹਿਬ ਦੇ ਪ੍ਰਬੰਧਕੀ ਬੋਰਡ ਦੇ ਪ੍ਰਬੰਧਕ ਵਜੋਂ ਸਵੀਕਾਰ ਨਹੀਂ ਕੀਤਾ ਜਾ ਸਕਦਾ। ਉਨ੍ਹਾਂ ਕਿਹਾ ਕਿ ਕੋਈ ਗੈਰ ਸਿੱਖ ਵਿਅਕਤੀ ਸਿੱਖ ਭਾਵਨਾਵਾਂ ਅਨੁਸਾਰ ਗੁਰਦੁਆਰਿਆਂ ਦਾ ਪ੍ਰਬੰਧ ਵੀ ਨਹੀਂ ਚਲਾ ਸਕਦਾ।

# ਵੀਜ਼ਾ ਧੋਖਾਧੜੀ ਮਾਮਲਾ: ਕੈਨੇਡਾ ਸਰਕਾਰ ਵੱਲੋਂ ਵਿਦਿਆਰਥੀਆਂ ਲਈ ਅਹਿਮ ਐਲਾਨ

**ਟੋਰਾਂਟੋ, (ਪੰਜਾਬ ਮੇਲ)-** ਕੈਨੇਡਾ 'ਚ ਵੀਜ਼ਾ ਧੋਖਾਧੜੀ ਮਾਮਲੇ ਵਿਚ ਚੱਲ ਰਹੀ ਜਾਂਚ ਸਬੰਧੀ ਨਵੀਂ ਜਾਣਕਾਰੀ ਸਾਹਮਣੇ ਆਈ ਹੈ। ਕੈਨੇਡੀਅਨ ਬਾਰਡਰ ਸਰਵਿਸ ਏਜੰਸੀ ਦੀ ਖੁਫੀਆ ਅਤੇ ਇਨਫੋਰਸਮੈਂਟ ਸ਼ਾਖਾ ਨੇ ਖੁਲਾਸਾ ਕੀਤਾ ਹੈ ਕਿ ਲੋਕਾਂ ਤੋਂ ਮਿਲੇ ਸੁਝਾਵਾਂ ਦੇ ਆਧਾਰ 'ਤੇ ਉਨ੍ਹਾਂ ਨੇ ਸ਼ੁਰੂਆਤੀ ਤੌਰ 'ਤੇ 2,000 ਤੋਂ ਵੱਧ ਮਾਮਲਿਆਂ ਦੀ ਪਛਾਣ ਕੀਤੀ ਸੀ, ਜਿੱਥੇ ਵਿਦਿਆਰਥੀ ਵੀਜ਼ਾ ਪ੍ਰਾਪਤ ਕਰਨ ਲਈ ਜਾਅਲੀ ਦਸਤਾਵੇਜ਼ਾਂ ਦੀ ਵਰਤੋਂ ਕੀਤੀ ਗਈ ਸੀ ਅਤੇ ਹੁਣ ਉਨ੍ਹਾਂ ਨੇ ਅਜਿਹੇ ਸ਼ੱਕੀ ਮਾਮਲਿਆਂ ਨੂੰ 300 ਤੱਕ ਸੀਮਤ ਕਰ ਦਿੱਤਾ ਹੈ।



ਧੋਖਾਧੜੀ ਦਾ ਸ਼ਿਕਾਰ ਹੋਏ ਕੁਝ ਵਿਦਿਆਰਥੀਆਂ ਨੇ ਕੈਨੇਡਾ ਦੇ ਜਨਤਕ ਸੁਰੱਖਿਆ ਮੰਤਰੀ ਮਾਰਕੋ ਈ ਐਲ ਮੇਂਡੀਸੀਨੋ ਨੂੰ 8 ਜੂਨ ਨੂੰ ਇਕ ਚਿੱਠੀ ਭੇਜੀ ਸੀ। ਇਸ ਚਿੱਠੀ ਦਾ ਜਵਾਬ ਦਿੰਦੇ ਹੋਏ ਸ਼ਾਖਾ ਦੇ ਉਪ-ਪ੍ਰਧਾਨ ਐਰੋਨ ਮੈਕਰੋਰੀ ਨੇ ਉਕਤ ਅੰਕੜਿਆਂ ਦਾ ਖੁਲਾਸਾ ਕੀਤਾ। ਅੰਕੜਿਆਂ ਮੁਤਾਬਕ "2018 'ਚ ਸੀ.ਬੀ.ਐੱਸ.ਏ. ਸੰਗਠਿਤ ਅਪਰਾਧ ਸਮੂਹਾਂ ਦੀ ਜਾਂਚ ਕਰ ਰਿਹਾ ਸੀ ਅਤੇ ਵਿਦਿਆਰਥੀਆਂ ਦੇ ਸਕੂਲ ਨਾ ਜਾਣ ਅਤੇ ਅਪਰਾਧਿਕਤਾ ਅਤੇ ਗੈਂਗਾਂ ਵਿਚ ਸ਼ਾਮਲ ਹੋਣ ਦੇ ਮੁੱਦਿਆਂ ਤੋਂ ਜਾਣੂ ਹੋਇਆ ਸੀ। ਇਸ ਨਾਲ ਪੁੱਛਗਿੱਛ ਦੀਆਂ ਨਵੀਆਂ ਲਾਈਨਾਂ ਸ਼ੁਰੂ ਹੋਈਆਂ। 2020 ਵਿਚ ਜਨਤਾ ਦੇ ਸਹਿਯੋਗ ਨਾਲ ਉਨ੍ਹਾਂ ਨੇ 2,000 ਤੋਂ ਵੱਧ ਕੇਸਾਂ ਦੀ ਪਛਾਣ ਕੀਤੀ, ਜਿੱਥੇ ਵਿਦਿਆਰਥੀ ਵੀਜ਼ਾ ਪ੍ਰਾਪਤ ਕਰਨ ਲਈ ਧੋਖਾਧੜੀ ਵਾਲੇ ਦਸਤਾਵੇਜ਼ਾਂ ਦੀ ਵਰਤੋਂ ਕੀਤੀ ਗਈ ਹੋ ਸਕਦੀ ਹੈ। ਇਮੀਗ੍ਰੇਸ਼ਨ, ਰਫਿਊਜੀਜ਼ ਅਤੇ ਸਿਟੀਜ਼ਨਸ਼ਿਪ ਕੈਨੇਡਾ (ਆਈ.ਆਰ.ਸੀ.ਸੀ.) ਦੇ ਸਹਿਯੋਗ ਨਾਲ ਸੀ.ਬੀ.ਐੱਸ.ਏ. ਨੇ ਉਨ੍ਹਾਂ ਮਾਮਲਿਆਂ ਦੀ ਸਮੀਖਿਆ ਕੀਤੀ ਅਤੇ ਉਨ੍ਹਾਂ ਨੂੰ ਲਗਭਗ 300 ਮਾਮਲਿਆਂ ਤੱਕ ਸੀਮਤ ਕਰ ਦਿੱਤਾ। ਮੈਕਰੋਰੀ ਨੇ ਪੱਤਰ ਵਿਚ ਲਿਖਿਆ ਕਿ "ਸੀ.ਬੀ.ਐੱਸ.ਏ. ਆਪਣੇ ਸਾਹਮਣੇ ਕਿਸੇ ਵੀ ਮਾਮਲੇ ਨੂੰ ਤੱਥਾਂ ਦੇ ਆਧਾਰ 'ਤੇ ਕੇਸ-ਦਰ-ਕੇਸ ਦੇਖਦੀ ਹੈ। ਇਨ੍ਹਾਂ 300 ਸ਼ੱਕੀ ਮਾਮਲਿਆਂ ਵਿਚ ਅਸਲ ਵਿਦਿਆਰਥੀਆਂ ਤੋਂ ਲੈ ਕੇ ਉਨ੍ਹਾਂ ਲੋਕਾਂ ਤੱਕ ਜੋ ਕਥਿਤ ਤੌਰ 'ਤੇ ਇਸ ਸਕੀਮ ਵਿਚ ਸ਼ਾਮਲ ਸਨ ਅਤੇ ਜਿਨ੍ਹਾਂ ਨੇ ਕੈਨੇਡਾ ਵਿਚ ਦਾਖਲ ਹੋਣ ਲਈ ਸਿਸਟਮ ਦਾ ਕਥਿਤ ਤੌਰ 'ਤੇ ਫਾਇਦਾ ਉਠਾਇਆ ਹੈ ਹਾਲਾਤ ਵੱਖ-ਵੱਖ ਹਨ।

# ਕੈਨੇਡਾ ਜਾਣ ਦੇ ਚਾਹਵਾਨ ਸੈਂਕੜੇ ਵਿਦਿਆਰਥੀਆਂ ਨੂੰ ਲੱਗਾ ਝਟਕਾ

- **ਸੈਂਕੜੇ ਭਾਰਤੀ ਵਿਦਿਆਰਥੀਆਂ ਦੇ ਸਤੰਬਰ ਤੋਂ ਸ਼ੁਰੂ ਹੋ ਰਹੇ ਸੈਸ਼ਨ 'ਚ ਸ਼ਾਮਲ ਹੋਣ ਤੋਂ ਅਚਾਨਕ ਰੋਕ**
- **ਕੈਨੇਡਾ 'ਚ ਰਹਿਣ ਲਈ ਕਿਰਾਏ ਦਾ ਕਰ ਚੁੱਕੇ ਹਨ ਭੁਗਤਾਨ**


**ਟੋਰਾਂਟੋ, (ਪੰਜਾਬ ਮੇਲ)-** ਅਗਸਤ ਅਤੇ ਸਤੰਬਰ ਵਿਚ ਕੈਨੇਡਾ ਜਾਣ ਦੀ ਤਿਆਰੀ ਕਰ ਰਹੇ ਕਰੀਬ 3 ਹਜ਼ਾਰ ਵਿਦਿਆਰਥੀਆਂ ਨੂੰ ਵੱਡਾ ਝਟਕਾ ਲੱਗਾ ਹੈ। ਦਰਅਸਲ ਕੈਨੇਡਾ ਵਿਚ ਸੈਂਕੜੇ ਭਾਰਤੀ ਵਿਦਿਆਰਥੀਆਂ ਨੂੰ ਸਤੰਬਰ ਤੋਂ ਸ਼ੁਰੂ ਹੋ ਰਹੇ ਸੈਸ਼ਨ ਵਿਚ ਸ਼ਾਮਲ ਹੋਣ ਤੋਂ ਅਚਾਨਕ ਰੋਕ ਦਿੱਤਾ ਗਿਆ ਹੈ। ਮੁੱਖ ਤੌਰ 'ਤੇ ਓਨਟਾਰੀਓ ਦੇ ਨਾਰਦਰਨ ਕਾਲਜ ਨੇ ਸਤੰਬਰ ਸੈਸ਼ਨ ਲਈ ਵਿਦਿਆਰਥੀ ਲੈਣ ਤੋਂ ਇਨਕਾਰ ਕਰ ਦਿੱਤਾ ਹੈ ਅਤੇ ਜ਼ਿਆਦਾਤਰ ਵਿਦਿਆਰਥੀ ਪੰਜਾਬ ਦੇ ਹਨ। ਇਨ੍ਹਾਂ ਵਿਦਿਆਰਥੀਆਂ ਨੇ ਕੈਨੇਡਾ ਜਾਣ ਲਈ ਪੂਰੀ ਤਿਆਰੀ ਕਰ ਲਈ ਸੀ ਅਤੇ ਕੈਨੇਡਾ ਜਾਣ ਲਈ ਇਕ ਪਾਸੇ ਦੀਆਂ ਹਵਾਈ ਟਿਕਟਾਂ ਵੀ ਖ਼ਰੀਦੀਆਂ ਸਨ, ਜੋ ਹੁਣ ਵਾਪਸ ਨਹੀਂ ਕੀਤੀਆਂ ਜਾ ਸਕਦੀਆਂ ਹਨ। ਇਹ ਮਾਮਲਾ ਕੈਨੇਡਾ ਦੀਆਂ ਕੁਝ ਸਿੱਖ ਜਥੇਬੰਦੀਆਂ ਵੱਲੋਂ ਵੀ ਉਠਾਇਆ ਗਿਆ ਹੈ ਅਤੇ ਵਿਦਿਆਰਥੀਆਂ ਦੇ ਮਾਪੇ ਵੀ ਕਾਲਜ ਨੂੰ ਈਮੇਲ ਕਰਕੇ ਸਤੰਬਰ ਵਿਚ ਹੀ ਪੜ੍ਹਾਈ ਸ਼ੁਰੂ ਕਰਨ ਲਈ ਕਹਿ ਰਹੇ ਹਨ। ਇਸ ਮਾਮਲੇ ਵਿਚ ਓਨਟਾਰੀਓ ਦੇ ਕਾਲਜ ਅਤੇ ਯੂਨੀਵਰਸਿਟੀਜ਼ ਮੰਤਰੀ ਜੇਨ ਡਨਲੈਪ ਨੂੰ ਵੀ ਪੱਤਰ ਲਿਖਿਆ ਗਿਆ ਹੈ। ਵਿਦਿਆਰਥੀਆਂ ਦੀਆਂ ਮੁਸ਼ਕਲਾਂ ਦੇ ਮੱਦੇਨਜ਼ਰ ਕੈਨੇਡਾ ਦੀ ਵਰਲਡ ਸਿੱਖ ਆਰਗੇਨਾਈਜ਼ੇਸ਼ਨ ਨੇ ਨਾਰਦਰਨ ਕਾਲਜ ਨੂੰ ਪੱਤਰ ਲਿਖ ਕੇ ਕਿਹਾ ਹੈ ਕਿ ਅਚਾਨਕ ਸੈਂਕੜੇ ਵਿਦਿਆਰਥੀਆਂ ਦੇ ਦਾਖਲੇ ਵਾਪਸ ਲੈਣ ਦਾ ਫੈਸਲਾ ਸਹੀ ਨਹੀਂ ਹੈ।


ਵਕਤ ਬਦਲ ਚੁੱਕਾ ਹੈ, ਵਕਤ ਦੇ ਨਾਲ ਬਦਲ ਚੁੱਕੇ ਨੇ Entertainment ਦੇ ਸਾਧਨ ਵੀ

e-Baba Entertainment App ਨੂੰ Download ਕਰੋ।




ਹੁਣ ਕਿਸੇ ਵੀ Company ਦੇ ਬਣੇ Android TV 'ਚ eBaba App ਡਾਊਨਲੋਡ ਕਰੋ ਜਾਂ ਸਮਾਰਟ TV ਦੀ HDMI Port 'ਚ Google TV Dongle ਲਾਵੋ ਤੇ eBaba ਡਾਊਨਲੋਡ ਕਰਕੇ ਰਿਮੋਟ ਦੀ ਵਰਤੋਂ ਰਾਹੀਂ, ਵੱਡੀ TV Screen ਉਤੇ ਬਹੁਤ ਸਾਰੇ English, Punjabi, Hindi ਅਤੇ Urdu ਦੇ TV Channel ਫ੍ਰੀ 'ਚ ਵੇਖੋ ਅਤੇ ਰੇਡੀਓ 'ਚ ਸੁਣੋ, also eBaba Entertainment App available for your ਸਮਾਰਟ phone on app store and Play store.




Cast Dongle ਦੀ ਮਦਦ ਨਾਲ ਆਪਣੀ ਪਸੰਦੀਦਾ TV Channel ਜਾਂ Movies ਆਪਣੇ TV 'ਤੇ ਵੀ ਦੇਖ ਸਕਦੇ ਹੋ ਅਤੇ Drive ਕਰਦੇ ਵੇਲੇ Bluetooth ਨਾਲ ਰੇਡਿਓ ਵੀ ਸੁਣ ਸਕਦੇ ਹੋ।




ਇਸ ਲਈ ਜਲਦੀ ਤੋਂ ਜਲਦੀ ਇਹ App Download ਕਰੋ ਅਤੇ ਆਪਣੇ ਦੋਸਤਾਂ ਨਾਲ ਵੀ ਇਹ ਜਾਣਕਾਰੀ Share ਕਰੋ।

## ‘ਜੋ ਦਿਖਾ, ਸੋ ਲਿਖਾ’

# ਦੇਸ਼ ਵਿਚ ਨਫਰਤ ਅਤੇ ਫਿਰਕਾਪ੍ਰਸਤੀ ਦੀ ਰਾਜਨੀਤੀ ਭਾਰੂ

## ਵਿਰੋਧੀਆਂ ਪ੍ਰਤੀ ਸਹਿਣਸ਼ੀਲਤਾ ਹੋਈ ਅਲੋਪ

ਦਰਸ਼ਨ ਸਿੰਘ ਸ਼ੰਕਰ
ਜ਼ਿਲ੍ਹਾ ਲੋਕ ਸੰਪਰਕ ਅਫਸਰ (ਰਿਟਾ.)
ਫੋਨ: 99158-36543
(Punjab Mail USA)



ਜਿਉਂ-ਜਿਉਂ 2024 ਦੀਆਂ ਲੋਕ ਸਭਾ ਚੋਣਾਂ ਨਜ਼ਦੀਕ ਆ ਰਹੀਆਂ ਨੇ, ਤਿਉਂ-ਤਿਉਂ ਦੇਸ਼ ਵਿਚ ਹਰ ਪਾਸੇ ਅਫ਼ਰਾ-ਤਫ਼ਰੀ ਅਤੇ ਨਫਰਤ ਵਧ ਰਹੀ ਹੈ। ਰਾਜਨੀਤਿਕ, ਧਾਰਮਿਕ ਅਤੇ ਸਮਾਜਿਕ ਖੇਤਰਾਂ ਵਿਚ ਇਕ ਦੂਜੇ ਖਿਲਾਫ ਨਫਰਤ ਦੀ ਅੱਗ ਸਾਰੇ ਹੱਦਾਂ ਬੰਨ੍ਹੇ ਪਾਰ ਕਰ ਰਹੀ ਹੈ! ਜਿੱਥੇ ਰਾਜਸੀ ਪਾਰਟੀਆਂ ਇਕ ਦੂਜੇ ’ਤੇ ਵਾਰ ਕਰਨ ਦਾ ਕੋਈ ਮੌਕਾ ਨਹੀਂ ਖੁੰਝਣ ਦਿੰਦੀਆਂ, ਉਥੇ ਹੀ ਵੱਖ-ਵੱਖ ਭਾਈਚਾਰਿਆਂ ਵਿਚ ਖੂਨੀ ਝੜਪਾਂ ਰੋਜ਼ਾਨਾਂ ਸਾਹਮਣੇ ਆ ਰਹੀਆਂ ਨੇ। ਚੋਣਾਂ ਤੋਂ ਪਹਿਲਾਂ ਹੀ ਸਮੁੱਚਾ ਦੇਸ਼ ਨਫਰਤ ਅਤੇ ਮਜ਼ਹਬੀ ਦੰਗਿਆਂ ਦਾ ਅਖਾੜਾ ਬਣਿਆ ਨਜ਼ਰ ਆ ਰਿਹੈ। ਇਸ ਲੇਖ ਵਿਚ ਹੁਣੇ-ਹੁਣੇ ਵਾਪਰੀਆਂ ਕੁਝ ਰਾਜਨੀਤੀ ਅਤੇ ਸਮਾਜਿਕ ਖੇਤਰ ਦੀਆਂ ਹਿੰਸਕ ਘਟਨਾਵਾਂ ’ਤੇ ਵਿਚਾਰ ਕਰਾਂਗੇ, ਜਿਨ੍ਹਾਂ ਨੇ ਸਮੁੱਚੇ ਦੇਸ਼ ਨੂੰ ਚੌਂਕਾ ਕੇ ਰੱਖ ਦਿੱਤਾ ਹੈ।







### ਰਾਹੁਲ ਗਾਂਧੀ ਦਾ ਮਾਮਲਾ

ਕਾਂਗਰਸ ਪਾਰਟੀ ਦੇ ਲੀਡਰ ਰਾਹੁਲ ਗਾਂਧੀ ਨੂੰ ਮੋਦੀ ਸਰਨੇਮ ਮਾਣਹਾਨੀ ਮਾਮਲੇ ਵਿਚ ਸਜ਼ਾ ਉਪਰੰਤ ਸਪੀਕਰ ਵਲੋਂ ਸੰਸਦ ਦੀ ਮੈਂਬਰੀ ਤੋਂ ਬਰਖਾਸਤ ਕਰਨ ਅਤੇ ਸਰਕਾਰੀ ਰਿਹਾਇਸ਼ ਤੋਂ ਬੇਦਖਲ ਕਰਨ ਦਾ ਮਾਮਲਾ ਰਾਜਨੀਤਿਕ ਸੱਤਾ ਦੀ ਦੁਰਵਰਤੋਂ ਦਾ ਸਿਖਰ ਮੰਨਿਆ ਜਾ ਰਿਹੈ। ਸੱਤਾਧਿਰ ਵੱਲੋ ਵਿਰੋਧੀਆਂ ਨੂੰ ਹਰ ਹਰਬਾ ਵਰਤ ਕੇ ਪੂਰੀ ਤਰ੍ਹਾਂ ਖੁੰਜੇ ਲਾਉਣ ਦੀ ਇੱਕ ਤੈਅ ਨੀਤੀ ਦਾ ਹਿੱਸਾ ਹੀ ਤਾਂ ਹੈ। ਬੀਤੇ ਦਿਨੀਂ ਸੁਪਰੀਮ ਕੋਰਟ ਦੇ ਜਸਟਿਸ ਬੀ.ਆਰ. ਗਵਈ ਦੀ ਅਗਵਾਈ ਵਾਲੇ ਬੈਂਚ ਵਲੋਂ ਰਾਹੁਲ ਗਾਂਧੀ ਦੀ ਸਜ਼ਾ ’ਤੇ ਰੋਕ ਲਗਾਉਣ ਨਾਲ ਸੱਤਾਧਾਰੀਆਂ ਨੂੰ ਵੱਡਾ ਝਟਕਾ ਲੱਗਾ। ਸਖ਼ਤ ਟਿੱਪਣੀ ਕਰਦੇ ਸੁਪਰੀਮ ਕੋਰਟ ਨੇ ਕਿਹਾ ਕਿ ਟਰਾਇਲ ਜੱਜ ਨੇ ਲੋੜੀਂਦੇ ਕਾਰਨਾਂ ਤੇ ਆਧਾਰ ਤੋਂ ਬਿਨ੍ਹਾਂ ਵੱਧ ਤੋਂ ਵੱਧ ਦੋ ਸਾਲ ਦੀ ਸਜ਼ਾ ਸੁਣਾਈ ਹੈ। ਸਰਵਉੱਚ ਆਦਲਤ ਨੇ ਰਾਹੁਲ ਗਾਂਧੀ ਨੂੰ ਵੀ ਅਜਿਹੀਆਂ ਟਿੱਪਣੀਆਂ ਕਰਨ ਮੌਕੇ ਸਾਵਧਾਨ ਰਹਿਣ ਦੀ ਚੇਤਾਵਨੀ ਦਿੱਤੀ ਹੈ। ਕੋਰਟ ਨੇ ਕਿਹਾ ਕਿ ਮਾਮਲਾ ਕਿਸੇ ਇੱਕ ਵਿਅਕਤੀ ਦਾ ਨਹੀਂ ਹੈ, ਬਲਕਿ ਰਾਹੁਲ ਗਾਂਧੀ ਨੂੰ ਸੰਸਦ ਵਿਚ ਪਹੁੰਚਾਉਣ ਵਾਲੇ ਲੱਖਾਂ ਲੋਕਾਂ ਦੇ ਹੱਕਾਂ ਦਾ ਸਪੱਸ਼ਟ ਘਾਣ ਹੈ। ਰਾਹੁਲ ਗਾਂਧੀ ਨੇ ਆਪਣੇ ਸਟੈਂਡ ’ਤੇ ਕਾਇਮ ਰਹਿੰਦੇ ਮੁਆਫੀ ਮੰਗਣ ਤੋਂ ਇਨਕਾਰ ਕੀਤਾ ਸੀ। ਮਾਮਲਾ ਰਾਹੁਲ ਗਾਂਧੀ ਵਲੋਂ 2019 ਦੀਆਂ ਲੋਕ ਸਭਾ ਚੋਣਾਂ ਦੌਰਾਨ ਕਰਨਾਟਕ ਦੇ ਕੋਲਾਰ ਵਿਚ ਰੈਲੀ ਦੌਰਾਨ ਉਪਨਾਮ ਮੋਦੀ ’ਤੇ ਟਿੱਪਣੀ ਕਰਨ ਦਾ ਸੀ। ਜਿਸ ’ਤੇ ਗੁਜਰਾਤ ਦੇ ਭਾਜਪਾ ਵਿਧਾਇਕ ਪੂਰਨੇਸ਼ ਮੋਦੀ ਦੀ ਸ਼ਿਕਾਇਤ ’ਤੇ ਰਾਹੁਲ ਗਾਂਧੀ ਖ਼ਿਲਾਫ਼ ਧਾਰਾ 499 ਅਤੇ 500 ਦਰਜ ਕੀਤੇ ਮਾਮਲੇ ਵਿਚ ਸੂਰਤ ਅਦਾਲਤ ਵਲੋਂ ਮਾਣਹਾਨੀ ਦੇ ਦੋਸ਼ੀ ਐਲਾਨ ਕੇ ਵੱਧ ਤੋਂ ਵੱਧ ਦੋ ਸਾਲ ਦੀ ਸਜ਼ਾ ਸੁਣਾਈ ਗਈ। ਸੈਸ਼ਨ ਕੋਰਟ ਅਤੇ ਗੁਜਰਾਤ ਹਾਈ ਕੋਰਟ ਵਲੋਂ ਵੀ ਰਾਹੁਲ ਨੂੰ ਰਾਹਤ ਨਹੀਂ ਸੀ ਮਿਲੀ। ਸੁਪਰੀਮ ਕੋਰਟ ਦੇ ਫੈਸਲੇ ਨਾਲ ਪੂਰੀ ਕਾਗਰਸ ਵਿਚ ਜਸ਼ਨ ਦਾ ਮਾਹੌਲ ਹੈ। ਪ੍ਰਧਾਨ ਮਲਿਕਾਰਜੁਨ ਖੜਗੇ ਨੇ ਫ਼ੈਸਲੇ ਨੂੰ ‘ਸੱਚ ਦੀ ਜਿੱਤ’ ਦੱਸਦਿਆਂ ਕਿਹਾ ਕਿ ਲੋਕ ਸਭਾ ਸਕੱਤਰੇਤ ਨੂੰ ਰਾਹੁਲ ਗਾਂਧੀ ਦੀ ਮੈਂਬਰਸ਼ਿਪ ਬਹਾਲ ਕਰਨ ਵਿਚ ਉਹੀ ਮੁਸ਼ਤੈਦੀ ਦਿਖਾਉਣੀ ਪਵੇਗੀ, ਜਿਸ ਤਰ੍ਹਾਂ ਦੀ ਉਸ ਸਜ਼ਾ ਹੋਣ ਤੋਂ ਬਾਅਦ ਅਯੋਗ ਠਹਿਰਾਉਣ ਵੇਲੇ ਦਿਖਾਈ ਗਈ ਸੀ। ਦੇਸ਼ ਦੀ ਰਾਜਨੀਤੀ ਵਿਚ ਇਸ ਫੈਸਲੇ ਦੀ ਭਾਰੀ ਅਹਿਮੀਅਤ ਹੈ ਅਤੇ ਰਾਹੁਲ ਦੀ ਵਾਪਸੀ ਨਾਲ ਵਿਰੋਧੀ “ਇੰਡੀਆ” ਖੇਮੇ ਵਿਚ ਵੀ ਭਾਰੀ ਉਤਸ਼ਾਹ ਪਾਇਆ ਜਾ ਰਿਹੈ। ਸੁਪਰੀਮ ਕੋਰਟ ਦੇ ਫੈਸਲੇ ਦੀ ਕਾਪੀ ਮਿਲਣ ’ਤੇ ਰਾਹੁਲ ਗਾਂਧੀ ਦੀ ਸੰਸਦ ਵਜੋਂ ਮੈਂਬਰਸ਼ਿਪ ਬਹਾਲ ਕੀਤੀ ਗਈ ਹੈ ਅਤੇ ਉਨ੍ਹਾਂ ਦਾ ਸੰਸਦ ਵਿਚ ਭਰਵਾਂ ਸੁਆਗਤ ਹੋਇਆ। ਇਸ ਤੋਂ ਪਹਿਲਾਂ ਰਾਹੁਲ ਗਾਂਧੀ ਵਲੋਂ ਕੰਨਿਆਕੁਮਾਰੀ ਤੋਂ ਕਸ਼ਮੀਰ ਤੱਕ ਕੀਤੀ ਗਈ 3570 ਕਿਲੋਮੀਟਰ ਲੰਮੀ “ਭਾਰਤ ਜੋੜੋ” ਯਾਤਰਾ ਨਾਲ ਉਸ ਦਾ ਰਾਜਨੀਤਿਕ ਅਕਸ ਕਾਫੀ ਨਿਖਰਿਆ। ਇਸ ਯਾਤਰਾ ਨੂੰ ਉਸ ਨੇ ਨਫਰਤ ਦੇ ਬਾਜ਼ਾਰ ’ਚ ਮੁਹੱਬਤ ਦੀ ਦੁਕਾਨ ਦਸਕੇ ਬੀ.ਜੇ.ਪੀ. ’ਤੇ ਤਿੱਖੇ ਵਾਰ ਕੀਤੇ ਸਨ।



### ਕੇਜਰੀਵਾਲ ਦੇ ਕੁਤਰੇ ਖੰਭ

ਅਜਿਹੀ ਹੀ ਅਸਹਿਣਸ਼ੀਲਤਾ ਸਰਕਾਰ ਨੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਖ਼ਿਲਾਫ਼ ਦਿਖਾਈ ਹੈ ਅਤੇ ਉਸ ਦੀਆਂ ਉੱਚ ਅਫਸਰਾਂ ’ਤੇ ਕੰਟਰੋਲ ਦੀਆਂ ਸਾਰੀਆਂ ਸ਼ਕਤੀਆਂ ਖਤਮ ਕਰ ਦਿੱਤੀਆਂ ਨੇ। ਲੋਕ ਸਭਾ ਵਿਚ 3 ਅਗਸਤ ਨੂੰ ਨੈਸ਼ਨਲ ਕੈਪੀਟਲ ਟੈਰੀਟਰੀ ਆਫ ਦਿੱਲੀ (ਸੋਧ) ਬਿੱਲ, 2023 ਪਾਸ ਕਰ ਦਿੱਤਾ। ਬਿਲ ਦਾ ਰਾਜ ਸਭਾ ਵਿਚ ਵੀ ਪਾਸ ਹੋਣਾ ਤੈਅ ਸਮਝਿਆ ਜਾਂਦਾ ਹੈ। ਇਸ ਪਿੱਛੋਂ ਕੇਜਰੀਵਾਲ ਦਾ ਬਤੌਰ ਮੁੱਖ ਮੰਤਰੀ ਦਿੱਲੀ ’ਚ ਸ਼ਕਤੀਹੀਣ ਹੋਣਾ ਤੈਅ ਹੈ। ਬੇਸ਼ੱਕ ਐੱਨ.ਡੀ.ਏ. ਪਾਸ ਰਾਜ ਸਭਾ ਵਿਚ ਬਹੁਮਤ ਨਹੀਂ ਹੈ, ਪਰ ਵਾਈ.ਐੱਸ.ਆਰ.ਸੀ.ਪੀ. ਅਤੇ ਬੀਜੂ ਜਨਤਾ ਦਲ (ਬੀ.ਜੇ.ਡੀ.) ਵਲੋਂ ਬਿੱਲ ਸਮਰਥਨ ਨਾਲ ਬਿਲ ਪਾਸ ਕਰਾਉਣ ’ਚ ਮੁਸ਼ਕਲ ਪੇਸ਼ ਨਹੀਂ ਆਵੇਗੀ। ਸਰਵਉੱਚ ਅਦਾਲਤ ਵਲੋਂ 11 ਮਈ ਨੂੰ ਦਿੱਲੀ ਵਿਚ ਤਬਾਦਲੇ ਅਤੇ ਹੋਰ ਫੈਸਲੈ ਲੈਣ ਦੇ ਅਧਿਕਾਰ ਚੁਣੀ ਸਰਕਾਰ ਨੂੰ ਦਿੱਤੇ ਸੀ, ਇਸ ’ਤੇ ਤਿਲਮਲਾਈ ਕੇਂਦਰ ਸਰਕਾਰ ਨੇ ਆਰਡੀਨੈਂਸ ਰਾਹੀਂ ਮੁੜ ਸਾਰੇ ਅਧਿਕਾਰ ਉੱਪ ਰਾਜਪਾਲ ਹਵਾਲੇ ਕਰ ਦਿੱਤੇ। ਇਸ ਤੋਂ ਸਪੱਸ਼ਟ ਹੈ ਕਿ ਬੀ.ਜੇ.ਪੀ. ਆਪਣੇ ਵਿਰੋਧੀ ਨੂੰ ਕਿਸੇ ਵੀ ਕੀਮਤ ’ਤੇ ਬਰਦਾਸ਼ਤ ਕਰਨ ਲਈ ਤਿਆਰ ਨਹੀਂ। ਉਂਝ ਬੀ.ਜੇ.ਪੀ. ਚੋਣਾਂ ਦੌਰਾਨ ਆਪਣੇ ਚੋਣ ਮੈਨੀਫੈਸਟੋ ਵਿਚ ਦਿੱਲੀ ਨੂੰ ਪੂਰੇ ਰਾਜ ਦਾ ਦਰਜਾ ਦੇਣ ਦਾ ਵਾਅਦੇ ਕਰਦੀ ਰਹੀ ਹੈ, ਪਰ ਕਿਉਂਕਿ ਦਿੱਲੀ ਵਿਚ ਹੁਣ ਵੋਟਰਾਂ ਨੇ ਉਸ ਨੂੰ ਨਕਾਰ ਦਿੱਤਾ ਹੈ, ਇਸੇ ਕਾਰਨ ਉਸ ਨੂੰ ਕਿਸੇ ਵਿਰੋਧੀ ਪਾਰਟੀ ਦੀ ਸਰਕਾਰ ਮਨਜ਼ੂਰ ਨਹੀਂ।

### ਮਨੀਪੁਰ ਅਤੇ ਹਰਿਆਣਾ ’ਚ ਹਿੰਸਾ

4 ਮਈ ਨੂੰ ਮਨੀਪੁਰ ਦੇ ਥੰਬੋਲੇ ਜ਼ਿਲ੍ਹੇ ਦੀਆਂ ਸੜਕਾਂ ’ਤੇ ਵੱਡੇ ਹਜ਼ੂਮ ਵਲੋਂ ਦੂਜੇ ਫਿਰਕੇ ਦੀਆਂ ਦੋ ਔਰਤਾਂ ਨੂੰ ਅਲਫ਼ ਨੰਗਾ ਕਰਕੇ ਘੁਮਾਇਆ ਗਿਆ ਅਤੇ ਸਮੂਹਿਕ ਰੇਪ ਕੀਤਾ ਗਿਆ। ਪਹਾੜੀ ਖੇਤਰ ਦੇ ਕੂਕੀ-ਜ਼ੋਮੀ ਭਾਈਚਾਰੇ ਦੀਆਂ ਔਰਤਾਂ ਨਾਲ ਹੋਈ ਇਸ ਵਹਿਸ਼ੀ ਵਾਰਦਾਤ ਨੇ ਦੇਸ਼ ਨੂੰ ਪੂਰੇ ਵਿਸ਼ਵ ’ਚ ਸ਼ਰਮਸਾਰ ਕਰਕੇ ਰੱਖ ਦਿੱਤਾ। ਇਸ ਨਾਲ ਦੁਨੀਆਂ ਵਿਚ ਦੇਸ਼ ਦੇ ਲੋਕਤੰਤਰ ਅਤੇ ਮਨੁੱਖੀ ਅਧਿਕਾਰਾਂ ਦੇ ਘਾਣ ਦੀ ਪੁੱਜ ਕੇ ਖਿੱਲੀ ਉਡੀ ਹੈ ਅਤੇ ਪੂਰੀ ਇਨਸਾਨੀਅਤ ਸ਼ਰਮਸਾਰ ਹੋਈ। ਪਿਛਲੇ ਤਿੰਨ ਮਹੀਨਿਆਂ ਤੋਂ ਮਣੀਪੁਰ ’ਚ ਹਿੰਸਾ ਰੁਕਣ ਦਾ ਨਾਮ ਨਹੀਂ ਲੈ ਰਹੀ। ਹੁਣ ਤੱਕ 160 ਲੋਕਾਂ ਦੀ ਮੌਤ ਅਤੇ 80,000 ਤੋਂ ਵਧ ਲੋਕ ਬੇਘਰ ਹੋ ਚੁੱਕੇ ਹਨ। ਇਨਡਿਜੀਨਸ ਟ੍ਰਾਈਬ ਲੀਡਰਜ਼ ਫੋਰਮ ਦੀ ਨਸਲੀ ਦੰਗਿਆਂ ਦੌਰਾਨ ਮਾਰੇ ਗਏ 35 ਵਿਅਕਤੀਆਂ ਨੂੰ ਚੂਰਾਚਾਂਦਪੁਰ ਦੇ ਹਾਓਲਾਈ ਖੋਪੀ ਪਿੰਡ ’ਚ ਸਮੂਹਿਕ ਦਫ਼ਨਾਉਣ ਦੇ ਫੈਸਲੇ ਨੇ ਪੂਰੀ ਮਾਨਵਤਾ ਨੂੰ ਸੁੰਨ ਕਰਕੇ ਰੱਖ ਦਿੱਤਾ। ਇਸ ਸਮੇਂ ਪੂਰੇ ਸੂਬੇ ਵਿਚ ਇੰਟਰਨੈੱਟ ਸੇਵਾਵਾਂ ਬੰਦ ਨੇ। ਕੇਂਦਰ ਅਤੇ ਸੂਬੇ ਵਿਚ ਡਬਲ ਇੰਜਣ ਦੀਆਂ ਸਰਕਾਰਾਂ ਨੇ ਸਾਜਿਸ਼ੀ ਚੁੱਪ ਸਾ ਰੱਖੀ ਹੈ। ਮਾਣਯੋਗ ਸੁਪਰੀਮ ਕੋਰਟ ਦੇ ਚੀਫ਼ ਜਸਟਿਸ ਡੀ.ਵਾਈ. ਚੰਦਰਚੂੜ ਦੀ ਅਗਵਾਈ ਵਾਲੇ ਬੈਂਚ ਨੇ ਸੂਓ ਮੋਟੋ ਨੋਟਿਸ ਲਿਆ ਅਤੇ ਦੋ ਮਹਿਲਾਵਾਂ ਦੀ ਨਿਰਵਸਤਰ ਪਰੇਡ ਵਾਲੀ 4 ਮਈ ਦੀ ਵੀਡੀਓ ਨੂੰ ‘ਧੁਰ ਅੰਦਰ ਤੱਕ ਪ੍ਰੇਸ਼ਾਨ ਕਰਨ ਵਾਲੀ’ ਦੱਸਕੇ ਸਰਕਾਰ ਦੀ ਦੱਬਕੇ ਖਿਚਾਈ ਕੀਤੀ ਅਤੇ ਸੂਬੇ ਵਿਚ ਸੰਵਿਧਾਨਕ ਮਸ਼ੀਨਰੀ ਨੂੰ ਪੂਰੀ ਤਰ੍ਹਾਂ ਫੇਲ੍ਹ ਦਸਿਆ। ਸੰਸਦ ਵਿਚ ਵੀ ਵਿਰੋਧੀ ਧਿਰਾਂ ਵਲੋਂ ਮਾਮਲਾ ਪੂਰੇ ਜ਼ੋਰ-ਸ਼ੋਰ ਨਾਲ ਉਠਾਇਆ ਜਾ ਰਿਹਾ ਹੈ, ਪਰ ਪ੍ਰਧਾਨ ਮੰਤਰੀ ਸੰਸਦ ਵਿਚ ਬਿਆਨ ਦੇਣ ਤੋਂ ਹੀ ਕੰਨੀਂ ਕਤਰਾ ਰਹੇ ਨੇ। ਸਰਕਾਰ ਵਿਰੁੱਧ ਬੇਭਰੋਸਗੀ ਦਾ ਮਤਾ ਪੇਸ਼ ਹੋ ਚੁੱਕਾ ਹੈ।


### ਹਰਿਆਣਾ ਵਿਚ ਦੰਗੇ

ਇਸੇ ਤਰ੍ਹਾਂ ਪਿਛਲੇ ਹਫਤੇ ਹਰਿਆਣਾ ਦੇ ਨੂਹ ਵਿਚ ਬਜਰੰਗ ਦਲ ਵੱਲੋਂ ਕੱਢੀ ਗਈ ਧਾਰਮਿਕ ਯਾਤਰਾ ਦੌਰਾਨ ਦੋ ਫਿਰਕਿਆਂ ਵਿਚ ਖੂਨੀ ਦੰਗੇ ਹੋਏ, ਪੱਥਰਬਾਜ਼ੀ ਅਤੇ ਅਗਜ਼ਨੀ ਵਿਚ ਭਾਰੀ ਜਾਨੀ ਅਤੇ ਮਾਲੀ ਨੁਕਸਾਨ ਹੋਇਆ। ਤਣਾਅ ਫੈਲਣ ਕਾਰਨ ਨੂਹ ਜ਼ਿਲ੍ਹੇ ’ਚ ਕਰਫਿਊ ਲਗਾਇਆ ਗਿਆ ਅਤੇ ਇੰਟਰਨੈੱਟ ਸੇਵਾਵਾਂ ਬੰਦ ਕੀਤੀਆਂ ਗਈਆ। ਦੂਜੇ ਦਿਨ ਹਿੰਸਾ ਦਾ ਸੇਕ ਗੁਰੂਗ੍ਰਾਮ ਪੁੱਜਾ, ਜਿੱਥੇ ਭੀੜ ਨੇ ਇੱਕ ਮਸਜਿਦ ਨੂੰ ਅੱਗ ਲਗਾ ਦਿੱਤੀ ਤੇ ਇਸ ਘਟਨਾ ’ਚ ਇੱਥੋਂ ਦੇ ਨਾਇਬ ਇਮਾਮ ਦੀ ਮੌਤ ਹੋ ਗਈ। ਹੁਣ ਤੱਕ ਹਿੰਸਾ ’ਚ ਮਰਨ ਵਾਲੇ ਲੋਕਾਂ ਦੀ ਗਿਣਤੀ 7 ਹੋ ਗਈ। ਡਬਲ ਇੰਜਣ ਵਾਲੀ ਹਰਿਆਣਾ ਸਰਕਾਰ ਨੇ ਪੱਥਰਬਾਜ਼ੀ ਕਰਨ ਵਾਲਿਆਂ ਦੀਆਂ ਜਾਇਦਾਦਾਂ ’ਤੇ ਬੁਲਡੋਜ਼ਰ ਚਲਾ ਦਿੱਤੇ। ਇਸ ਨਾਲ ਘੱਟ ਗਿਣਤੀ ਭਾਈਚਾਰੇ ਅੰਦਰ ਸਹਿਮ ਦਾ ਮਾਹੌਲ ਬਣਿਆ ਹੋਇਆ ਹੈ। ਦੋਵੇਂ ਘਟਨਾਵਾਂ ’ਤੇ ਖੂਬ ਰਾਜਨੀਤੀ ਹੋ ਰਹੀ ਹੈ। ਕੁੱਲ ਮਿਲਾ ਕੇ ਦੇਖਿਆ ਜਾਏ ਤਾਂ 2024 ਲੋਕ ਸਭਾ ਚੋਣਾਂ ਤੋਂ ਪਹਿਲਾਂ ਵਿਰੋਧੀਆਂ ਨੂੰ ਦਬਾਉਣ ਅਤੇ ਸਮਾਜ ਵਿਚ ਨਫਰਤ ਦੀ ਨੀਤੀ ਤੈਅਸ਼ੁਧਾ ਯੋਜ਼ਨਾ ਤਹਿਤ ਚਲਾਈ ਜਾਂਦੀ ਦਿੱਸਦੀ ਹੈ। ਬੇਸ਼ੱਕ, ਇਸ ਦਾ ਚੋਣਾਂ ਵਿਚ ਲਾਭ ਤਾਂ ਮਿਲ ਸਕੇ, ਪਰ ਨਫਰਤ ਅਤੇ ਫੁੱਟਪਾਊ ਰਾਜਨੀਤੀ ਦੇ ਨਤੀਜੇ ਪੂਰੇ ਦੇਸ਼ ਅਤੇ ਸਮਾਜ ਨੂੰ ਜ਼ਰੂਰ ਭੁਗਤਣੇ ਪੈਣਗੇ।

# ਕਾਂਗਰਸ ਹਾਈ ਕਮਾਂਡ ਦੀ ਆਪ ਨਾਲ ਸਾਂਝ ਪੰਜਾਬ ਕਾਂਗਰਸ ਭੰਬਲਭੂਸੇ ਵਿਚ

-ਉਜਾਗਰ ਸਿੰਘ
ਸਾਬਕਾ ਜ਼ਿਲ੍ਹਾ ਲੋਕ ਸੰਪਰਕ ਅਧਿਕਾਰੀ
ਮੋਬਾਈਲ-94178 13072
ujagarsingh48@yahoo.com
(Punjab Mail USA)







ਪੰਜਾਬ ਦੇ ਸੁੱਤੇ ਪਏ ਕਾਂਗਰਸੀਆਂ 'ਤੇ ਗੜੇ ਪੈ ਗਏ, ਜਿਸ ਕਰਕੇ ਉਨ੍ਹਾਂ ਦੇ ਸਾਹ ਸੂਤੇ ਗਏ। ਉਨ੍ਹਾਂ ਵਿਚਾਰਿਆਂ ਨਾਲ ਕਾਂਗਰਸ ਹਾਈ ਕਮਾਂਡ ਨੇ ਜੱਗੋਂ ਤੇਰ੍ਹਵੀਂ ਕਰ ਦਿੱਤੀ। 2024 ਦੀਆਂ ਲੋਕ ਸਭਾ ਦੀਆਂ ਚੋਣਾਂ ਜਿੱਤਣ ਦੇ ਖਾਬ ਲੈਣ ਵਾਲੇ ਨੇਤਾਵਾਂ ਦੇ ਪਿਸੂ ਪੈ ਗਏ। ਕੇਂਦਰ ਸਰਕਾਰ ਵੱਲੋਂ ਦਿੱਲੀ ਸਰਕਾਰ ਦੇ ਫ਼ੈਸਲੇ ਵਿਰੁੱਧ ਲਿਆਂਦੇ ਗਏ ਆਰਡੀਨੈਂਸ ਦੇ ਖਿਲਾਫ਼ ਵਿਰੋਧੀ ਪਾਰਟੀਆਂ ਇਕਮੁੱਠ ਹੋ ਗਈਆਂ ਹਨ। ਕਾਂਗਰਸ ਹਾਈ ਕਮਾਂਡ ਨੇ ਵੀ ਇਸ ਆਰਡੀਨੈਂਸ ਦਾ ਵਿਰੋਧ ਕਰਨ ਦਾ ਫ਼ੈਸਲਾ ਬੈਂਗਲੂਰ ਵਿਚ ਹੋਣ ਵਾਲੀ ਵਿਰੋਧੀ ਪਾਰਟੀਆਂ ਦੀ ਮੀਟਿੰਗ ਤੋਂ ਇਕ ਦਿਨ ਪਹਿਲਾਂ ਕਰ ਦਿੱਤਾ ਸੀ। ਇਹ ਫ਼ੈਸਲਾ ਪੰਜਾਬ ਕਾਂਗਰਸ ਲਈ ਘਾਤਕ ਸਿੱਧ ਹੋਵੇਗਾ। ਉਨ੍ਹਾਂ ਦੇ ਸਪਨੇ ਚਕਨਾਚੂਰ ਹੋ ਗਏ ਹਨ। ਸਰਬ ਭਾਰਤੀ ਕਾਂਗਰਸ ਦੇ ਇਸ ਫ਼ੈਸਲੇ ਨਾਲ ਪੰਜਾਬ ਕਾਂਗਰਸ ਵਿਚ ਤੜਥੱਲੀ ਮੱਚ ਗਈ ਹੈ ਕਿਉਂਕਿ ਪੰਜਾਬ ਦੇ ਕਾਂਗਰਸੀ ਨੇਤਾਵਾਂ ਨੇ ਕਾਫੀ ਦੇਰ ਪਹਿਲਾਂ ਜਦੋਂ ਕੇਜਰੀਵਾਲ ਨੇ ਕਾਂਗਰਸ ਨੂੰ ਆਰਡੀਨੈਂਸ ਦੇ ਵਿਰੁੱਧ ਭੁਗਤਣ ਲਈ ਕਿਹਾ ਸੀ, ਉਦੋਂ ਉਨ੍ਹਾਂ ਕਾਂਗਰਸ ਹਾਈ ਕਮਾਂਡ ਨੂੰ ਆਮ ਆਦਮੀ ਪਾਰਟੀ ਨਾਲ ਹੱਥ ਮਿਲਾਉਣ ਵਿਰੁੱਧ ਆਪਣਾ ਪੱਖ ਦੱਸ ਦਿੱਤਾ ਸੀ। ਜਦੋਂ ਅਰਵਿੰਦ ਕੇਜਰੀਵਾਲ ਨੇ ਕਾਂਗਰਸ ਤੋਂ ਆਰਡੀਨੈਂਸ ਦੇ ਵਿਰੁੱਧ ਉਸ ਦਾ ਸਾਥ ਦੇਣ ਦੀ ਮੰਗ ਕੀਤੀ ਸੀ, ਤਾਂ ਪੰਜਾਬ ਕਾਂਗਰਸ ਦੇ ਸਾਰੇ ਸੀਨੀਅਰ ਨੇਤਾ ਅਮਰਿੰਦਰ ਸਿੰਘ ਰਾਜਾ ਵੜਿੰਗ ਪ੍ਰਧਾਨ ਪੰਜਾਬ ਪ੍ਰਦੇਸ਼ ਕਾਂਗਰਸ ਅਤੇ ਵਿਧਾਨ ਸਭਾ ਵਿਚ ਵਿਰੋਧੀ ਧਿਰ ਦੇ ਨੇਤਾ ਪ੍ਰਤਾਪ ਸਿੰਘ ਬਾਜਵਾ ਦੀ ਅਗਵਾਈ ਵਿਚ ਸਰਬ ਭਾਰਤੀ ਕਾਂਗਰਸ ਕਮੇਟੀ ਦੇ ਪ੍ਰਧਾਨ ਮਲਿਕ ਅਰਜਨ ਖੜਗੇ ਅਤੇ ਹੋਰ ਕੇਂਦਰੀ ਲੀਡਰਸ਼ਿਪ ਨੂੰ ਮਿਲਕੇ ਇਸ ਆਰਡੀਨੈਂਸ ਦਾ ਵਿਰੋਧ ਕਰਨ ਤੋਂ ਰੋਕਿਆ ਸੀ। ਇਸ ਫ਼ੈਸਲੇ ਤੋਂ ਬਾਅਦ ਵੀ ਕਾਂਗਰਸ ਹਾਈ ਕਮਾਂਡ ਕੋਲ ਪਹੁੰਚ ਕੀਤੀ ਹੈ। ਪੰਜਾਬ ਦੇ ਕਾਂਗਰਸੀਆਂ ਦਾ ਸਪੱਸ਼ਟ ਵਿਚਾਰ ਹੈ ਕਿ ਆਮ ਆਦਮੀ ਪਾਰਟੀ ਜਿਸ ਨੇ ਪੰਜਾਬ ਕਾਂਗਰਸ ਨੂੰ ਖ਼ੋਰਾ ਲਾਇਆ ਹੈ ਅਤੇ ਇਸ ਸਮੇਂ ਪੰਜਾਬ ਦੇ ਇੱਕ ਦਰਜਨ ਤੋਂ ਵੱਧ ਸੀਨੀਅਰ ਨੇਤਾਵਾਂ ਜਿਨ੍ਹਾਂ ਵਿਚ ਸਾਬਕਾ ਮੰਤਰੀ, ਵਿਧਾਨਕਾਰ ਅਤੇ ਹੋਰ ਨੇਤਾ ਸ਼ਾਮਲ ਹਨ, ਉਨ੍ਹਾਂ ਵਿਰੁੱਧ ਬਦਲਾਖ਼ੋਰੀ ਕਰਕੇ ਭ੍ਰਿਸ਼ਟਾਚਾਰ ਦੇ ਨਾਮ 'ਤੇ ਕੇਸ ਰਜਿਸਟਰ ਕਰਕੇ ਜੇਲ੍ਹਾਂ ਵਿਚ ਸੁੱਟੇ ਸਨ। ਕੁਝ ਨੇਤਾ ਅਜੇ ਵੀ ਜੇਲ੍ਹਾਂ ਦੀ ਹਵਾ ਖਾ ਰਹੇ ਹਨ ਤੇ ਕੁਝ ਹੋਰ 'ਤੇ ਗ੍ਰਿਫ਼ਤਾਰੀ ਦੀ ਤਲਵਾਰ ਲਟਕ ਰਹੀ ਹੈ। ਪੰਜਾਬ ਦੀ ਲੀਡਰਸ਼ਿਪ ਨੂੰ ਡਰ ਹੈ ਕਿ ਆਮ ਆਦਮੀ ਪਾਰਟੀ ਦਾ ਸਾਥ ਦੇਣ ਕਰਕੇ ਪੰਜਾਬ ਦੇ ਕਾਂਗਰਸੀ ਦੇ ਕੁਝ ਨੇਤਾ ਪਾਰਟੀ ਤੋਂ ਅਸਤੀਫ਼ੇ ਦੇ ਕੇ ਭਾਰਤੀ ਜਨਤਾ ਪਾਰਟੀ ਵਿਚ ਸ਼ਾਮਲ ਹੋ ਸਕਦੇ ਹਨ। ਕਿਉਂਕਿ ਭਾਰਤੀ ਜਨਤਾ ਪਾਰਟੀ ਦੀ ਪੰਜਾਬ ਇਕਾਈ ਦਾ ਪ੍ਰਧਾਨ ਸੁਨੀਲ ਕੁਮਾਰ ਜਾਖੜ ਲੰਬਾ ਸਮਾਂ ਕਾਂਗਰਸ ਪਾਰਟੀ ਵਿਚ ਰਿਹਾ ਹੈ ਅਤੇ ਉਹ ਪੰਜਾਬ ਪ੍ਰਦੇਸ਼ ਕਾਂਗਰਸ ਦਾ ਪ੍ਰਧਾਨ ਵੀ ਰਿਹਾ ਹੈ। ਉਹ ਆਪਣਾ ਅਸਰ-ਰਸੂਖ ਵਰਤਕੇ ਕਾਂਗਰਸੀ ਨੇਤਾਵਾਂ ਨੂੰ ਭਾਰਤੀ ਜਨਤਾ ਪਾਰਟੀ ਨਾਲ ਜੋੜ ਸਕਦਾ ਹੈ। ਕੁਝ ਨੇਤਾ ਇਹ ਵੀ ਸੋਚਦੇ ਹਨ ਕਿ ਜੇ ਆਮ ਆਦਮੀ ਪਾਰਟੀ ਦੀ ਸਪੋਰਟ ਹੀ ਕਰਨੀ ਹੈ, ਤਾਂ ਉਹ ਉਸ ਪਾਰਟੀ ਵਿਚ ਹੀ ਸ਼ਾਮਲ ਹੋ ਜਾਂਦੇ ਹਨ। ਦਸੰਬਰ 2013 ਵਿਚ ਕਾਂਗਰਸ ਪਾਰਟੀ ਨੇ ਦਿੱਲੀ ਵਿਚ ਆਮ ਆਦਮੀ ਪਾਰਟੀ ਨੂੰ ਸਰਕਾਰ ਬਣਾਉਣ ਲਈ ਆਪਣੀ ਸਪੋਰਟ ਦਿੱਤੀ ਸੀ। ਇਸ ਸਪੋਰਟ ਤੋਂ ਬਾਅਦ ਦਿੱਲੀ ਵਿਚ ਕਾਂਗਰਸ ਪਾਰਟੀ ਦਾ ਸਫਾਇਆ ਹੋਣਾ ਸ਼ੁਰੂ ਹੋ ਗਿਆ ਸੀ। ਉਸ ਸਮੇਂ ਕਾਂਗਰਸ ਦੇ ਬਹੁਤੇ ਨੇਤਾ ਕਾਂਗਰਸ ਛੱਡ ਕੇ ਆਮ ਆਦਮੀ ਪਾਰਟੀ ਵਿਚ ਸ਼ਾਮਲ ਹੋ ਗਏ ਸਨ। ਦੂਜੀ ਵਾਰ ਕਾਂਗਰਸ ਵਿਚੋਂ ਆਏ ਨੇਤਾਵਾਂ ਨੂੰ ਕੇਜਰੀਵਾਲ ਨੇ ਵਿਧਾਨ ਸਭਾ ਚੋਣਾਂ ਵਿਚ ਟਿਕਟਾਂ ਹੀ ਨਹੀਂ ਦਿੱਤੀਆਂ ਸਨ। ਆਮ ਆਦਮੀ ਪਾਰਟੀ ਨੂੰ ਦਿੱਤੀ ਸਪੋਰਟ ਦਾ ਨਤੀਜਾ ਕਾਂਗਰਸ ਹਾਈ ਕਮਾਂਡ ਦੇ ਸਾਹਮਣੇ ਹੈ, ਇਸ ਵਾਰ ਦਿੱਲੀ ਵਿਧਾਨ ਸਭਾ ਵਿਚ ਕਾਂਗਰਸ ਦਾ ਇਕ ਵੀ ਵਿਧਾਨਕਾਰ ਨਹੀਂ ਹੈ। ਕਾਂਗਰਸ ਪਾਰਟੀ ਫਿਰ ਵੀ ਨਹੀਂ ਸਮਝਦੀ, ਫਿਰ ਆਮ ਆਦਮੀ ਪਾਰਟੀ ਨਾਲ ਹੱਥ ਮਿਲਾ ਲਿਆ ਹੈ। ਪੰਜਾਬ ਵਿਚ ਵੀ ਕਾਂਗਰਸ ਦਾ ਦਿੱਲੀ ਵਾਲਾ ਹਾਲ ਹੋਵੇਗਾ। ਹਾਈ ਕਮਾਂਡ ਨੇ ਪੰਜਾਬ ਕਾਂਗਰਸ ਦੀਆਂ ਜੜ੍ਹਾਂ ਵਿਚ ਤੇਲ ਦੇ ਦਿੱਤਾ ਹੈ।

ਇਥੇ ਹੀ ਬਸ ਨਹੀਂ, 2024 ਵਿਚ ਲੋਕ ਸਭਾ ਦੀਆਂ ਚੋਣਾਂ ਆਉਣ ਵਾਲੀਆਂ ਹਨ। ਉਨ੍ਹਾਂ ਚੋਣਾ ਮੌਕੇ ਸੀਟਾਂ ਦੀ ਵੰਡ ਸਮੇਂ ਕੀ ਆਮ ਆਦਮੀ ਪਾਰਟੀ ਨਾਲ ਸੀਟਾਂ ਦੀ ਵੰਡ ਦਾ ਸਮਝੌਤਾ ਵੀ ਹੋਵੇਗਾ? ਜੇਕਰ ਅਜਿਹਾ ਸਮਝੌਤਾ ਹੁੰਦਾ ਹੈ, ਜਿਸ ਦੀ ਪੂਰੀ ਉਮੀਦ ਹੈ ਕਿਉਂਕਿ ਕਾਂਗਰਸ ਹਾਈ ਕਮਾਂਡ ਨੇ ਭਾਰਤੀ ਜਨਤਾ ਪਾਰਟੀ ਨੂੰ ਕੇਂਦਰ ਵਿਚ ਹਰਾਉਣ ਲਈ ਇਹ ਅੱਕ ਚੱਬਿਆ ਹੈ। ਲੰਬੇ ਲਾਭ ਲਈ ਕਈ ਵਾਰ ਛੋਟੇ ਲਾਭਾਂ ਨੂੰ ਅਣਡਿੱਠ ਕੀਤਾ ਜਾਂਦਾ ਹੈ। ਵਿਰੋਧੀ ਪਾਰਟੀਆਂ ਦੇ 'ਇੰਡੀਆ' ਫਰੰਟ ਨੇ ਐੱਨ.ਡੀ.ਏ. ਦੇ ਉਮੀਦਵਾਰਾਂ ਵਿਰੁੱਧ ਸਾਂਝੇ ਉਮੀਦਵਾਰ ਖੜ੍ਹੇ ਕਰਨ ਦਾ ਫ਼ੈਸਲਾ ਕੀਤਾ ਹੈ। ਇਸ ਕਰਕੇ ਪੰਜਾਬ ਪ੍ਰਦੇਸ਼ ਕਾਂਗਰਸ ਭੰਬਲਭੂਸੇ ਵਿਚ ਹੈ। ਪੰਜਾਬ ਦੇ ਕਾਂਗਰਸੀਆਂ ਵਿਚ ਘਬਰਾਹਟ ਪੈਦਾ ਹੋ ਗਈ ਹੈ। ਉਨ੍ਹਾਂ ਲਈ ਸੱਪ ਦੇ ਮੂੰਹ ਵਿਚ ਕੋਹੜ ਕਿਰਲੀ ਵਾਲੀ ਗੱਲ ਬਣੀ ਪਈ ਹੈ। ਲੋਕ ਸਭਾ ਦੀਆਂ ਚੋਣਾਂ ਵਿਚ ਜੇਕਰ ਵਿਧਾਨ ਸਭਾ ਦੀ ਚੋਣ ਵਿਚ ਪਈਆਂ ਵੋਟਾਂ ਦੇ ਹਿਸਾਬ ਨਾਲ ਟਿਕਟਾਂ ਦਿੱਤੀਆਂ ਗਈਆਂ, ਤਾਂ ਮਾਲਵੇ ਅਤੇ ਦੁਆਬੇ ਵਿਚ ਤਾਂ ਇਕ ਵੀ ਸੀਟ ਕਾਂਗਰਸ ਪਾਰਟੀ ਨੂੰ ਨਹੀਂ ਮਿਲੇਗੀ। ਜਲੰਧਰ ਦੀ ਉਪ ਚੋਣ ਤਾਂ ਥੋੜ੍ਹਾਂ ਸਮਾਂ ਪਹਿਲਾਂ ਹੀ ਆਮ ਆਦਮੀ ਪਾਰਟੀ ਨੇ ਜਿੱਤੀ ਹੈ, ਉਹ ਕਿਵੇਂ ਇਹ ਸੀਟ ਛੱਡਣਗੇ। ਇਸੇ ਤਰ੍ਹਾਂ ਮਾਝੇ ਵਿਚ ਵੱਧ ਤੋਂ ਵੱਧ ਦੋ ਸੀਟਾਂ ਮਿਲ ਸਕਦੀਆਂ ਹਨ, ਜਦੋਂਕਿ ਮਾੜੇ ਹਾਲਾਤ ਵਿਚ ਵੀ ਕਾਂਗਰਸ ਪਾਰਟੀ 7-8 ਸੀਟਾਂ ਜਿੱਤਦੀ ਰਹੀ ਹੈ। ਜੇਕਰ ਇਹ ਸਮਝੌਤਾ ਵਿਧਾਨ ਸਭਾ ਚੋਣਾਂ ਤੱਕ ਚਲਦਾ ਰਿਹਾ ਤਾਂ ਕਾਂਗਰਸ ਨੂੰ ਜਿਹੜੀਆਂ ਜਿੱਤੀਆਂ ਹੋਈਆਂ ਸੀਟਾਂ ਹਨ, ਉਹ ਹੀ ਲਗਪਗ 19-20 ਸੀਟਾਂ ਮਿਲਣਗੀਆਂ। ਫਿਰ ਕਾਂਗਰਸ ਪਾਰਟੀ ਪੰਜਾਬ ਵਿਚ ਸਰਕਾਰ ਬਣਾਉਣ ਬਾਰੇ ਤਾਂ ਸੋਚ ਵੀ ਨਹੀਂ ਸਕਦੀ। ਇਸ ਕਰਕੇ ਕਾਂਗਰਸੀ ਵਰਕਰਾਂ ਅਤੇ ਨੇਤਾਵਾਂ ਦੀ ਹਾਲਤ ਬਹੁਤ ਤਰਸਯੋਗ ਹੋਈ ਪਈ ਹੈ। ਵਿਧਾਨ ਸਭਾ ਵਿਚ ਵਿਰੋਧੀ ਧਿਰ ਕਾਂਗਰਸ ਪਾਰਟੀ ਦੇ ਨੇਤਾ ਪ੍ਰਤਾਪ ਸਿੰਘ ਬਾਜਵਾ ਕਹਿ ਰਹੇ ਹਨ ਕਿ ਭਾਵੇਂ ਲੋਕ ਸਭਾ ਦੀਆਂ ਚੋਣਾਂ ਨੂੰ ਲੈ ਕੇ ਮੀਟਿੰਗ ਹੋ ਚੁੱਕੀ ਹੈ ਪ੍ਰੰਤੂ ਇਸ ਦੇ ਬਾਵਜੂਦ ਪੰਜਾਬ ਵਿਚ ਕਾਂਗਰਸ ਪਾਰਟੀ ਇਕੱਲਿਆਂ ਆਪਣੇ ਬਲਬੂਤੇ 'ਤੇ ਲੋਕ ਸਭਾ ਦੀਆਂ ਚੋਣਾਂ ਲੜੇਗੀ। ਆਮ ਆਦਮੀ ਪਾਰਟੀ ਨਾਲ ਚੋਣ ਸਮਝੌਤਾ ਕਰਨ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ। ਇਥੇ ਸੋਚਣ ਵਾਲੀ ਗੱਲ ਹੈ ਕਿ ਜਦੋਂ ਪੰਜਾਬ ਦੇ ਕਾਂਗਰਸੀਆਂ ਦੀ ਲਗਾਮ ਦਿੱਲੀ ਦੇ ਹੱਥ ਹੈ, ਤਾਂ ਉਹ ਵਿਰੋਧ ਕਿਵੇਂ ਕਰਨਗੇ? ਕਾਂਗਰਸ ਹਾਈਕਮਾਂਡ ਨੇ ਆਰਡੀਨੈਂਸ ਦਾ ਵਿਰੋਧ ਕਰਨ ਦਾ ਫ਼ੈਸਲਾ ਕਰਨ ਲੱਗਿਆਂ, ਤਾਂ ਪੰਜਾਬ ਕਾਂਗਰਸ ਦੇ ਨੇਤਾਵਾਂ ਨੂੰ ਬੇਰਾਂ ਵੱਟੇ ਵੀ ਨਹੀਂ ਪੁੱਛਿਆ। ਇਸ ਕਰਕੇ ਪੰਜਾਬ ਕਾਂਗਰਸ ਆਪਣੇ ਆਪ ਨੂੰ ਠੱਗੀ ਹੋਈ ਮਹਿਸੂਸ ਕਰ ਰਹੀ ਹੈ। ਪੰਜਾਬ ਦੇ ਕਾਂਗਰਸੀ ਨੇਤਾਵਾਂ ਨੂੰ ਸਮਝਣਾ ਚਾਹੀਦਾ ਹੈ ਕਿ ਜਦੋਂ ਕਾਂਗਰਸ ਦੀ ਪੈਟਰਨ ਸੋਨੀਆਂ ਗਾਂਧੀ ਤ੍ਰਿਣਮੂਲ ਕਾਂਗਰਸ ਦੀ ਤੇਜ਼-ਤਰਾਰ ਨੇਤਾ ਮਮਤਾ ਬੈਨਰਜੀ ਨਾਲ ਸਮਝੌਤਾ ਕਰ ਸਕਦੀ ਹੈ, ਜਿਹੜੀ ਕਾਂਗਰਸ ਪਾਰਟੀ ਨੂੰ ਛੱਡ ਕੇ ਆਪਣੀ ਪਾਰਟੀ ਬਣਾਕੇ ਸਰਕਾਰ ਬਣਾਈ ਬੈਠੀ ਹੈ ਤਾਂ ਆਪ ਨਾਲ ਸਮਝੌਤਾ ਸਰਬ ਭਾਰਤੀ ਕਾਂਗਰਸ ਪਾਰਟੀ ਲਈ ਕੋਈ ਵੱਡੀ ਗੱਲ ਨਹੀਂ। ਨਿਤਿਸ਼ ਕੁਮਾਰ ਵਰਗੇ ਚੁਫੇਰ ਗੜ੍ਹੀਏ ਨਾਲ ਵੀ ਸਮਝੌਤਾ ਕਰ ਰਹੀ ਹੈ, ਜਿਹੜਾ ਭਾਰਤੀ ਜਨਤਾ ਪਾਰਟੀ ਨਾਲ ਰਲ ਕੇ ਕਾਂਗਰਸ ਦੀ ਬੇੜੀ ਵਿਚ ਵੱਟੇ ਪਾਉਂਦਾ ਰਿਹਾ ਹੈ। ਊਧਵ ਠਾਕਰੇ ਵੀ ਭਾਰਤੀ ਜਨਤਾ ਪਾਰਟੀ ਦੀ ਕੁੱਛੜ ਵਿਚ ਬੈਠਕੇ ਕਾਂਗਰਸ ਨੂੰ ਭ੍ਰਿਸ਼ਟਾਂ ਦੀ ਜਮਾਤ ਕਹਿੰਦਾ ਰਿਹਾ ਹੈ। ਪੰਜਾਬ ਦੇ ਕਾਂਗਰਸੀਆਂ ਨੂੰ ਸਮਝਣਾ ਚਾਹੀਦਾ ਹੈ, ਜਦੋਂ ਸੋਨੀਆਂ ਗਾਂਧੀ ਅਜਿਹੇ ਨੇਤਾਵਾਂ ਨਾਲ ਸਮਝੌਤੇ ਕਰ ਰਹੀ ਹੈ, ਜਿਹੜੇ ਉਸ ਦੀ ਜਾਨ ਦੇ ਦੁਸ਼ਮਣ ਸਨ, ਤਾਂ ਅਰਵਿੰਦ ਕੇਜਰੀਵਾਲ ਨਾਲ ਸਮਝੌਤਾ ਤਾਂ ਉਸ ਲਈ ਕੋਈ ਵੱਡੀ ਗੱਲ ਨਹੀਂ। ਕਾਂਗਰਸ ਹਾਈ ਕਮਾਂਡ ਨੇ ਜੇਕਰ ਹੁਣ ਪੰਜਾਬ ਦੇ ਨੇਤਾਵਾਂ ਨੂੰ ਨਹੀਂ ਪੁੱਛਿਆ ਤਾਂ ਟਿਕਟਾਂ ਲਈ ਮੀਟਿੰਗਾਂ ਸਮੇਂ ਕਿਉਂ ਪੁੱਛਣਗੇ? ਇੰਡੀਆ ਫਰੰਟ ਨੇ ਤਾਂ ਟਿਕਟਾਂ ਦੀ ਵੰਡ ਸੰਬੰਧੀ 10 ਮੈਂਬਰੀ ਕਮੇਟੀ ਬਣਾਉਣ ਦਾ ਐਲਾਨ ਵੀ ਕਰ ਦਿੱਤਾ ਹੈ। ਪੰਜਾਬ ਦੇ ਕਾਂਗਰਸੀਆਂ ਨੇ ਤਾਂ ਹਾਈ ਕਮਾਂਡ ਮੂਹਰੇ ਕੁਸਕਣਾ ਵੀ ਨਹੀਂ। ਆਮ ਆਦਮੀ ਪਾਰਟੀ ਦੀ ਸਰਕਾਰ ਪੰਜਾਬ ਦੇ ਕਾਂਗਰਸੀ ਨੇਤਾਵਾਂ ਨੂੰ ਬੇਇੱਜ਼ਤ, ਜ਼ਲੀਲ ਅਤੇ ਬਦਨਾਮ ਕਰਨ 'ਤੇ ਤੁਲੀ ਹੋਈ ਹੈ ਪ੍ਰੰਤੂ ਹਾਈ ਕਮਾਂਡ ਅਰਵਿੰਦ ਕੇਜਰੀਵਾਲ ਦੇ ਥੱਲੇ ਲੱਗ ਕੇ ਪੰਜਾਬ ਦੇ ਕਾਂਗਰਸੀਆਂ ਦੀ ਅਣਖ ਨੂੰ ਠੇਸ ਪਹੁੰਚਾ ਰਹੀ ਹੈ। ਪੰਜਾਬ ਦੇ ਕਾਂਗਰਸੀ ਨੇਤਾ ਬੇਬੱਸ ਹੋਏ ਪਏ ਹਨ, ਉਹ ਕਾਂਗਰਸ ਹਾਈ ਕਮਾਂਡ ਅੱਗੇ ਬੋਲਣ ਦੀ ਹਿੰਮਤ ਵੀ ਨਹੀਂ ਕਰਨਗੇ ਕਿਉਂਕਿ ਆਮ ਆਦਮੀ ਪਾਰਟੀ ਦੇ ਦਬਦਬੇ ਤੋਂ ਘਬਰਾਏ ਹੋਏ ਹਨ। ਜੇਕਰ ਇਹ ਸਮਝੌਤਾ ਪੰਜਾਬ ਵਿਚ ਲਾਗੂ ਹੁੰਦਾ ਹੈ, ਤਾਂ ਪੰਜਾਬ ਕਾਂਗਰਸ ਦੋਫਾੜ ਹੋ ਜਾਵੇਗੀ। ਕਾਂਗਰਸ ਹਾਈ ਕਮਾਂਡ ਮਹਿਸੂਸ ਕਰਦੀ ਹੈ ਕਿ ਉਨ੍ਹਾਂ ਦੀ ਪਾਰਟੀ ਦੀ ਜ਼ਮੀਨ ਖਿਸਕ ਚੁੱਕੀ ਹੈ, ਉਹ ਲੋਕ ਸਭਾ ਦੀਆਂ ਚੋਣਾਂ ਵਿਚ ਹਰ ਹਾਲਤ ਵਿਚ ਬੀ.ਜੇ.ਪੀ. ਨੂੰ ਹਰਾ ਕੇ ਬਦਲਾ ਲੈਣਾ ਚਾਹੁੰਦੀ ਹੈ। ਤੇਲ ਵੇਖੋ ਤੇਲ ਦੀ ਧਾਰ ਵੇਖੋ, ਊਂਟ ਕਿਸ ਕਰਵਟ ਬੈਠਦਾ ਹੈ।

# ਅਸੀਮ ਖੁਸ਼ੀਆਂ ਦਾ ਖਜ਼ਾਨਾ - ਪਰਦਾ ਜਾਂ ਪਰਦੇ ਅੰਦਰ ਰੰਗ ਹਜ਼ਾਰ

ਐਡਵੋਕੈਟ ਰਵਿੰਦਰ ਧਾਲੀਵਾਲ
ਪੰਜਾਬ ਹਰਿਆਣਾ ਹਾਈ ਕੋਰਟ
ਚੰਡੀਗੜ੍ਹ
ਮੋ: 78374-90309
(Punjab Mail USA)



ਮਨੁੱਖੀ ਜੀਵਨ ਬਹੁਤ ਖੂਬਸੂਰਤ ਹੈ। ਇਸ ਦੇ ਹਰ ਪਲ ਨੂੰ ਅਨੰਦ ਵਿਚ ਮਾਨਣਾ ਚਾਹੀਦਾ ਹੈ। ਭਾਵੇਂ ਅਸੀਂ ਦੂਜਿਆਂ ਨੂੰ ਖੁੱਲ੍ਹੀ ਕਿਤਾਬ ਵਾਂਗ ਵਿਚਰਨ ਦੀਆ ਲੱਖ ਨਸੀਹਤਾਂ ਦੇ ਦੇਈਏ ਪਰ ਉਸ 'ਤੇ ਅਮਲ ਕਰਨਾ ਕੋਈ ਸਾਧਾਰਨ ਕੰਮ ਨਹੀਂ। ਸਮਾਜ ਦੇ ਹਰ ਵਰਗ ਲਈ ਪਰਦਾ ਜਾਂ ਓਹਲਾ ਦੀ ਭੂਮਿਕਾ ਬਹੁਮੁੱਲੀ ਹੈ। ਇਹ ਸਮਾਜਿਕ ਕਦਰਾਂ-ਕੀਮਤਾਂ ਨੂੰ ਨਿਵਣ ਨਹੀਂ ਦਿੰਦਾ। ਅਸੀਂ ਜ਼ਿੰਦਗੀ ਦੇ ਕਈ ਪੱਖ ਪਰਦੇ ਵਿਚ ਰੱਖ ਕੇ ਵੀ ਅਸੀਮ ਖੁਸ਼ੀਆਂ ਮਾਣਦਾ ਹਾਂ। ਪਰਦੇ ਦੀ ਸ਼ਮੂਲੀਅਤ ਨੂੰ ਨਜ਼ਰਅੰਦਾਜ਼ ਕਰਨਾ ਅਸੰਭਵ ਹੈ। ਇਹ ਜਨਮ, ਮਰਨ, ਰਹਿਣ, ਖਾਣ-ਪੀਣ ਤੋਂ ਇਲਾਵਾ ਸਮਾਜਿਕ, ਆਰਥਿਕ ਤੇ ਰਾਜਨੀਤਿਕ ਗਲਿਆਰਾਂ 'ਚ ਵੀ ਅਹਿਮ ਭੂਮਿਕਾ ਨਿਭਾਉਂਦਾ ਹੈ। ਪਰਦੇ ਹਮੇਸ਼ਾ ਕੁਝ ਲੁਕਾਉਂਦੇ ਹਨ, ਚੰਗਾ ਜਾਂ ਬੁਰਾ! ਉਨ੍ਹਾਂ ਦਾ ਕੰਮ ਛੁਪਾਉਣਾ ਹੈ। ਜੇ ਤੁਸੀਂ ਕਿਸੇ ਬੁਰਾਈ ਨੂੰ ਢੱਕਣ ਵਾਲਾ ਪਰਦਾ ਦੇਖਦੇ ਹੋ, ਤਾਂ ਇਸ ਨੂੰ ਸੁੱਟ ਦਿਓ, ਉਹ ਖੜੋਤ ਪੈਦਾ ਕਰੇਗਾ "ਪਰਦੇ ਸਾਡੇ ਕੈਦੀ ਹਨ" ਮਨੁੱਖੀ ਸੋਚ 'ਤੇ ਪਰਦੇ ਉਦੋਂ ਹੀ ਆਜ਼ਾਦ ਮਹਿਸੂਸ ਕਰਦੇ ਹਨ, ਜਦੋਂ ਉਹ ਖਿੜਕੀਆਂ (ਦਾਇਰੇ) ਤੋਂ ਬਾਹਰ ਨਿਕਲ ਕੇ ਉੱਡਦੇ ਹਨ। ਕਿਸੇ ਦੀ ਜਾਨ ਬਚਾਉਣ ਜਾਂ ਸਮਾਜ ਭਲਾਈ ਦੇ ਕੰਮਾਂ ਨੂੰ ਨੇਪਰੇ ਚਾੜ੍ਹਨ ਲਈ ਛੋਟੀਆਂ ਗੱਲਾਂ 'ਤੇ ਪਰਦਾ ਪਾਉਣਾ ਕੋਈ ਵੱਡੀ ਗੱਲ ਨਹੀਂ ਹੁੰਦੀ।

ਸਾਡੀ ਰੋਜ਼ਮਰਾ ਦੀ ਜ਼ਿੰਦਗੀ ਦੀਆਂ ਖੁਸ਼ੀਆਂ ਪਰਦੇ ਦੇ ਓਹਲੇ ਵਿਚੋਂ ਹੀ ਮਿਲਦੀਆਂ ਹਨ। ਜਿਸ ਕਰਕੇ ਜੋ ਦਿਖਾਈ ਦਿੰਦਾ ਉਹ ਹੁੰਦਾ ਨਹੀਂ, ਜੋ ਹੁੰਦਾ ਹੈ ਉਹ ਦਿਖਾਈ ਨਹੀਂ ਦਿੰਦਾ। ਇਸੇ ਭਰਮ ਦੇ ਪਰਦੇ ਵਿਚ ਸਦੀਆਂ ਤੋਂ ਦੁਨੀਆਂ ਬੇਰੋਕ ਚੱਲ ਰਹੀ ਹੈ। ਬਹੁਤੇ ਮਨੁੱਖ ਜ਼ਿੰਦਗੀ ਦੀਆਂ ਅਣਸੁਖਾਵੀਆਂ ਘਟਨਾਵਾਂ ਦਿਲਾਂ ਵਿਚ ਲੈ ਕੇ ਹੀ ਜਹਾਨੋਂ ਕੂਚ ਕਰ ਜਾਂਦੇ ਹਨ। ਸ਼ਾਇਦ ਉਨ੍ਹਾਂ ਨੂੰ ਦੱਸਣ ਨਾਲੋਂ ਪਰਦਾ ਪਾਉਣਾ ਜ਼ਿਆਦਾ ਸੁੱਖਮਈ ਹੋਵੇਗਾ। ਪਰਦੇ ਦਾ ਸਬੰਧ ਜਨਮ ਤੋਂ ਲੈ ਕੇ ਮਰਨ ਤੱਕ ਨਾਲੋਂ-ਨਾਲ ਚੱਲਦਾ ਹੈ। ਇਸੇ ਲਈ ਜਨਮ ਪਿੱਛੋਂ ਕੱਪੜੇ ਪਾ ਕੇ ਹੀ ਲੋਕਾਂ ਦੇ ਸਾਹਮਣੇ ਆਉਂਦੇ ਹਨ ਤੇ ਆਖਰੀ ਰਵਾਨਗੀ ਸਮੇਂ ਮੂੰਹ ਵੀ ਦਿਖਾਈ ਨਹੀਂ ਦਿੰਦਾ। ਇਹ ਦੁਨੀਆਂ ਵਿਚ ਵਿਚਰਨ ਦੀ ਤਹਿਜ਼ੀਬ ਸਿਖਾਉਂਦਾ ਹੈ। ਪੁਰਾਣੇ ਸਮੇਂ ਵਿਚ ਔਰਤਾਂ ਘੁੰਡ (ਪਰਦਾ) ਕੱਢਦੀਆਂ ਸਨ। ਜੋ ਸਤਿਕਾਰ ਦਾ ਪ੍ਰਤੀਕ ਸੀ। ਜਿਸ ਨੂੰ ਸਭ ਧਰਮਾਂ ਨੇ ਬਰਾਬਰ ਦੀ ਮਾਨਤਾ ਬਖਸ਼ੀ। ਸਾਡੇ ਪੁਰਖਿਆਂ ਨੇ ਪੂਜਾ, ਦੌਲਤ, ਖਾਣ ਦੀਆਂ ਵਸਤਾਂ ਨੂੰ ਦਿਖਾਵੇ ਤੋਂ ਮਨਾਹੀ ਕੀਤੀ। ਪਰ ਨਵੀਂ ਪੀੜ੍ਹੀ ਨੇ ਇਸ ਪ੍ਰਥਾ ਦਾ ਮੁੱਢ ਕੁਦੀਮੋਂ ਹੀ ਭੋਗ ਪਾ ਦਿੱਤਾ। ਹੁਣ ਕਾਰ, ਘਰ, ਕੱਪੜੇ ਤਾਂ ਛੱਡੋ, ਹੋਟਲ ਖਾਣਾ ਖਾਣ ਤੋਂ ਪਹਿਲਾ ਦੀ ਸੋਸ਼ਲ ਮੀਡੀਆ 'ਤੇ ਖਾਣੇ ਦੀ ਫੋਟੋ ਪੈ ਜਾਂਦੀ ਹੈ। ਪੁਰਾਣੇ ਸਮੇਂ ਵਿਚ ਲੋਕ ਪਾਠ ਪੂਜਾ ਦਾ ਪੁੰਨ ਪਰਦੇ ਵਿਚ ਕਰਨ ਨਾਲ, ਭੋਜਨ ਪਰਦੇ ਵਿਚ ਕਰਨ ਨਾਲ ਬੁੱਧੀ ਤੇ ਨਾਰੀ ਦੀ ਸੁੰਦਰਤਾ ਪਰਦੇ ਪਿੱਛੇ, ਧੰਨ ਦਾ ਵਾਧੇ ਲਈ ਵੀ ਪਰਦਾ ਹੋਣਾ ਲਾਜ਼ਮੀ ਮੰਨਦੇ ਹੋਏ "ਭੋਜਨ, ਭਜਨ, ਖਜ਼ਾਨਾ, ਨਾਰੀ" ਚਾਰੋ ਪਰਦੇ ਦੇ ਅਧਿਕਾਰੀ ਵਰਗੇ ਪ੍ਰਵਚਨਾਂ 'ਤੇ ਪਹਿਰਾ ਦਿੰਦੇ ਸਨ।

ਸੋਸ਼ਲ ਮੀਡੀਆ ਦੇ ਯੁੱਗ ਵਿਚ ਸਮਾਨ ਵੇਚਣ ਲਈ ਮਸ਼ਹੂਰੀ ਜ਼ਰੂਰੀ ਹੈ ਪਰ ਇਹ ਸਿਧਾਂਤ ਨਿੱਜੀ ਜ਼ਿੰਦਗੀ ਲਈ ਲਾਜ਼ਮੀ ਨਹੀਂ। ਜਿਸ ਪਾਸੋਂ ਤੋਂ ਰੋਕ ਹੋਵੇ, ਮਨੁੱਖੀ ਸੁਭਾਅ ਦਾ ਝੁਕਾਅ ਉਧਰ ਜ਼ਿਆਦਾ ਹੁੰਦਾ ਹੈ। ਭਾਰਤ ਦੀ ਨੌਜਵਾਨੀ ਤੋਂ ਵੱਡੀ ਉਦਾਹਰਨ ਕੋਈ ਹੋਰ ਨਹੀਂ ਹੋ ਸਕਦੀ। ਅਸੀਂ ਮਹਾਨ ਯੋਧਿਆਂ ਗੁਰੂਆਂ, ਪੀਰਾਂ, ਪੈਗੰਬਰਾਂ ਦੀ ਧਰਤੀ ਦੇ ਵਾਰਸਾਂ। ਜਿਨ੍ਹਾਂ ਦੇ ਸੰਸਕਾਰਾਂ ਸਦਕੇ ਦੁਨੀਆਂ ਵਿਚ ਸਾਡਾ ਵੱਖਰਾ ਮੁਕਾਮ ਹੈ। ਕੀ ਇਹ ਵਿਰਾਸਤੀ ਪਹਿਚਾਣ ਬਣਾਈ ਰੱਖਣਾ ਜ਼ਰੂਰੀ ਨਹੀਂ, ਤਾਂ ਜੋ ਆਉਣ ਵਾਲੀਆਂ ਪੀੜ੍ਹੀਆਂ ਨੂੰ ਚੰਗਾ ਤੇ ਨਰੋਇਆ ਵਿਰਸਾ ਮਿਲ ਸਕੇ।

ਜਿੱਥੇ ਵਿਰਾਸਤ ਨਾਲ ਪਰਦੇ ਦੀ ਗੂੜ੍ਹੀ ਸਾਂਝ ਹੈ, ਉਥੇ ਹੀ ਹਿੰਦੀ ਸਿਨੇਮੇ ਨੇ ਪਰਦੇ ਨੂੰ ਫਿਲਮੀ ਪਰਦੇ 'ਤੇ ਬਾਖੂਬੀ ਪੇਸ਼ ਕੀਤਾ ਹੈ। ਇਸ ਨਾਲ ਮੌਜੂਦਾ ਦੌਰ ਵਿਚ ਨਾਚ ਜਾਂ ਕਸਰਤ ਦੀਆਂ ਵੰਨਗੀਆਂ ਹੀ ਪੇਸ਼ ਕੀਤੀਆਂ ਹਨ ਪਰ 50ਵੇਂ ਦੇ ਦਹਾਕੇ ਵਿਚ ਪਰਦੇ ਦੀ ਪੇਸ਼ਗੀ ਨਿਰਾਲੀ ਸੀ। ਪੰਜਾਬ ਦੇ ਮਸ਼ਹੂਰ ਲੇਖਕ ਸਾਹਿਰ ਲੁਧਿਆਣਵੀ ਦੁਆਰਾ ਲਿਖਿਆ ਸਾਧਨਾ ਫਿਲਮ ਦੀ ਕਵਾਲੀ "ਆਜ ਕਿਉ ਹਮ ਸੇ ਪਰਦਾ ਹੈ" ਦੇ ਰਾਹੀਂ ਨਾਰਾਜ਼ਗੀ ਤੇ ਪਰਦੇ ਦੇ ਸੁਮੇਲ ਦਾ ਅਨੂਠਾ ਮੇਲ ਪੇਸ਼ ਕੀਤਾ। ਪਰਦੇ ਪਿੱਛੇ ਸਾਜ਼ਿਸ਼ਾਂ, ਭੇਤ ਤੇ ਨਾਰਾਜ਼ਗੀ ਸਭ ਮਿਲ ਜਾਂਦੇ ਹਨ। ਇਸੇ ਪਰਦੇ ਓਹਲੇ ਖੁਸ਼ੀਆਂ ਤੇ ਅਹਿਸਾਸ ਵੀ ਮੌਜੂਦ ਹਨ, ਜੋ ਜਜ਼ਬਾਤਾਂ ਨੂੰ ਹੋਰ ਹਾਵੀ ਕਰਦੇ ਹਨ।

ਪੰਜਾਬੀ ਗਾਇਕੀ ਦੇ ਬਾਬਾ ਬੋਹੜ ਗੁਰਦਾਸ ਮਾਨ ਜੀ ਨੇ ਵੀ "ਪਰਦਾ ਕੱਜ ਲਈ ਸਾਈਆਂ ਮੇਰੀ ਚੰਗੀ ਮੰਦੀ ਦਾ" ਰਾਹੀਂ ਪਰਦੇ ਨੂੰ ਗੀਤ ਵਿਚ ਖੂਬਸੂਰਤੀ ਨਾਲ ਪੇਸ਼ ਕੀਤਾ। ਆਪਣੇ ਗੀਤ ਦੇ ਰਾਹੀਂ ਗਾਹੇ-ਬਗਾਹੇ ਹੋਈਆਂ ਗਲਤੀਆਂ ਉਪਰ ਪ੍ਰਮਾਤਮਾ ਨੂੰ ਪਰਦਾ ਪਾਉਣ ਦੀ ਅਰਜੋਈ ਕਰਦੇ ਹਨ। ਜੋ ਸ਼ਾਇਦ ਆਵਾਮ ਦੀਆਂ ਨਜ਼ਰਾਂ ਵਿਚ ਨਾ ਆਈਆਂ ਹੋਣ ਪਰ ਕਾਦਰ ਅੱਗੇ ਤਾਂ ਕੁਝ ਨਹੀਂ ਛੁਪਦਾ।

ਰਾਜਨੀਤੀ ਦਾ ਸਫਰ ਪਰਦੇ ਤੋਂ ਬਿਨਾ ਸੰਭਵ ਹੀ ਨਹੀਂ ਹੈ। ਨੇਤਾ ਸਾਫ-ਪਾਕ ਦਿੱਖ ਪੇਸ਼ ਕਰਦੇ ਹਨ, ਤਾਂ ਜੋ ਲੋਕਾਂ ਦਾ ਵਿਸ਼ਵਾਸ ਬਣਿਆ ਰਹੇ। ਜੋ ਬਹੁਤੀ ਵਾਰ ਪਰਦਾ ਤਾਣ ਕੇ ਹੀ ਬਣਾਈ ਹੁੰਦੀ ਹੈ, ਜਿਸ ਸਦਕਾ ਵਜੀਰੀਆਂ ਨਿਵਾਜੀਆਂ ਤੇ ਬਚਾਈਆਂ ਜਾਂਦੀਆਂ ਹਨ। ਸਮੇਂ ਦੇ ਗੇੜ ਨਾਲ ਘਪਲੇ ਜਾ ਗੈਰ-ਸਮਾਜਿਕ ਕੰਮਾਂ ਤੋਂ ਪਰਦਾ ਉਠਦਿਆਂ ਪਾਰਟੀ ਮੈਂਬਰਸ਼ਿਪ ਵੀ ਨਹੀਂ ਰਹਿੰਦੀ। ਅਜਿਹੀਆਂ ਅਨੇਕਾਂ ਉਦਾਹਰਨਾਂ ਹਨ, ਜਦੋਂ ਤਾਅ ਉਮਰ ਦੀ ਕਮਾਈ ਰਾਜਸੀ ਟੌਹਰ ਆਖਰੀ ਸਮੇਂ ਉਠੇ ਪਰਦੇ ਕਾਰਨ ਮੁੱਠੀ ਵਿਚੋਂ ਰੇਤ ਵਾਂਗਰਾਂ ਕਿਰਦੀ ਹੈ। ਜਿੱਤਾਂ-ਹਾਰਾਂ ਦੀ ਹਉਮੈ ਨੂੰ ਸ਼ਾਂਤ ਕਰਨ ਲਈ ਵੀ ਦੱਬੇ-ਮੁਰਦੇ ਉਖਾੜਨ ਤੋਂ ਗੁਰੇਜ਼ ਨਹੀਂ ਕਰਦੇ। ਜੋ ਕਈ ਵਾਰ ਰਾਜਸੀ ਜੀਵਨ ਦਾ ਅੰਤ ਲਈ ਆਖਰੀ ਕਿੱਲ ਸਾਬਤ ਹੁੰਦਾ ਹੈ। ਅਜੋਕੇ ਸਮੇਂ ਦੇ ਵਿਚ ਰਾਜਸੀ ਕਿੜ ਨੇ ਪਰਦੇ ਦੀ ਮਰਿਆਦਾ ਨੂੰ ਤਹਿਸ-ਨਹਿਸ ਕਰ ਦਿੱਤਾ। ਪੈਸੇ ਦਾ ਪਰਦੇ ਮਨੁੱਖ ਨੂੰ ਗਰੀਬ ਨਹੀਂ ਹੋਣ ਦਿੰਦੇ, ਇਸ ਲਈ ਸਭ ਬੱਚਿਆਂ ਦੇ ਮਾਪੇ ਉਨ੍ਹਾਂ ਲਈ ਰਾਜੇ ਹਨ। ਨਹੀਂ ਤਾਂ ਦੇਸ਼ ਦੇ ਖਰਬਪਤੀਆਂ ਨੂੰ ਬਚਣ ਲਈ ਦੂਜੇ ਮੁਲਕਾਂ ਦੀ ਲੋੜ ਪੈਂਦੀ ਹੈ। ਕਦੇ ਇਹੋ ਲੋਕ ਪਰਦੇ ਦੇ ਸਹਾਰੇ ਮੈਗਜ਼ੀਨਾਂ ਦੇ ਪਹਿਲੇ ਪੰਨੇ ਦਾ ਸ਼ਿੰਗਾਰ ਬਣਦੇ ਹਨ।

ਮਨੁੱਖੀ ਮਨ ਦੀ ਚੰਚਲਤਾ ਹਮੇਸ਼ਾ ਅਦਿੱਖ ਵਸਤੂਆਂ ਵੱਲ ਉਤੇਜਿਤ ਹੁੰਦੀ ਹੈ। ਉਸ ਦੇ ਮਨ ਨੂੰ ਆਪ ਮੁਹਾਰੇ ਉਮੜੀ ਖੁਸ਼ੀ ਨਹੀਂ ਭਾਉਂਦੀ, ਸਗੋਂ ਦੂਜਿਆਂ ਦੇ ਪਰਦੇ ਵਿਚ ਸਾਂਭੇ ਦੁੱਖ-ਸੁੱਖ, ਭੇਤ ਤੇ ਸਾਜ਼ਿਸ਼ਾਂ ਨੂੰ ਜਾਨਣ ਵਿਚ ਖੁਸ਼ੀ ਮਿਲਦੀ ਹੈ। ਸਦੀਆਂ ਤੋਂ ਇਹੋ ਚੱਲਿਆ ਆ ਰਿਹਾ ਹੈ। ਪਰ ਅਜੋਕੇ ਸਮੇਂ ਵਿਚ ਇਹ ਮਨੋਦਸ਼ਾ ਨੂੰ ਬਦਲਣਾ ਜ਼ਰੂਰੀ ਹੈ। ਸਭ ਮਿਲ ਕੇ ਚੱਲਣ ਨਾਲ ਔਖੀਆਂ ਮੰਜ਼ਿਲਾ ਸਰ ਕਰ ਸਕਦੇ ਹਾਂ। ਪਰਦੇ ਦੀ ਮਰਿਆਦਾ ਜ਼ਿੰਦਗੀ ਲਈ ਅਹਿਮ ਹੈ ਤੇ ਰਹੇਗੀ ਪਰ ਦੂਜਿਆਂ ਦੇ ਪਰਦੇ ਵਿਚ ਸਾਂਭੇ ਜ਼ਖੀਰੇ ਨੂੰ ਉਜਾਗਰ ਕਰਨਾ ਜ਼ਰੂਰੀ ਨਹੀਂ। ਬਸ਼ਰਤੇ ਸਾਨੂੰ ਹਲੀਮੀ ਨਾਲ ਦੂਜਿਆਂ ਦੀਆਂ ਭਾਵਨਾਵਾਂ ਦੀ ਕਦਰ ਕਰਨੀ ਚਾਹੀਦੀ ਹੈ, ਤਾਂ ਜੋ ਪਰਦੇ ਓਹਲੇ ਦਾ ਸਰੂਰ ਬਣਿਆ ਰਹੇ। ਸਾਲਾ! ਇਸ ਹਸਦੇ ਵਸਦੇ ਸੰਸਾਰ ਦੀਆ ਬੇਸ਼ੁਮਾਰ ਖੁਸ਼ੀਆਂ ਦਾ ਪਰਦਾ ਇਸ ਤਰ੍ਹਾਂ ਬਣਾਈ ਰੱਖੇ।

# ਅੰਕੜਿਆਂ ਦੀ ਖੇਡ ਦਰਮਿਆਨ ਸਿਆਸੀ ਖੇਡ


ਗੁਰਮੀਤ ਸਿੰਘ ਪਲਾਹੀ
# ਮੋਬਾਈਲ : 98158-02070
(Punjab Mail USA)






ਸਰਕਾਰ-ਏ-ਹਿੰਦ ਵਲੋਂ ਜਾਰੀ ਅੰਕੜਿਆਂ ਅਨੁਸਾਰ ਦੇਸ਼ ਦੀ ਜੀ.ਡੀ.ਪੀ. ਸਾਲ 2023 'ਚ 3737 ਅਰਬ ਡਾਲਰ ਦੀ ਹੋ ਗਈ ਹੈ, ਜਿਸਨੂੰ ਗਤੀ ਦੇਣ ਦੀ ਸ਼ੁਰੂਆਤ ਸਾਬਕਾ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਦੀ ਸਰਕਾਰ ਵੇਲੇ ਹੋਈ, ਜੋ 2004 ਤੋਂ 2014 ਤੱਕ 722 ਅਰਬ ਡਾਲਰ ਤੋਂ ਵੱਧ ਕੇ 2039 ਅਰਬ ਡਾਲਰ ਦੀ ਹੋ ਗਈ ਸੀ। ਪ੍ਰਧਾਨ ਮੰਤਰੀ ਨਰੇਂਦਰ ਮੋਦੀ ਆਖਦੇ ਹਨ, ਉਨ੍ਹਾਂ ਦੇ ਤੀਜੇ ਕਾਰਜਕਾਲ ਦੌਰਾਨ ਭਾਰਤ ਦੁਨੀਆਂ ਦੀ ਤੀਜੀ ਸਭ ਤੋਂ ਵੱਡੀ ਅਰਥ ਵਿਵਸਥਾ ਬਣ ਜਾਏਗਾ।

ਇਹ ਅਨੁਮਾਨ ਹੀ ਹੈ ਕਿ ਅਗਲੇ ਚਾਰ ਸਾਲਾਂ 'ਚ ਜੀ.ਡੀ.ਪੀ. 38 ਫੀਸਦੀ ਵਧੇਗੀ ਤੇ ਭਾਰਤ ਦੁਨੀਆਂ ਦੀ ਤੀਜੀ ਅਰਥ ਵਿਵਸਥਾ ਬਣ ਜਾਏਗਾ। ਪਰ ਕੀ ਜੀ.ਡੀ.ਪੀ. ਦੇ ਆਕਾਰ ਨਾਲ ਦੇਸ਼ ਦੀ ਅਸਲੀ ਤਸਵੀਰ ਜ਼ਾਹਿਰ ਹੁੰਦੀ ਹੈ? ਬਿਲਕੁਲ ਨਹੀਂ। ਅਸਲੀ ਤਸਵੀਰ ਤਾਂ ਪ੍ਰਤੀ ਵਿਅਕਤੀ ਆਮਦਨ ਨਾਲ ਜ਼ਾਹਿਰ ਹੁੰਦੀ ਹੈ, ਜਿਸ 'ਚ ਭਾਰਤ ਸਿਖਰਲੇ 10 ਦੇਸ਼ਾਂ 'ਚ ਵੀ ਨਹੀਂ ਹੈ। ਅਮਰੀਕਾ ਦੀ ਜੀ.ਡੀ.ਪੀ. ਪ੍ਰਤੀ ਵਿਅਕਤੀ 80.03 ਡਾਲਰ, ਚੀਨ ਦੀ 13.72 ਡਾਲਰ, ਬ੍ਰਾਜ਼ੀਲ 9.67 ਡਾਲਰ ਅਤੇ ਭਾਰਤ ਦੀ ਜੀ.ਡੀ.ਪੀ. ਪ੍ਰਤੀ ਵਿਅਕਤੀ 2.6 ਡਾਲਰ ਹੈ।

ਦੇਸ਼ 'ਚ ਆਮ ਆਦਮੀ ਕੀ ਕਮਾ ਰਿਹਾ ਹੈ? ਇਸ ਵੇਲੇ ਦੇਸ਼ ਦੇ ਆਮ ਆਦਮੀ ਦੀ ਪ੍ਰਤੀ ਜੀਅ ਪ੍ਰਤੀ ਦਿਨ ਔਸਤ ਆਮਦਨ ਨਿਗੁਣੀ ਭਾਵ 2.6 ਡਾਲਰ ਹੈ। ਇਸ ਆਮਦਨ ਵਿਚ ਉਹ ਕਿਵੇਂ ਗੁਜ਼ਾਰਾ ਕਰਦਾ ਹੈ, ਤੇ ਉਸਦੀ ਬਚਤ ਕਿੰਨੀ ਹੈ, ਇਸ ਗੱਲ ਦਾ ਅੰਦਾਜ਼ਾ ਤਾਂ ਸਹਿਜੇ ਹੀ ਲਗਾਇਆ ਜਾ ਸਕਦਾ ਹੈ।

ਪਰ ਕੇਂਦਰ ਸਰਕਾਰ ਨੇ ਆਮ ਆਦਮੀ ਲਈ ਹਵਾਈ ਕਿਲੇ ਉਸਾਰਦਿਆਂ ਪ੍ਰਧਾਨ ਮੰਤਰੀ ਜਨ-ਧਨ ਯੋਜਨਾ 28 ਅਗਸਤ 2014 'ਚ ਸ਼ੁਰੂ ਕੀਤੀ ਸੀ। ਇਸ ਯੋਜਨਾ ਤਹਿਤ ਹੁਣ ਤੱਕ 49.63 ਕਰੋੜ ਜ਼ੀਰੋ ਖਾਤੇ ਖੋਲ੍ਹੇ ਗਏ। ਇਨ੍ਹਾਂ ਖਾਤਿਆਂ ਵਿਚ ਲਗਭਗ ਦੋ ਲੱਖ ਕਰੋੜ ਰੁਪਏ ਜਮ੍ਹਾਂ ਹਨ, ਪਰ ਪਿਛਲੇ ਸਾਲ ਦੀ ਰਿਪੋਰਟ ਅਨੁਸਾਰ 20 ਫੀਸਦੀ ਖਾਤਿਆਂ 'ਚ ਕੋਈ ਲੈਣ-ਦੇਣ ਨਹੀਂ ਹੋਇਆ, ਭਾਵ 10.36 ਕਰੋੜ ਖਾਤਿਆਂ 'ਚ ਨਾ ਕੋਈ ਪੈਸਾ ਜਮ੍ਹਾਂ ਹੋਇਆ, ਨਾ ਕਢਾਇਆ ਗਿਆ। ਹੈਰਾਨੀ ਦੀ ਗੱਲ ਤਾਂ ਇਹ ਕਿ ਇਨ੍ਹਾਂ ਬੈਂਕ ਖਾਤਾ ਧਾਰਕਾਂ ਨੂੰ ਇੱਕ ਲੱਖ ਤੱਕ ਦੁਰਘਟਨਾ ਬੀਮਾ ਦੀ ਸੁਵਿਧਾ ਹੈ ਅਤੇ ਇਨ੍ਹਾਂ 49.63 ਕਰੋੜ ਖਾਤਾ ਧਾਰਕਾਂ ਵਿਚੋਂ ਚਾਰ ਸਾਲਾਂ 'ਚ ਸਿਰਫ 2416 ਧਾਰਕਾਂ ਨੂੰ ਬੀਮਾ ਰਾਸ਼ੀ ਦਿੱਤੀ ਗਈ।

ਆਖ਼ਰ ਇਸ ਯੋਜਨਾ ਦਾ ਆਮ ਆਦਮੀ ਨੂੰ ਕੀ ਲਾਭ ਹੋਇਆ? ਉਲਟਾ ਉਨ੍ਹਾਂ ਦੀ ਵੱਡੀ ਰਾਸ਼ੀ ਬੈਂਕ ਖਾਤਿਆਂ ਵਿਚ ਜਾਮ ਕਰ ਦਿੱਤੀ ਗਈ ਹੈ। ਸਰਕਾਰ ਨੇ ਗਰੀਬਾਂ ਦੀ ਨਿਗੁਣੀ ਬਚਤ ਉਤੋਂ ਵੀ ਬੈਂਕਾਂ ਰਾਹੀਂ ਕਮਾਈ ਕੀਤੀ ਹੈ। ਕੀ ਇਹ ਅੰਕੜਿਆਂ ਦਰਮਿਆਨ ਸਿਆਸੀ ਖੇਡ ਨਹੀਂ?

ਕੇਂਦਰ ਵਲੋਂ ਕਿਸਾਨ ਨਿਧੀ ਯੋਜਨਾ ਚੱਲਦੀ ਹੈ, ਜਿਸ ਤਹਿਤ ਕਿਸਾਨਾਂ ਨੂੰ ਤਿੰਨ ਕਿਸ਼ਤਾਂ 'ਚ 6000 ਰੁਪਏ ਸਾਲਾਨਾ ਸਹਾਇਤਾ ਦਿੱਤੀ ਜਾਂਦੀ ਹੈ। ਚਲੋ, ਗੱਲ ਪੰਜਾਬ ਦੀ ਕਰ ਲੈਂਦੇ ਹਾਂ, ਇਸਦੇ ਅੰਕੜਿਆਂ ਦੀ ਸਮੀਖਿਆ ਕਰ ਲੈਂਦੇ ਹਾਂ।

ਦਸੰਬਰ 2019 ਤੋਂ ਮਾਰਚ 2020 ਤੱਕ ਇਸ ਸਕੀਮ ਅਧੀਨ ਲਾਭਪਾਤਰੀਆਂ ਦੀ ਗਿਣਤੀ, ਇੱਕ ਛਪੀ ਰਿਪੋਰਟ ਅਨੁਸਾਰ, 23,01,313 ਸੀ, ਜੋ ਅਪ੍ਰੈਲ-ਜੁਲਾਈ 2023 'ਚ ਘਟਕੇ 8,53,900 ਰਹਿ ਗਈ ਹੈ। ਭਾਵ ਤਿੰਨ ਵਰ੍ਹਿਆਂ 'ਚ ਕੇਂਦਰੀ ਸਕੀਮ ਵਿਚ ਕਿਸਾਨ ਲਾਭਪਾਤਰੀਆਂ ਦੀ ਗਿਣਤੀ 'ਚ ਪੰਜਾਬ 'ਚ 63 ਫੀਸਦੀ ਕਮੀ ਆ ਗਈ ਹੈ। ਸਕੀਮ ਤਹਿਤ 13ਵੀਂ ਅਤੇ 14ਵੀਂ ਕਿਸ਼ਤ ਜਾਰੀ ਹੋਈ ਹੈ ਅਤੇ ਇਸ ਕਮੀ ਦਾ ਦੋਸ਼ ਕਿਸਾਨਾਂ ਉਤੇ ਥੱਪਿਆ ਜਾ ਰਿਹਾ ਹੈ ਕਿ ਉਨ੍ਹਾਂ ਵਲੋਂ ਬੈਂਕ ਖਾਤਿਆਂ 'ਚ ਲੋੜੀਂਦੇ ਦਸਤਾਵੇਜ਼ ਅਪਲੋਡ ਨਹੀਂ ਕੀਤੇ ਗਏ। ਜੇਕਰ ਸਰਕਾਰ ਪੰਜਾਬ ਦੇ ਕਰਜ਼ਾ ਮਾਰੇ ਕਿਸਾਨਾਂ ਦੀ ਸਚਮੁੱਚ ਮਦਦ ਕਰਨ ਦੇ ਰੌਅ 'ਚ ਹੈ ਜਾਂ ਸੀ, ਤਾਂ ਇਹ ਰਕਮਾਂ ਕਿਸੇ ਹੋਰ ਢੰਗ ਨਾਲ ਕਿਉਂ ਨਹੀਂ ਵੰਡੀਆਂ ਜਾ ਰਹੀਆਂ?

ਕੀ ਪੰਜਾਬ ਦੇ ਕਿਸਾਨਾਂ ਨੂੰ ਸਕੀਮ ਵਿਚੋਂ "ਆਊਟ" ਕਰਕੇ "ਖੇਤੀ ਕਾਨੂੰਨਾਂ" 'ਚ ਸਰਕਾਰ ਨੂੰ ਹੋਈ ਹਾਰ ਦਾ ਬਦਲਾ ਤਾਂ ਨਹੀਂ ਕੇਂਦਰ ਸਰਕਾਰ ਲੈ ਰਹੀ? ਇਸ ਸਕੀਮ ਸਬੰਧੀ ਦੇਸ਼ ਭਰ 'ਚ ਦੱਸਣ ਲਈ ਅੰਕੜੇ ਤਾਂ ਹੋਰ ਹਨ, ਪਰ ਜ਼ਮੀਨੀ ਪੱਧਰ 'ਤੇ ਕਿਸਾਨਾਂ ਤੱਕ ਪਹੁੰਚਦੀਆਂ ਸਹੂਲਤਾਂ ਦੀ ਦਰ ਕੁਝ ਹੋਰ ਹੀ ਕਹਿੰਦੀ ਹੈ। ਇਹੋ ਹਾਲ ਪੇਂਡੂ ਸਕੀਮ ਮਗਨਰੇਗਾ ਦਾ ਹੈ।

ਬਿਨ੍ਹਾਂ ਸ਼ੱਕ ਕਿਸਾਨਾਂ ਦੀ ਦੇਸ਼ 'ਚ ਵਿੱਤੀ ਹਾਲਾਤ ਠੀਕ ਨਹੀਂ ਹੈ, ਬਹੁਤੇ ਕਿਸਾਨ ਪਿੰਡਾਂ 'ਚ ਵਸਦੇ ਹਨ ਅਤੇ ਪਿੰਡਾਂ ਦੇ ਵਿਕਾਸ ਦੀਆਂ ਗੱਲਾਂ ਆਜ਼ਾਦੀ ਤੋਂ ਬਾਅਦ ਲਗਾਤਾਰ ਹੁੰਦੀਆਂ ਹਨ ਅਤੇ ਹੋ ਰਹੀਆਂ ਹਨ। ਪਰ ਪਿੰਡਾਂ 'ਚ ਲੋੜੀਂਦੀਆਂ ਸਿਹਤ, ਸਿੱਖਿਆ ਅਤੇ ਬੁਨਿਆਦੀ ਸਹੂਲਤਾਂ ਦੀ ਵੱਡੀ ਕਮੀ ਹੈ, ਜਿਸਨੂੰ ਅੰਕੜਿਆਂ ਨਾਲ ਢਕਣ ਦਾ ਯਤਨ ਹੁੰਦਾ ਹੈ। ਸਰਕਾਰੀ ਅੰਕੜੇ ਕਹਿੰਦੇ ਹਨ ਕਿ ਪੇਂਡੂ ਇਲਾਕਿਆਂ 'ਚ 6.74 ਕਰੋੜ ਘਰ ਇਹੋ ਜਿਹੇ ਹਨ, ਜਿਨ੍ਹਾਂ ਨੂੰ ਨਲ ਰਾਹੀਂ ਪੀਣ ਦਾ ਸਾਫ ਪਾਣੀ ਨਹੀਂ ਮਿਲਦਾ। ਸਾਲ 2019 ਤੱਕ 65.33 ਫੀਸਦੀ ਘਰਾਂ ਵਿਚ ਹੀ ਸਾਫ ਪੀਣ ਵਾਲਾ ਪਾਣੀ ਮਿਲਦਾ ਸੀ।

ਅੱਜ ਜਦੋਂ ਅਸੀਂ ਵਿਸ਼ਵ ਗੁਰੂ ਬਨਣ ਦਾ ਦਾਅਵਾ ਕਰਦੇ ਹਾਂ, ਤਾਂ ਬੁਨਿਆਦੀ ਸਹੂਲਤਾਂ ਤੋਂ ਸੱਖਣੇ ਸਿਰਫ ਅੰਕੜਿਆਂ ਦੇ ਆਧਾਰ ਉਤੇ ਵਿਸ਼ਵ ਪੱਧਰੀ ਦਾਅਵੇ, ਤਲਖ ਹਕੀਕਤਾਂ ਦੇ ਮੱਦੇ ਨਜ਼ਰ ਕਿਸ ਅਧਾਰ 'ਤੇ ਕਰਦੇ ਹਾਂ। ਕੀ ਸਿਰਫ ਅੰਕੜੇ ਲੋਕਾਂ ਦਾ ਢਿੱਡ ਭਰ ਸਕਦੇ ਹਨ? ਕੀ ਸਿਰਫ "ਦੋ ਕਰੋੜੀ" ਹਰ ਸਾਲ ਨੌਕਰੀਆਂ ਦੇਣ ਦੇ ਦਾਅਵੇ ਸਾਡੀ ਵਿਸ਼ਵ ਪੱਧਰੀ ਸਾਖ ਬਣਾ ਸਕਦੇ ਹਨ, ਜੋ ਵਿਕਾਸ ਦੇ ਵੱਡੇ ਦਾਅਵਿਆਂ, ਦੇਸ਼ 'ਚ ਨਫਰਤੀ ਰਾਜਨੀਤੀ ਕਾਰਨ ਖੇਰੂੰ-ਖੇਰੂੰ ਹੋ ਰਹੀ ਹੈ।

ਭਾਰਤ ਦੇ 14ਵੇਂ ਪ੍ਰਧਾਨ ਮੰਤਰੀ ਨਰੇਂਦਰ ਮੋਦੀ, ਦੇਸ਼ ਨੂੰ ਵਿਸ਼ਵ ਪੱਧਰੀ ਪਹੁੰਚਾਉਣ ਲਈ ਆਰਥਿਕ ਵਿਕਾਸ, ਸਮਾਜਿਕ ਕਲਿਆਣ ਅਤੇ ਸਮਾਜਿਕ ਯੋਜਨਾਵਾਂ ਵਿਚੋਂ 9 ਪ੍ਰਮੁੱਖ ਯੋਜਨਾਵਾਂ ਨੂੰ ਪਹਿਲ ਦੇ ਰਹੇ ਹਨ। ਇਨ੍ਹਾਂ 'ਚ ਮੇਕ ਇਨ ਇੰਡੀਆ, ਸਟਾਰਟ ਅੱਪ ਇੰਡੀਆ, ਡਿਜੀਟਲ ਇੰਡੀਆ, ਸਮਾਰਟ ਸਿਟੀ ਮਿਸ਼ਨ, ਪ੍ਰਧਾਨ ਮੰਤਰੀ ਮੁਦਰਾ ਯੋਜਨਾ, ਬੰਦੇ ਭਾਰਤ ਮਿਸ਼ਨ, ਸਕਿੱਲ ਇੰਡੀਆ, ਪ੍ਰਧਾਨ ਮੰਤਰੀ ਅਵਾਸ ਯੋਜਨਾ ਸ਼ਾਮਲ ਹਨ।

ਕੀ ਦੇਸ਼ 'ਚ 2015 'ਚ ਲਾਂਚ ਕੀਤੇ 100 ਸਮਾਰਟ ਸ਼ਹਿਰਾਂ ਦਾ ਵਿਕਾਸ ਹੋਇਆ? ਜਿਸ ਅਧੀਨ ਸਸਤੇ ਘਰ ਦੇਣ ਦੀ ਯੋਜਨਾ ਸ਼ਾਮਲ ਸੀ। ਕੀ ਸ਼ਹਿਰਾਂ 'ਚ ਝੁੱਗੀ, ਝੋਪੜੀ ਵਾਲਿਆਂ ਦੀ ਗਿਣਤੀ 'ਚ ਵਾਧਾ ਨਹੀਂ ਹੋਇਆ? ਕੀ ਜਨ-ਧਨ ਯੋਜਨਾ ਨਾਲ ਗਰੀਬੀ ਘਟੀ? ਕਿੰਨੇ ਕੁ ਨੌਜਵਾਨ ਸਕਿੱਲ ਇੰਡੀਆ ਅਧੀਨ ਸ਼ਿਕਸ਼ਿਤ ਕੀਤੇ ਗਏ? ਕੀ ਅਵਾਸ ਯੋਜਨਾ ਅਧੀਨ ਗਰੀਬ ਲੋਕ ਘਰਾਂ ਦਾ ਲਾਹਾ ਲੈ ਸਕੇ। ਡਿਜੀਟਲ ਇੰਡੀਆ ਦਾ ਲਾਭ ਆਮ ਲੋਕ ਕਿਥੋਂ ਤੱਕ ਲੈ ਸਕੇ ਹਨ। ਇਸ ਸਹੂਲਤ ਦੀ ਪਿੰਡਾਂ 'ਚ ਅਣਹੋਂਦ ਕਾਰਨ ਕਿਸਾਨ ਅਤੇ ਹੋਰ ਲੋਕ ਸਬਸਿਡੀਆਂ ਅਤੇ ਸਹਾਇਤਾ ਤੱਕ ਗੁਆ ਰਹੇ ਹਨ।

ਭਾਰਤ ਦੇ 2022 ਦੇ ਬਜ਼ਟ ਅਨੁਸਾਰ 740 ਕੇਂਦਰੀ ਸੈਕਟਰ ਸਕੀਮਾਂ ਅਤੇ 65 ਕੇਂਦਰੀ ਆਸ਼ਰਿਤ ਸਕੀਮਾਂ ਦੇਸ਼ ਭਰ 'ਚ ਲਾਗੂ ਹੋਣ ਦਾ ਦਾਅਵਾ ਕੀਤਾ ਜਾ ਰਿਹਾ ਹੈ। ਅਰਬਾਂ ਰੁਪਏ ਇਨ੍ਹਾਂ ਸਕੀਮਾਂ ਲਈ ਵੰਡੇ ਜਾਂਦੇ ਹਨ। ਪਰ ਇਹ ਆਮ ਆਦਮੀ ਦੀ ਪਹੁੰਚ ਤੋਂ ਬਾਹਰ ਹਨ, ਇਹ ਉਨ੍ਹਾਂ ਲੋਕਾਂ ਦੇ ਲਾਗੇ-ਚਾਗੇ ਵੀ ਨਹੀਂ ਪਹੁੰਚਦੇ, ਜਿਹੜੇ ਇਨ੍ਹਾਂ ਸਕੀਮਾਂ 'ਚ ਲਾਭਪਾਤਰੀ ਹੋ ਸਕਦੇ ਹਨ, ਕਿਉਂਕਿ ਉਹ ਅਨਪੜ੍ਹ ਹਨ, ਉਨ੍ਹਾਂ ਕੋਲ ਆਧਾਰ ਕਾਰਡ ਨਹੀਂ, ਉਨ੍ਹਾਂ ਕੋਲ ਇਹ ਸੁਵਿਧਾਵਾਂ ਤੱਕ ਪਹੁੰਚਣ ਲਈ ਸਾਧਨ ਨਹੀਂ।

ਅੰਕੜਿਆਂ ਦੀ ਇੱਕ ਖੇਡ ਹੋਰ ਵੀ ਨਿਰਾਲੀ ਹੈ। ਕਿਹਾ ਜਾ ਰਿਹਾ ਹੈ ਕਿ ਦੇਸ਼ 'ਚ 2015-16 ਜੋ 24.85 ਫੀਸਦੀ ਆਬਾਦੀ ਗਰੀਬ ਸੀ, ਉਹ ਘਟਕੇ 2019-21 'ਚ 14.96 ਰਹਿ ਗਈ, ਭਾਵ 9.89 ਫੀਸਦੀ ਘੱਟ ਗਈ। ਪਰ ਕੀ ਸਚਮੁੱਚ ਗਰੀਬੀ ਘਟੀ ਹੈ? ਜੇਕਰ ਗਰੀਬੀ ਘਟੀ ਹੈ, ਤਾਂ ਪ੍ਰਧਾਨ ਮੰਤਰੀ ਕਲਿਆਣ ਅੰਨ ਯੋਜਨਾ 'ਚ 80 ਕਰੋੜ ਲੋਕਾਂ ਨੂੰ ਭੋਜਨ ਮੁਫ਼ਤ ਕਿਉਂ ਦਿੱਤਾ ਜਾ ਰਿਹਾ ਹੈ? ਅਸਲ 'ਚ ਤਾਂ ਗਰੀਬ-ਅਮੀਰ ਦਾ ਪਾੜਾ ਵਧਿਆ ਹੈ ਅਤੇ ਕਰੋਨਾ ਕਾਲ 'ਚ ਤਾਂ ਕਾਰਪੋਰੇਟਾਂ ਨੇ ਆਪਣੀ ਪਕੜ ਭਾਰਤੀ ਬਾਜ਼ਾਰ ਕਾਰੋਬਾਰ 'ਤੇ ਪੀਡੀ ਕੀਤੀ, ਸਰਕਾਰ ਨੇ ਨਿੱਜੀਕਰਨ ਪਾਲਿਸੀਆਂ ਦੀ ਖੁੱਲ੍ਹ ਦਿੱਤੀ ਅਤੇ ਗਰੀਬ ਇਸ ਵੱਡੀ ਗਰੀਬੀ ਚੱਕੀ 'ਚ ਪੀਸੇ ਗਏ।

ਅੰਕੜਿਆਂ ਦੀ ਇੱਕ ਖੇਡ ਫਿਰਕੂ ਹਿੰਸਾ ਦੇ ਮਾਮਲੇ ਵਿਚ ਵੀ ਚੱਲ ਰਹੀ ਹੈ। ਜਦੋਂ ਦੇਸ਼ ਦਾ ਮਹੱਤਵਪੂਰਨ ਅੰਗ "ਮਨੀਪੁਰ" ਜਲ ਰਿਹਾ ਸੀ, ਦੇਸ਼ ਦਾ ਪ੍ਰਧਾਨ ਮੰਤਰੀ ਅਮਰੀਕਾ ਦੇ ਜਹਾਜ਼ੇ ਚੜ੍ਹਿਆ, ਰੱਖਿਆ ਅਤੇ ਹੋਰ ਸਮਝੌਤੇ ਕਰ ਰਿਹਾ ਸੀ ਅਤੇ ਵਿਸ਼ਵੀ ਅਖ਼ਬਾਰਾਂ 'ਚ ਦੇਸ਼ ਦੇ ਨਫ਼ਰਤੀ ਵਰਤਾਰੇ, ਘੱਟ ਗਿਣਤੀਆਂ 'ਤੇ ਹੋ ਰਹੇ ਅੱਤਿਆਚਾਰ ਦੀ ਚਰਚਾ ਹੋ ਰਹੀ ਸੀ। ਸਰਕਾਰੀ ਅੰਕੜੇ ਆਂਹਦੇ ਸਨ ਕਿ ਦੋਸ਼ੀਆਂ ਖਿਲਾਫ ਮੁੱਢਲੀਆਂ ਰਿਪੋਰਟਾਂ ਦਰਜ਼ ਕੀਤੀਆਂ ਗਈਆਂ ਹਨ, ਪਰ ਦੇਸ਼ ਦੀ ਸੁਪਰੀਮ ਕੋਰਟ ਕਹਿੰਦੀ ਹੈ ਕਿ ਸੂਬੇ ਦੀ ਪੁਲਿਸ ਹੱਥ 'ਤੇ ਹੱਥ ਧਰਕੇ ਬੈਠੀ ਹੈ। ਮਾਨਯੋਗ ਸੁਪਰੀਮ ਕੋਰਟ ਅਦਾਲਤ ਵਲੋਂ ਸੂਬੇ ਦੇ ਪੁਲਿਸ ਮੁਖੀ ਨੂੰ ਰਿਪੋਰਟ ਲਈ ਤਲਬ ਕੀਤਾ ਗਿਆ ਹੈ। ਹਾਲੇ ਇਹ ਅੱਗ ਮੱਠੀ ਨਹੀਂ ਹੋ ਰਹੀ, ਜਦਕਿ ਚੋਣਾਂ ਤੋਂ ਪਹਿਲਾਂ ਹਰਿਆਣਾ ਦੇ ਘੱਟ ਗਿਣਤੀ ਕਸਬੇ ਨੂਹ 'ਚ ਫਿਰਕੂ ਘਟਨਾਵਾਂ ਨੇ ਵਿਸ਼ੇਸ਼ ਰੰਗ ਫੜਿਆ ਹੈ, ਜਿਸ ਨਾਲ ਸੂਬਾ ਹਰਿਆਣਾ ਨਹੀਂ, ਨਾਲ ਲੱਗਦਾ ਯੂ.ਪੀ. ਪ੍ਰਭਾਵਤ ਹੋਇਆ ਹੈ। ਅੰਕੜੇ ਦੱਸਦੇ ਹਨ ਕਿ ਐੱਫ.ਆਈ.ਆਰ. ਦਰਜ਼ ਕੀਤੀਆਂ ਗਈਆਂ ਹਨ, ਦੋਸ਼ੀ ਫੜੇ ਗਏ ਹਨ, ਫਿਰਕੂਆਂ ਵਿਰੁੱਧ ਬੁਲਡੋਜ਼ਰ ਵਰਤੇ ਗਏ ਹਨ। ਪਰ ਕੀ ਇਹ ਸਭ ਕੁਝ ਫਿਰਕਿਆਂ ਦਰਮਿਆਨ ਦਰਾੜ ਪਾਉਣ ਦਾ ਕਾਰਜ਼ ਨਹੀਂ ਹੈ? ਕੀ ਇਹ ਸਿਆਸੀ ਖੇਡ ਨਹੀਂ ਹੈ?

ਇੱਕ ਫਿਰਕੇ ਦੇ ਲੋਕਾਂ ਨੂੰ ਦੂਜੇ ਫਿਰਕਿਆਂ ਵਿਰੁੱਧ ਭੜਕਾਕੇ, ਇੱਕ ਫਿਰਕੇ ਦੇ ਲੋਕਾਂ ਨੂੰ ਡਰਾਕੇ ਇਕੱਠੇ ਕਰਨ ਦਾ ਇਹ ਤਰੀਕਾ ਵੋਟ ਅੰਕੜਿਆਂ ਦੀ ਸਿਆਸੀ ਖੇਡ ਨਹੀਂ ਹੈ ਕੀ? ਜਿਹੜੀ ਲਗਾਤਾਰ ਪਿਛਲੇ ਅਰਸੇ ਤੋਂ ਉਦੋਂ ਵਰਤੀ ਜਾ ਰਹੀ ਹੈ, ਜਦੋਂ ਵਿਧਾਨ ਸਭਾ ਚੋਣਾਂ ਦਾ ਸਮਾਂ ਨੇੜੇ ਆਉਂਦਾ ਹੈ, ਲੋਕ ਸਭਾ ਚੋਣਾਂ ਦਾ ਸਮਾਂ ਨੇੜੇ ਆਉਂਦਾ ਹੈ। ਇਹ ਸਿਆਸੀ ਅੰਕੜਾ ਖੇਡ ਕਰਨਾਟਕ 'ਚ ਵੀ ਵਰਤੀ ਗਈ, ਪਰ ਦੇਸ਼ ਦੀ ਰਾਜ ਕਰਨ ਵਾਲੀ ਧਿਰ ਨੂੰ ਪੁੱਠੀ ਪੈ ਗਈ। ਇਹੋ ਖੇਡ, ਸਿਆਸੀ ਵਿਸ਼ਲੇਸ਼ਕਾਂ ਅਨੁਸਾਰ ਪੂਰੇ ਦੇਸ਼ ਵਿਚ ਵਰਤੇ ਜਾਣ ਦਾ ਖਦਸ਼ਾ ਪ੍ਰਗਟ ਕੀਤਾ ਜਾ ਰਿਹਾ ਹੈ।

ਅੰਕੜਿਆਂ ਦੀ ਇਸ ਸਿਆਸੀ ਖੇਡ ਨੇ ਭਾਰਤ ਵਿਚ ਆਮ ਲੋਕਾਂ, ਘੱਟ ਗਿਣਤੀਆਂ ਦਾ ਜੀਊਣਾ ਦੁਬਰ ਕੀਤਾ ਹੋਇਆ ਹੈ, ਜਿਹੜੇ ਸਿਰਫ ਰੋਟੀ ਨਾਲ ਢਿੱਡ ਨੂੰ ਝੁਲਕਾ ਦੇਣ ਤੱਕ ਸੀਮਤ ਕਰ ਦਿੱਤੇ ਗਏ ਹਨ। ਅਸਲ 'ਚ ਨਫ਼ਰਤੀ ਸਿਆਸਤ ਦੀ ਚੱਲ ਰਹੀ ਵੋਟ ਰਾਜਨੀਤੀ ਦੀ ਖੇਡ ਦੇਸ਼ ਨੂੰ ਧਰਮ, ਫਿਰਕੇ, ਜਾਤ, ਇਲਾਕਾਵਾਦ ਤੱਕ ਸੀਮਤ ਕਰ ਰਹੀ ਹੈ, ਜੋ ਕਿ ਕਦਾਚਿੱਤ ਵੀ ਭਾਰਤ ਦੇ ਹਿੱਤ 'ਚ ਨਹੀਂ ਹੈ।







Editorial Board

Chief Editor
Gurjatinder Singh Randhawa

Sub Editors
Sandeep Kumar
Amit Saini

Distributor
Jai Singh

Website
Nikhil



Punjab Mail USA
9883 Novara Way,
Elk Grove, CA 95757
Ph: 916-320-9444
Fax : 916-209-8726
Email : punjabmailusa@yahoo.com
web : www.punjabmailusa.com



Punjab Mail USA News Paper and Staff Associated with. it are not responsible for any claims made by the advertisers and do not endorse any product or advertised in the Punjab Mail. All concerns are advised to Consult the Attorney at Law. All Disputes to Sacramento Jurisdiction.

ਲੇਖਕ ਦੇ ਵਿਚਾਰਾਂ ਨਾਲ ਪੰਜਾਬ ਮੇਲ ਦੇ ਸੰਪਾਦਕ ਅਤੇ ਇਸ ਦੇ ਸਟਾਫ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

## 11 ਅਗਸਤ 'ਤੇ ਵਿਸ਼ੇਸ਼ ਲੇਖ

# ਸੁੱਖਾ ਸਿੰਘ ਤੇ ਮਹਿਤਾਬ ਸਿੰਘ ਨੇ ਮੱਸਾ ਰੰਗੜ੍ਹ ਦਾ ਸਿਰ ਵੱਢਣਾ

ਸੁਖਵਿੰਦਰ ਸਿੰਘ ਮੁੱਲਾਂਪੁਰ
99141-84794
(Punjab Mail USA)



1739 'ਚ ਨਾਦਰ ਸ਼ਾਹ ਦੀ ਫ਼ੌਜ ਜਦ ਲੁੱਟ ਦਾ ਸਮਾਨ ਲੈ ਕੇ ਵਾਪਸ ਜਾ ਰਹੀ ਹੁੰਦੀ, ਤਾਂ ਰਸਤੇ ਵਿਚ ਸਿੱਖਾਂ ਨੇ ਹਮਲਾ ਕਰਕੇ ਲੁੱਟਿਆ ਮਾਲ ਵਾਪਸ ਕਰਵਾ ਲੈਣਾ। ਜਦ ਸਿੱਖਾਂ ਨੇ ਅਖਨੂਰ ਕੋਲ ਹਮਲਾ ਕਰਕੇ ਨਾਦਰ ਸ਼ਾਹ ਦੀਆਂ ਫ਼ੌਜਾਂ ਕੋਲੋਂ ਬਹੁਤ ਸਾਰਾ ਅਸਲਾ, ਘੋੜੇ ਅਤੇ ਖ਼ਜ਼ਾਨਾ ਲੁੱਟ ਲਿਆ, ਤਾਂ ਨਾਦਰ ਸ਼ਾਹ ਨੇ ਜ਼ਕਰੀਆਂ ਖਾਨ ਤੋਂ ਸਿੱਖਾਂ ਬਾਰੇ ਪੁੱਛਿਆ, ਇਹ ਕੌਣ ਹਨ? ਜਦ ਨਾਦਰ ਸ਼ਾਹ ਨੂੰ ਜ਼ਕਰੀਆ ਖਾਨ ਨੇ ਸਿੱਖਾਂ ਬਾਰੇ ਦੱਸਿਆ ਤਾਂ ਨਾਦਰ ਸ਼ਾਹ ਨੇ ਕਿਹਾ, "ਉਹ ਦਿਨ ਦੂਰ ਨਹੀਂ, ਜਦ ਇਹ ਤੁਹਾਡੀ ਹਕੂਮਤ ਖੋਹ ਲੈਣਗੇ, ਇਨ੍ਹਾਂ ਕੋਲੋਂ ਬਾਦਸ਼ਾਹੀ ਦੀ ਬੂ ਆਉਂਦੀ ਹੈ, ਇਸ ਕੌਮ ਨੂੰ ਜਿੱਤਣਾ ਵੀ ਮੁਸ਼ਕਲ ਹੈ, ਜਿਸ ਨੂੰ ਅਲਾਹ ਦੀ ਟੇਕ ਹੈ।"

ਨਾਦਰ ਸ਼ਾਹ ਦੇ ਕਹੇ ਬੋਲ ਜ਼ਕਰੀਆ ਖਾਨ ਦੇ ਦਿਮਾਗ ਵਿਚ ਵਾਰ-ਵਾਰ ਗੂੰਜ ਰਹੇ ਸਨ। ਜ਼ਕਰੀਆ ਖਾਨ ਨੂੰ ਇਹ ਡਰ ਵਾਰ-ਵਾਰ ਸਤਾ ਰਿਹਾ ਸੀ ਕਿ ਜੇਕਰ ਉਸ ਦੇ ਰਾਜ ਨੂੰ ਕੋਈ ਖ਼ਤਰਾ ਹੈ, ਤਾਂ ਸਿੱਖਾਂ ਕੋਲੋਂ ਹੈ, ਉਹ ਦਿਨ-ਰਾਤ ਸਿੱਖਾਂ ਦਾ ਖੋਜ-ਖੁਰਾ ਮਿਟਾਉਣ ਬਾਰੇ ਸੋਚਦਾ ਰਹਿੰਦਾ।

ਜ਼ਕਰੀਆ ਖ਼ਾਨ ਨੇ ਸਿੱਖਾਂ 'ਤੇ ਜ਼ੁਲਮ ਕਰਨੇ ਸ਼ੁਰੂ ਕਰ ਦਿੱਤੇ। ਉਸ ਨੇ ਆਪਣੇ ਸਾਰੇ ਸੂਬੇਦਾਰਾਂ, ਫ਼ੌਜਦਾਰਾਂ ਤੇ ਚੌਧਰੀਆਂ ਨੂੰ ਸੁਨੇਹੇ ਭੇਜ ਦਿੱਤੇ ਕਿ ਸਿੱਖਾਂ ਨੂੰ ਹਰ ਹਾਲਤ 'ਚ ਖ਼ਤਮ ਕਰ ਦੇਵੋ। ਤਹਿਮਸ ਤਸਕੀਨ ਲਿਖਦਾ ਹੈ ਕਿ ਸਿੱਖਾਂ ਦੇ ਸਿਰਾਂ ਦੇ ਮੁੱਲ ਵਧਾ ਕੇ ਚਾਲੀ ਤੋਂ ਅੱਸੀ ਰੁਪਏ ਕਰ ਦਿੱਤੇ। ਜ਼ਕਰੀਆ ਖ਼ਾਨ ਨੇ ਫ਼ੁਰਮਾਨ ਜਾਰੀ ਕਰ ਦਿੱਤਾ ਕਿ ਸਿੱਖਾਂ ਕੋਲੋਂ ਲੁੱਟਿਆ ਹੋਇਆ ਮਾਲ ਲੁੱਟਣ ਵਾਲੇ ਦਾ ਹੀ ਹੋਵੇਗਾ, ਇਸ ਕਰਕੇ ਸਿੱਖਾਂ ਨੂੰ ਦੂਰ-ਦੁਰਾਡੇ ਜਾ ਕੇ ਲੁੱਕਣਾ ਪਿਆ।

ਕੁਝ ਸਿੱਖ ਪਹਾੜਾਂ ਵੱਲ ਨਿਕਲ ਗਏ। ਬਹੁਤ ਸਾਰੇ ਸਿੱਖ ਬੀਕਾਨੇਰ, ਜੈਪੁਰ, ਜੋਧਪੁਰ ਆਦਿ ਰਿਆਸਤਾਂ ਵਿਚ ਚਲੇ ਗਏ। ਵੱਖ-ਵੱਖ ਇਲਾਕਿਆਂ ਦੇ ਚੌਧਰੀ ਸਿੰਘਾਂ ਨੂੰ ਗ੍ਰਿਫ਼ਤਾਰ ਕਰਨ ਜਾਂ ਉਨ੍ਹਾਂ ਨੂੰ ਮਾਰਨ ਵਿਚ ਮੁਗਲਾਂ ਦਾ ਸਾਥ ਦੇ ਰਹੇ ਸਨ, ਜਿਸ ਬਦਲੇ ਉਨ੍ਹਾਂ ਨੂੰ ਇਨਾਮ ਦਿੱਤੇ ਜਾਂਦੇ, ਬਾਕੀ ਦੇ ਜਿੰਨੇ ਕੁ ਸਿੱਖ ਪੰਜਾਬ ਵਿਚ ਰਹਿ ਰਹੇ ਸਨ, ਉਹ ਲੁੱਕ-ਛਿੱਪ ਕੇ ਹਰਿਮੰਦਰ ਸਾਹਿਬ ਇਸ਼ਨਾਨ ਜ਼ਰੂਰ ਕਰ ਜਾਇਆ ਕਰਦੇ।

ਪ੍ਰਿੰ: ਸਤਿਬੀਰ ਸਿੰਘ ਜੀ ਲਿਖਦੇ ਹਨ, ਗੁਰਦੁਵਾਰੇ ਸਿੱਖੀ ਦਾ ਸੋਮਾ ਹਨ। ਹਰਿਮੰਦਰ ਸਾਹਿਬ ਸੋਮਿਆਂ ਦਾ ਸੋਮਾ ਹੈ। ਗੁਰੂ ਸਾਹਿਬਾਨ ਦੇ ਵੇਲਿਆਂ ਤੋਂ ਹੀ ਇਸ ਸੋਮੇ ਨੂੰ ਬੰਦ ਕਰਵਾਉਣ ਦੀਆਂ ਵਿਉਂਤਾਂ ਲੱਗੀਆਂ ਹੋਈਆਂ ਸਨ। ਸੁਲਹੀ ਖਾਨ, ਸੁਲਭੀ ਖਾਨ, ਬੀਰਬਲ ਤੇ ਫਿਰ ਆਪ ਜਹਾਂਗੀਰ ਨੇ ਵੀ ਯਤਨ ਕੀਤੇ। ਜ਼ਕਰੀਆ ਖਾਨ ਨੇ ਇਸ ਸੋਮੇ ਨੂੰ ਬੰਦ ਕਰਵਾਉਣ ਦੀ ਠਾਣ ਲਈ। ਇਸ ਕਰਕੇ ਹਰਿਮੰਦਰ ਸਾਹਿਬ ਦੀ ਰਾਖੀ ਲਈ ਜ਼ਕਰੀਆ ਖ਼ਾਨ ਨੇ ਚੌਧਰੀ ਮਸਾਲ-ਉਲ-ਦੀਨ (ਮੱਸਾ ਰੰਗੜ) ਨੂੰ ਲਗਾ ਦਿੱਤਾ, ਜੋ ਅੰਮ੍ਰਿਤਸਰ ਜ਼ਿਲ੍ਹੇ ਦੇ ਮੰਡਿਆਲੇ ਪਿੰਡ ਦਾ ਵਸਨੀਕ ਸੀ ਅਤੇ ਇਸ ਇਲਾਕੇ ਦਾ ਚੌਧਰੀ ਵੀ ਸੀ। ਉਸ ਨੂੰ ਜ਼ਕਰੀਆ ਖਾਨ ਨੇ ਕਿਹਾ, ਜਿੰਨੀ ਹੋ ਸਕੇ ਦਰਬਾਰ ਸਾਹਿਬ ਦੀ ਬੇਅਦਬੀ ਕੀਤੀ ਜਾਵੇ। ਮੱਸਾ ਰੰਗੜ ਨੇ ਆਪਣੀ ਫ਼ੌਜ ਦਾ ਡੇਰਾ ਵੀ ਸ੍ਰੀ ਹਰਿਮੰਦਰ ਸਾਹਿਬ ਅੰਦਰ ਲਗਵਾ ਦਿੱਤਾ ਅਤੇ ਆਪ ਵੀ ਸ੍ਰੀ ਹਰਿਮੰਦਰ ਸਾਹਿਬ ਅੰਦਰ ਪਲੰਘ ਡਾਹ ਕੇ ਬੈਠ ਗਿਆ ਸੀ। ਇੱਥੇ ਬੈਠ ਕੇ ਇਸ ਨੇ ਐਸ਼-ਅੱਯਾਸ਼ੀ ਅਤੇ ਬੇ-ਅਸੂਲੇ ਕੰਮ ਕਰਨੇ ਸ਼ੁਰੂ ਕਰ ਦਿੱਤੇ, ਜਿਸ ਨਾਲ ਸ੍ਰੀ ਹਰਿਮੰਦਰ ਸਾਹਿਬ ਦੀ ਮਰਿਯਾਦਾ ਭੰਗ ਹੋਣ ਲੱਗੀ।

ਜਦ ਇਸ ਗੱਲ ਦਾ ਪਤਾ ਪਿੰਡ ਕੰਗ ਜ਼ਿਲ੍ਹਾ ਅੰਮ੍ਰਿਤਸਰ ਦੇ ਬਲਾਕਾ ਸਿੰਘ ਨੂੰ ਲੱਗਿਆ, ਤਾਂ ਉਹ ਇਕੱਲਾ ਕੁਝ ਕਰ ਨਹੀਂ ਸਕਦਾ ਸੀ। ਬਲਾਕਾ ਸਿੰਘ ਬੀਕਾਨੇਰ ਦੀ ਧਰਤੀ 'ਤੇ ਪਹੁੰਚ ਗਿਆ, ਜਿੱਥੇ ਬੁੱਢਾ ਦਲ



ਦਾ ਜੱਥਾ ਬੈਠਾ ਸੀ, ਜਦ ਬਲਾਕਾ ਸਿੰਘ ਨੇ ਦਰਬਾਰ ਸਾਹਿਬ ਦੀ ਹੋ ਰਹੀ ਬੇਅਦਬੀ ਬਾਰੇ ਸਿੰਘਾਂ ਨੂੰ ਦੱਸਿਆ, ਤਾਂ ਜੱਥੇਦਾਰ ਨੇ ਸਾਰੇ ਸਿੰਘਾਂ ਨੂੰ ਸੰਬੋਧਨ ਕਰਕੇ ਕਿਹਾ, ਕੋਈ ਅਜਿਹਾ ਸਿੰਘ ਹੈ, ਜੋ ਦਰਬਾਰ ਸਾਹਿਬ ਦੀ ਹੋ ਰਹੀ ਬੇਅਦਬੀ ਦਾ ਬਦਲਾ ਲੈ ਸਕੇ ਅਤੇ ਉਸ ਪਾਪੀ ਦਾ ਸਿਰ ਵੱਡ ਕੇ ਇੱਥੇ ਲਿਆ ਸਕੇ।

ਇਹ ਸੁਣ ਕੇ ਭਾਈ ਮਹਿਤਾਬ ਸਿੰਘ ਮੀਰਾਂ ਕੋਟ (ਅੰਮ੍ਰਿਤਸਰ ਤੋਂ 8 ਕਿਲੋਮੀਟਰ) ਦਾ ਰਹਿਣ ਵਾਲਾ ਭੰਗੂ ਗੋਤ ਦਾ ਜੱਟ ਸਿੱਖ ਅਤੇ ਭਾਈ ਸੁੱਖਾ ਸਿੰਘ ਪਿੰਡ ਮਾੜੀ ਕੰਬੋਕੀ (ਅੰਮ੍ਰਿਤਸਰ) ਦਾ ਰਹਿਣ ਵਾਲਾ ਕਲਸੀ ਗੋਤ ਦਾ ਤਰਖਾਣ ਸੀ, ਦੋਹਾਂ ਨੇ ਮੱਸੇ ਰੰਗੜ ਦਾ ਸਿਰ ਵੱਡ ਕੇ ਲਿਆਉਣ ਦੀ ਜ਼ਿੰਮੇਵਾਰੀ ਆਪਣੇ ਸਿਰ ਲੈ ਲਈ ਕਿਉਂਕਿ ਉਹ ਅੰਮ੍ਰਿਤਸਰ ਨੇੜੇ ਦੇ ਹੋਣ ਕਰਕੇ ਸਾਰੇ ਇਲਾਕੇ ਦੇ ਵਾਕਿਫ਼ ਸਨ, ਉਥੋਂ ਉਨ੍ਹਾਂ ਨੇ ਘੋੜਿਆਂ 'ਤੇ ਚਾਲੇ ਪਾ ਦਿੱਤੇ। ਆਉਂਦੇ ਹੋਏ ਤਲਵੰਡੀ ਸਾਬੋ ਮੱਥਾ ਟੇਕ ਕੇ ਅਤੇ ਅਰਦਾਸ ਕਰਕੇ ਸ੍ਰੀ ਹਰਿਮੰਦਰ ਸਾਹਿਬ ਨੂੰ ਚੱਲ ਪਏ।

ਭਾਈ ਰਤਨ ਸਿੰਘ ਭੰਗੂ (ਜੋ ਭਾਈ ਮਹਿਤਾਬ ਸਿੰਘ ਦੇ ਪੋਤੇ ਸਨ) ਲਿਖਦੇ ਹਨ, ਉਨ੍ਹਾਂ ਤਰਨ ਤਾਰਨ ਆ ਕੇ ਵਿਉਂਤ ਬਣਾਈ, ਠੀਕਰੀਆਂ ਦੀਆਂ ਦੋ ਵੱਡੀਆਂ ਥੈਲੀਆਂ ਭਰ ਲਈਆਂ, ਆਪਣੇ ਮੂੰਹ ਕੱਪੜੇ ਨਾਲ ਢੱਕ ਲਏ ਅਤੇ ਪਠਾਣਾਂ ਵਾਲੇ ਭੇਸ ਬਣਾ ਲਏ। ਇੰਝ ਲੱਗੇ ਕਿਸੇ ਪਿੰਡ ਦੇ ਨੰਬਰਦਾਰ ਮਾਮਲਾ ਤਾਰਨ ਆਏ ਹਨ। ਹਰਿਮੰਦਰ ਸਾਹਿਬ ਪਹੁੰਚ ਕੇ ਗੁਰੂ ਰਾਮਦਾਸ ਜੀ ਦੇ ਚਰਨਾਂ 'ਚ ਅਰਦਾਸ ਕੀਤੀ।

ਘੋੜਿਆਂ ਤੋਂ ਉੱਤਰ ਕੇ ਉਨ੍ਹਾਂ ਦਰਸ਼ਨੀ ਡਿਊਡੀ ਕੋਲ ਲਾਚੀ ਬੇਰੀ ਨਾਲ ਘੋੜੇ ਬੰਨ੍ਹ ਦਿੱਤੇ। ਆਪ ਮੂੰਹ ਢੱਕ ਕੇ ਦਰਸ਼ਨੀ ਡਿਊਡੀ ਕੋਲ ਖੜ੍ਹੇ ਪਹਿਰੇਦਾਰਾਂ ਨੂੰ ਕਹਿਣ ਲੱਗੇ, ਅਸੀਂ ਪੱਟੀ ਦੇ ਨੰਬਰਦਾਰ ਹਾਂ, ਮਾਮਲਾ ਚੌਧਰੀ ਸਾਹਿਬ ਨੂੰ ਦੇਣ ਆਏ ਹਾਂ। ਇੰਨਾ ਕਹਿ ਕੇ ਫਟਾਫਟ ਜਾ ਕੇ ਦਰਬਾਰ ਸਾਹਿਬ ਵਿਚ ਦਾਖ਼ਲ ਹੋ ਗਏ, ਅੰਦਰ ਦਾ ਹਾਲ ਵੇਖ ਕੇ ਰੋਹ ਵਿਚ ਆ ਗਏ ਪਰ ਚੁੱਪ ਰਹੇ। ਮੱਸੇ ਰੰਗੜ ਨੂੰ ਕਿਹਾ, ਅਸੀਂ ਮਾਮਲਾ ਲੈ ਕੇ ਆਏ ਹਾਂ, ਕਿੱਥੇ ਰੱਖੀਏ।

ਜਦ ਮੱਸਾ ਰੰਘੜ ਧੌਣ ਨੀਵੀਂ ਕਰਕੇ ਦੱਸਣ ਲੱਗਾ ਕਿ ਪਲੰਗ ਥੱਲੇ ਰੱਖ ਦੇਵੋ, ਤਾਂ ਭਾਈ ਮਹਿਤਾਬ ਸਿੰਘ ਨੇ ਅੱਖ ਝਪਕਣ ਜਿੰਨੀ ਦੇਰ ਲਾ ਕੇ 11 ਅਗਸਤ, 1740 ਨੂੰ ਮੱਸੇ ਰੰਗੜ ਦਾ ਸਿਰ ਤਲਵਾਰ ਦੇ ਇਕੋ ਵਾਰ ਨਾਲ ਧੜ ਨਾਲੋਂ ਵੱਖ ਕਰ ਦਿੱਤਾ। ਜਦ ਮੱਸੇ ਰੰਘੜ ਦਾ ਸਿਰ ਵੱਢਿਆ, ਸਾਰੇ ਪਾਸੇ ਹਾਹਾਕਾਰ ਮੱਚ ਗਈ। ਸਿੰਘਾਂ ਦੀ ਤਲਵਾਰ ਅੱਗੇ ਜੋ ਵੀ ਆਇਆ, ਉਸ ਨੂੰ ਨਰਕਾਂ ਦੇ ਰਾਹ ਤੋਰਦੇ ਹੋਏ ਮੱਸੇ ਰੰਘੜ ਦਾ ਸਿਰ ਲੈ ਕੇ ਘੋੜਿਆਂ 'ਤੇ ਫਰਾਰ ਹੋ ਗਏ। ਮੱਸੇ ਦਾ ਸਿਰ ਲੈ ਕੇ ਸਭ ਤੋਂ ਪਹਿਲਾ ਪੜਾਹ ਬੀਕਾਨੇਰ ਦੇ ਇਲਾਕੇ ਵਿਚ ਬੁੱਢਾ ਜੋਹੜ (ਨੇੜੇ ਗੰਗਾ ਨਗਰ) ਵਿਚ ਕੀਤਾ, ਫਿਰ ਉੱਥੋਂ ਲਿਜਾ ਕੇ ਸਰਬੱਤ ਖ਼ਾਲਸੇ ਦੀ ਹਾਜ਼ਰੀ ਵਿਚ ਜੱਥੇਦਾਰ ਦੇ ਅੱਗੇ ਰੱਖਦਿਆਂ ਆਪਣਾ ਪ੍ਰਣ ਪੂਰਾ ਕਰਦਿਆਂ ਮੁਗਲਾਂ ਦਾ ਹੰਕਾਰ ਹੀ ਨਹੀਂ ਤੋੜਿਆ, ਗੁਰੂ ਘਰ ਦੀ ਮਾਣ-ਮਰਿਯਾਦਾ ਆਣ-ਸ਼ਾਨ ਵੀ ਕਾਇਮ ਕਰ ਦਿੱਤੀ।

ਸੰਨ 1745 (ਸੰਮਤ 1802) ਵਿਚ ਭਾਈ ਮਹਿਤਾਬ ਸਿੰਘ ਆਪਣੇ ਪਰਿਵਾਰ ਨੂੰ ਮਿਲਣ ਪਿੰਡ ਆਏ, ਤਾਂ ਨਿਰੰਜਣਏ ਨੇ ਲਾਹੌਰ ਖਾਨ ਬਹਾਦਰ ਕੋਲ ਸੂਚਨਾ ਦੇ ਦਿੱਤੀ। ਭਾਈ ਮਹਿਤਾਬ ਸਿੰਘ ਨੂੰ ਗ੍ਰਿਫ਼ਤਾਰ ਕਰਕੇ ਲਾਹੌਰ ਦਰਬਾਰ ਵਿਚ ਪੇਸ਼ ਕਰ ਦਿੱਤਾ।

ਭਾਈ ਮਹਿਤਾਬ ਸਿੰਘ ਤੇ ਭਾਈ ਤਾਰੂ ਸਿੰਘ ਆਪਸ ਵਿਚ ਮਾਮੇ ਭੂਆ ਦੇ ਪੁੱਤ ਸਨ। ਮੱਸੇ ਰੰਘੜ ਦੀ ਮੌਤ ਬਦਲੇ ਭਾਈ ਮਹਿਤਾਬ ਸਿੰਘ ਨੂੰ ਜੁਲਾਈ 1745 ਵਿਚ ਲਾਹੌਰ ਵਿਖੇ ਭਾਈ ਤਾਰੂ ਸਿੰਘ ਦੀ ਸ਼ਹੀਦੀ ਤੋਂ ਦੋ ਦਿਨ ਬਾਅਦ ਚਰਖੜੀ 'ਤੇ ਚਾੜ੍ਹ ਕੇ ਸ਼ਹੀਦ ਕਰ ਦਿੱਤਾ। ਭਾਈ ਸੁੱਖਾ ਸਿੰਘ ਮਾੜੀ ਕੰਬੋਕੀ ਜ਼ਾਲਮ ਹਕੂਮਤ ਨਾਲ ਜੂਝਦੇ ਹੋਏ ਸੰਨ 1753 (ਸੰਮਤ 1810) ਵਿਚ ਦੁਰਾਨੀਆਂ ਦੀ ਫ਼ੌਜ ਨਾਲ ਲੜਦੇ ਹੋਏ ਰਾਵੀ ਦੇ ਕਿਨਾਰੇ ਲਾਹੌਰ ਪਾਸ ਸ਼ਹੀਦ ਹੋ ਗਏ।

# ਗੁਰੂ ਕੇ ਬਾਗ਼ ਦਾ ਮੋਰਚਾ

## 9 ਅਗਸਤ 'ਤੇ ਵਿਸ਼ੇਸ਼ ਲੇਖ

ਸੁਖਵਿੰਦਰ ਸਿੰਘ ਮੁੱਲਾਂਪੁਰ
99141-84794
(Punjab Mail USA)




ਅੰਗਰੇਜ਼ ਸਰਕਾਰ ਦੀ ਸ਼ਹਿ 'ਤੇ ਬੈਠੇ ਗੁਰਦੁਆਰਿਆਂ ਵਿਚ ਮਹੰਤਾਂ ਵਲੋਂ ਗੁਰਦੁਆਰਿਆਂ ਵਿਚ ਦਿਨੋਂ-ਦਿਨ ਵੱਧ ਰਹੀਆਂ ਬੇਅਦਬੀਆਂ ਨੂੰ ਸਿੱਖ ਕਿੰਨਾਂ ਕੁ ਚਿਰ ਸਹਿਣ ਕਰ ਸਕਦੇ ਸਨ। ਅਖ਼ੀਰ ਉਨ੍ਹਾਂ ਮਹੰਤਾਂ ਕੋਲੋਂ ਗੁਰਦੁਆਰੇ ਆਜ਼ਾਦ ਕਰਵਾਉਣ ਦੀ ਮੁਹਿੰਮ ਵਿੱਢ ਲਈ। ਸਭ ਤੋਂ ਪਹਿਲਾਂ ਇਨ੍ਹਾਂ ਮਸੰਦਾਂ ਪੁਜਾਰੀਆਂ ਦੀ ਗੱਲ ਕਰਨ ਵੇਲੇ ਇਨ੍ਹਾਂ ਦੇ ਪਿਛੋਕੜ ਵੱਲ ਝਾਤ ਮਾਰਨੀ ਜ਼ਰੂਰੀ ਹੈ। ਮਹਾਰਾਜਾ ਰਣਜੀਤ ਸਿੰਘ ਦੀ ਮੌਤ ਤੋਂ ਬਾਅਦ ਜਦੋਂ ਸਿੱਖ ਰਾਜ 'ਤੇ ਡੋਗਰੇ ਹਾਵੀ ਹੋਏ, ਤਾਂ ਉਨ੍ਹਾਂ ਦੀ ਸੋਚ ਸੀ, ਹੌਲੀ-ਹੌਲੀ ਮਹਾਰਾਜਾ ਦੇ ਪੁੱਤਰਾਂ ਨੂੰ ਖ਼ਤਮ ਕਰਕੇ ਆਪਣੇ ਪੁੱਤਰਾਂ ਨੂੰ ਤਖ਼ਤ 'ਤੇ ਬਿਠਾਇਆ ਜਾਵੇ। ਉਨ੍ਹਾਂ ਨੇ ਇਹ ਸੋਚ ਇੱਥੇ ਹੀ ਖ਼ਤਮ ਨਹੀਂ ਕੀਤੀ, ਜੋ ਸਿੱਖ ਧਰਮ ਦੇ ਅਸਥਾਨ ਸਨ, ਉਨ੍ਹਾਂ ਵਿਚ ਜੰਮੂ ਦੇ ਡੋਗਰੇ ਲਿਆ ਕੇ ਧਾਰਮਿਕ ਅਸਥਾਨਾਂ ਦਾ ਪ੍ਰਬੰਧ ਚਲਾਉਣ ਲਈ ਗੁਰਦੁਆਰਿਆਂ ਵਿਚ ਬਿਠਾ ਦਿੱਤੇ।

ਉਹ ਵਿਆਕਤੀ ਅੰਦਰੋਂ ਤਾਂ ਹਿੰਦੂ ਮੱਤ ਵਾਲੇ ਸਨ, ਉਨ੍ਹਾਂ ਨੂੰ ਸਿੱਖੀ ਨਾਲ ਕੋਈ ਪਿਆਰ ਨਹੀਂ ਸੀ ਪਰ ਗੁਰਦੁਆਰਿਆਂ ਵਿਚ ਭੇਖਧਾਰੀ ਸਿੱਖ ਬਣ ਕੇ ਕਾਬਜ਼ ਹੋ ਗਏ, ਇਨ੍ਹਾਂ ਵਿਆਕਤੀਆਂ ਨੂੰ ਹੀ ਪੁਜਾਰੀ ਜਾਂ ਮਸੰਦਾਂ ਦਾ ਨਾਮ ਦਿੱਤਾ ਗਿਆ। ਇਹ ਗੁਰਦੁਆਰਿਆਂ ਦਾ ਪੂਜਾ ਧਾਨ ਖਾਣ ਲੱਗ ਪਏ, ਇਹ ਗੁਰਦੁਆਰਿਆਂ ਦੀ ਮਾਣ-ਮਰਿਯਾਦਾ ਦਾ ਖਿਆਲ ਨਾ ਰੱਖਦੇ। ਜਦ ਅੰਗਰੇਜ਼ੀ ਰਾਜ ਸ਼ੁਰੂ ਹੋਇਆ, ਤਾਂ ਅੰਗਰੇਜ਼ਾਂ ਨੇ ਸਿੱਖਾਂ ਦੇ ਉਲਟ ਮਹੰਤਾਂ ਦੀ ਪਿੱਠ ਠੋਕਣੀ ਸ਼ੁਰੂ ਕਰ ਦਿੱਤੀ।

ਸਿੱਖ ਕੌਮ ਨੇ ਮਹੰਤਾਂ ਤੋਂ ਗੁਰਦੁਆਰੇ ਆਜ਼ਾਦ ਕਰਵਾਉਣ ਲਈ ਗੁਰਦਆਰਾ ਸੁਧਾਰ ਲਹਿਰ ਚਲਾਈ। ਸਿੱਖਾਂ ਦਾ ਰੋਹ ਵੇਖ ਕੇ ਸਿੱਖਾਂ ਅੱਗੇ ਧਰਮ ਦੇ ਮਸਲੇ ਵਿਚ ਸਰਕਾਰ ਵੀ ਢਿੱਲੀ ਪੈਣੀ ਸ਼ੁਰੂ ਹੋ ਗਈ। ਸਰਕਾਰ ਨੇ ਸਿੱਖਾਂ ਵਲੋਂ ਗੁਰਦੁਆਰਿਆਂ ਦਾ ਪ੍ਰਬੰਧ ਚਲਾਉਣ ਖ਼ਾਤਰ 1920 ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਹੋਂਦ ਵਿਚ ਲਿਆਂਦੀ ਪਰ ਸਿੱਖਾਂ ਵਲੋਂ ਗੁਰਦੁਆਰਿਆਂ ਦਾ ਪ੍ਰਬੰਧ ਆਪਣੇ ਹੱਥਾਂ ਵਿਚ ਲੈਣ ਦਾ ਕੰਮ ਜਿਉਂ ਦਾ ਤਿਉਂ ਹੀ ਖੜ੍ਹਾ ਸੀ। ਧਾਰਮਿਕ ਅਸਥਾਨਾਂ ਦੇ ਕਬਜ਼ੇ ਲੈਣ ਖ਼ਾਤਰ ਸਿੱਖਾਂ ਨੂੰ ਬੇਸ਼ੁਮਾਰ ਸ਼ਹੀਦੀਆਂ ਦੇਣੀਆਂ ਪਈਆਂ, ਜੇਲ੍ਹਾਂ ਕੱਟਣੀਆਂ ਪਈਆਂ।

ਸਿੱਖਾਂ ਨੂੰ ਗੁਰੂ ਕੇ ਬਾਗ਼ ਦੇ ਗੁਰਦੁਵਾਰੇ ਦੀ ਗੁਰੂ ਮਰਿਯਾਦਾ ਕਾਇਮ ਰੱਖਣ ਖ਼ਾਤਰ ਮੋਰਚਾ ਲਾਉਣਾ ਪਿਆ ਇਹ ਮੋਰਚਾ ਵੀ ਗੁਰਦੁਆਰਾ ਸੁਧਾਰ ਲਹਿਰ ਦਾ ਹੀ ਹਿੱਸਾ ਸੀ। ਸਿੱਖਾਂ ਨੇ ਪਹਿਲਾਂ ਤਰਨ ਤਾਰਨ, ਨਨਕਾਣਾ ਸਾਹਿਬ ਦਾ ਮੋਰਚਾ, ਚਾਬੀਆਂ ਦਾ ਮੋਰਚਾ ਫ਼ਤਿਹ ਕਰ ਲਏ ਸਨ। ਹੁਣ ਗੁਰੂ ਕੇ ਬਾਗ਼ 'ਤੇ ਜਿੱਤ ਹਾਸਲ ਕਰਨਾ ਚਾਹੁੰਦੇ ਸਨ।



ਸ੍ਰੀ ਅੰਮ੍ਰਿਤਸਰ ਸਾਹਿਬ ਤੋਂ ਵੀਹ ਕਿਲੋਮੀਟਰ ਦੀ ਦੂਰੀ 'ਤੇ ਸ੍ਰੀ ਗੁਰੂ ਅਰਜਨ ਦੇਵ ਜੀ ਅਤੇ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਚਰਨ ਛੋਹ ਪ੍ਰਾਪਤ ਗੁਰਦੁਆਰਾ ਗੁਰੂ ਕੇ ਬਾਗ਼ ਘੁੱਕੇਵਾਲੀ ਵਿਖੇ ਸਥਿਤ ਹੈ। ਇਸ ਗੁਰਦਆਰਾ ਸਾਹਿਬ ਕੋਲ ਕਾਫੀ ਜ਼ਮੀਨ ਹੈ, ਜੋ 'ਗੁਰੂ ਕੇ ਬਾਗ਼' ਅਖਵਾਉਂਦੀ ਹੈ, ਇਸ ਜਗ੍ਹਾ 'ਤੇ ਕਿੱਕਰਾਂ ਆਦਿ ਬਹੁਤ ਦਰੱਖਤ ਖੜ੍ਹੇ ਸਨ।

ਗੁਰੂ ਕੇ ਬਾਗ਼ ਦਾ ਪ੍ਰਬੰਧ ਮਹੰਤ ਸੁੰਦਰ ਦਾਸ ਦੇ ਕਬਜ਼ੇ ਵਿਚ ਸੀ, ਜਿਸ ਨੇ ਉੱਥੇ ਬਿਨਾਂ ਵਿਆਹ ਤੋਂ ਇਕ ਔਰਤ ਰੱਖੀ ਹੋਈ ਸੀ ਅਤੇ ਗੁਰਦੁਆਰਾ ਸਾਹਿਬ ਦੀ ਮਰਿਯਾਦਾ ਨੂੰ ਵੀ ਸਹੀ ਢੰਗ ਨਾਲ ਨਹੀਂ ਨਿਭਾ ਰਿਹਾ ਸੀ। ਇਹ ਸਭ ਕੁਝ ਇਲਾਕੇ ਦੀਆਂ ਸੰਗਤਾਂ ਨੂੰ ਮਨਜ਼ੂਰ ਨਹੀਂ ਸੀ। ਇਹ ਗੱਲ ਉਨ੍ਹਾਂ ਸ਼੍ਰੋਮਣੀ ਕਮੇਟੀ ਕੋਲ ਕੀਤੀ। ਸ਼੍ਰੋਮਣੀ ਕਮੇਟੀ ਨੇ ਪ੍ਰਬੰਧਾਂ ਵਿਚ ਸੁਧਾਰ ਲਿਆਉਣ ਦੀ ਡਿਊਟੀ ਦਾਨ ਸਿੰਘ ਵਿਛੋਆ ਦੀ ਲਾ ਦਿੱਤੀ। ਦਾਨ ਸਿੰਘ ਵਿਛੋਆ ਦੇ ਕਹਿਣ 'ਤੇ ਮਹੰਤ ਸੁੰਦਰ ਦਾਸ ਨੇ ਈਸਰੀ ਨਾਮ ਦੀ ਔਰਤ ਨਾਲ ਵਿਆਹ ਕਰਵਾ ਲਿਆ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਅੰਮ੍ਰਿਤ ਛੱਕ ਕੇ ਗੁਰਦੁਆਰਾ ਸਾਹਿਬ ਦੀ ਮਰਿਯਾਦਾ ਨੂੰ ਠੀਕ ਢੰਗ ਨਾਲ ਚਲਾਉਣ ਲੱਗ ਪਿਆ।

21 ਫ਼ਰਵਰੀ, 1921 ਨੂੰ ਸਿੱਖਾਂ ਨੇ ਸ਼ਹੀਦੀਆਂ ਪ੍ਰਾਪਤ ਕਰਕੇ ਨਨਕਾਣਾ ਸਾਹਿਬ ਦਾ ਕਬਜ਼ਾ ਲੈ ਲਿਆ ਸੀ। ਮਹੰਤ ਸੁੰਦਰ ਦਾਸ ਨੂੰ ਵੀ ਅਪਣਾ ਫਿਕਰ ਪੈ ਗਿਆ। ਉਸ ਨੇ ਸ਼੍ਰੋਮਣੀ ਕਮੇਟੀ ਨਾਲ ਸਮਝੌਤਾ ਕਰ ਲਿਆ। ਮਹੰਤ ਸੁੰਦਰ ਦਾਸ ਨੂੰ ਕਮੇਟੀ ਨੇ 120 ਰੁਪਏ ਮਹੀਨਾ ਦੇਣਾ ਮੰਨ ਲਿਆ ਅਤੇ ਅੰਮ੍ਰਿਤਸਰ ਵਿਚ ਰਹਿਣ ਵਾਸਤੇ ਇਕ ਮਕਾਨ ਮੁੱਲ ਲੈ ਕੇ ਦੇ ਦਿੱਤਾ। ਗੁਰਦੁਆਰੇ ਦਾ ਪ੍ਰਬੰਧ ਕਮੇਟੀ ਨੇ ਆਪਣੇ ਕਬਜ਼ੇ ਵਿਚ ਲੈ ਲਿਆ ਪਰ ਅੰਗਰੇਜ਼ ਸਰਕਾਰ ਦੀ ਸ਼ਹਿ 'ਤੇ ਮਹੰਤ ਨੇ ਫਿਰ ਗੁਰਦੁਆਰੇ ਦਾ ਪ੍ਰਬੰਧ ਆਪਣੇ ਕਬਜ਼ੇ ਵਿਚ ਲੈਣ ਲਈ ਹੱਥ-ਪੈਰ ਮਾਰਨੇ ਸ਼ੁਰੂ ਕਰ ਦਿੱਤੇ।

8 ਅਗਸਤ, 1922 ਨੂੰ 5 ਸਿੰਘਾਂ ਦਾ ਜੱਥਾ ਗੁਰੂ ਕੇ ਲੰਗਰ ਲਈ ਲੱਕੜਾਂ ਕੱਟਣ ਗੁਰੂ ਕੇ ਬਾਗ਼ ਚਲਿਆ ਗਿਆ। ਮਹੰਤ ਸੁੰਦਰ ਦਾਸ ਨੇ ਇਹ ਖ਼ਬਰ ਪੁਲਿਸ ਨੂੰ ਕਰ ਦਿੱਤੀ। ਉਨ੍ਹਾਂ 9 ਅਗਸਤ ਨੂੰ ਪੰਜੇ ਸਿੰਘਾਂ ਨੂੰ ਗ੍ਰਿਫ਼ਤਾਰ ਕਰ ਲਿਆ। 10 ਤਰੀਖ ਨੂੰ ਸਿੰਘਾਂ ਨੂੰ ਛੇ-ਛੇ ਮਹੀਨੇ ਦੀ ਸਜ਼ਾ ਅਤੇ ਜੁਰਮਾਨਾ ਸੁਣਾ ਦਿੱਤਾ।

ਮਿਸਟਰ ਡੰਟ ਡਿਪਟੀ ਕਮਿਸ਼ਨਰ ਅੰਮ੍ਰਿਤਸਰ ਨੇ ਸਰਕਾਰੀ ਹਦਾਇਤਾਂ ਅਨੁਸਾਰ 22 ਅਗਸਤ ਤੋਂ ਸਿੱਖਾਂ ਦੀਆਂ ਗ੍ਰਿਫ਼ਤਾਰੀਆਂ ਸ਼ੁਰੂ ਕਰ ਦਿੱਤੀਆਂ। 25 ਅਗਸਤ ਤੋਂ ਸਿੱਖਾਂ 'ਤੇ ਘੋਰ ਤਸ਼ੱਦਦ ਡਾਂਗਾਂ ਨਾਲ ਮਾਰਕੁੱਟ ਦਾ ਕੰਮ ਸ਼ੁਰੂ ਕਰ ਦਿੱਤਾ।

26 ਅਗਸਤ, 1922 ਨੂੰ ਅਕਾਲ ਤਖ਼ਤ ਸਾਹਿਬ 'ਤੇ ਮੀਟਿੰਗ ਕਰ ਰਹੇ ਅੰਤਰਿੰਗ ਕਮੇਟੀ ਦੇ ਆਗੂ ਭਗਤ ਜਸਵੰਤ ਸਿੰਘ ਜ. ਸਕੱਤਰ, ਸ. ਮਹਿਤਾਬ ਸਿੰਘ ਪ੍ਰਧਾਨ, ਪ੍ਰੋ. ਸਾਹਿਬ ਸਿੰਘ ਮੀਤ ਸਕੱਤਰ, ਸ. ਸਰਮੁੱਖ ਸਿੰਘ ਝਬਾਲ ਪ੍ਰਧਾਨ ਅਕਾਲੀ ਦਲ, ਬਾਬਾ ਕੇਹਰ ਸਿੰਘ ਪੱਟੀ, ਮਾਸਟਰ ਤਾਰਾ ਸਿੰਘ ਅਤੇ ਸ. ਰਵੇਲ ਸਿੰਘ ਨੂੰ ਡੀ.ਸੀ. ਅੰਮ੍ਰਿਤਸਰ ਨੇ ਵਾਰੰਟ ਜਾਰੀ ਕਰਕੇ ਸਾਰੇ ਗ੍ਰਿਫ਼ਤਾਰ ਕਰ ਲਏ। ਸਰਕਾਰ ਨਨਕਾਣਾ ਸਾਹਿਬ ਦੇ ਸ਼ਹੀਦੀ ਸਾਕੇ ਵੇਲੇ ਸਿੱਖਾਂ ਦੇ ਦਲੇਰੀ ਭਰੇ ਕਾਰਨਾਮੇ ਦੇਖ ਚੁੱਕੀ ਸੀ। ਹੁਣ ਉਹ ਸਿੱਖਾਂ ਦੀ ਲਹਿਰ ਨੂੰ ਸਖਤੀ ਨਾਲ ਦਬਾ ਦੇਣਾ ਚਾਹੁੰਦੀ ਸੀ ਪਰ ਸਰਕਾਰ ਦੀ ਸਖਤੀ ਦਾ ਸਿੱਖਾਂ 'ਤੇ ਕੋਈ ਅਸਰ ਨਾ ਪਿਆ। 30 ਅਗਸਤ ਨੂੰ 60 ਕੁ ਸਿੰਘਾਂ ਦਾ ਜੱਥਾ ਗੁਰੂ ਕੇ ਬਾਗ਼ ਨੂੰ ਰਵਾਨਾ ਹੋਇਆ। ਜੱਥੇ ਨੂੰ ਰਾਤ ਪੈਣ ਕਰਕੇ ਰਸਤੇ ਵਿਚ ਹੀ ਰਾਤ ਕੱਟਣੀ ਪੈ ਗਈ। ਪੁਲਿਸ ਨੇ ਸੁੱਤੇ ਪਏ ਜੱਥੇ ਉੱਤੇ ਡਾਂਗਾਂ ਨਾਲ ਮਾਰਕੁੱਟ ਸ਼ੁਰੂ ਕਰ ਦਿੱਤੀ।

31 ਅਗਸਤ ਤੋਂ ਹਰ ਰੋਜ਼ ਸੌ ਮੈਂਬਰਾਂ ਦਾ ਜੱਥਾ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਅਰਦਾਸ ਕਰਕੇ ਤੁਰਦਾ, ਜੱਥੇ ਨੂੰ ਤੁਰਨ ਵੇਲੇ ਇਹ ਸਿੱਖਿਆ ਦਿੱਤੀ ਜਾਂਦੀ, ਉਹ ਅੰਗਰੇਜ਼ ਸਰਕਾਰ ਵਲੋਂ ਕੀਤੇ ਤਸ਼ੱਦਦ ਸਮੇਂ ਪੂਰਨ ਸ਼ਾਂਤਮਈ ਰਹਿਣਗੇ। ਜੱਥੇ ਵਿਚ ਸ਼ਾਮਲ ਸਿੰਘਾਂ ਨੂੰ ਰਸਤੇ ਵਿਚ ਹੀ ਪੁਲਿਸ ਵਲੋਂ ਡਾਂਗਾ ਨਾਲ ਮਾਰ-ਕਟਾਈ ਕੀਤੀ ਜਾਂਦੀ। ਮਿ. ਬੀ.ਟੀ. ਡਿਪਟੀ ਸੁਪਰੀਟਡੈਂਟ ਪੁਲਿਸ ਜੱਥੇ ਦੇ ਸਿੱਖਾਂ ਦੀ ਕੋਲ ਖੜ੍ਹ ਕੇ ਕੁਟਾਈ ਕਰਵਾਉਂਦਾ। ਸਿੱਖਾਂ ਨੂੰ ਕੇਸਾਂ ਤੋਂ ਫੜ੍ਹ-ਫੜ੍ਹ ਕੇ ਧੂਹ-ਘੜੀਸ ਕੀਤੀ ਜਾਂਦੀ। ਅਖੀਰ ਸਿੱਖ ਬੇਹੋਸ਼ ਹੋ ਕੇ ਡਿੱਗ ਪੈਂਦੇ। ਡਿੱਗੇ ਪਏ ਸਿੱਖਾਂ 'ਤੇ ਬੂਟਾਂ ਦੇ ਠੁੱਡੇ ਮਾਰੇ ਜਾਂਦੇ। ਜੇਕਰ ਕੋਈ ਸਿੱਖ ਦੁਬਾਰਾ ਉਠਣ ਦਾ ਯਤਨ ਕਰਦਾ, ਉਸ ਨੂੰ ਦੁਬਾਰਾ ਪੁਲਿਸ ਡਾਂਗਾ ਮਾਰ-ਮਾਰ ਥੱਲੇ ਸੁੱਟ ਕੇ ਬੇਹੋਸ਼ ਕਰ ਦਿੰਦੇ।

ਇੰਡੀਅਨ ਨੈਸ਼ਨਲ ਕਾਂਗਰਸ ਨੇ ਇਕ ਪੜਤਾਲ ਕਰਨ ਵਾਸਤੇ ਕਮੇਟੀ ਨਿਯੁਕਤ ਕੀਤੀ, ਜਿਸ ਨੇ ਅਕਾਲੀਆਂ ਦੀ ਸ਼ਾਂਤਮਈ ਢੰਗ ਨਾਲ ਸਰਕਾਰ ਦਾ ਵਹਿਸ਼ੀਆਨਾ ਜ਼ੁਲਮ ਸਹਿਣ ਕਰਨ ਦੀ ਸ਼ਲਾਘਾ ਕੀਤੀ ਅਤੇ ਪੁਲਿਸ ਨੂੰ ਦੋਸ਼ੀ ਠਹਿਰਾਇਆ।

ਸਿੱਖਾਂ ਨਾਲ ਹਮਦਰਦੀ ਦੇ ਤੌਰ 'ਤੇ ਵੱਖ-ਵੱਖ ਧਰਮਾਂ ਦੇ ਲੋਕ ਵੱਡੀ ਸੰਖਿਆ ਵਿਚ ਗੁਰੂ ਕੇ ਬਾਗ਼ ਪਹੁੰਚਣ ਲੱਗੇ, ਪੰਡਤ ਮਦਨ ਮੋਹਨ ਮਾਲਵੀਆ, ਪ੍ਰੋ. ਰੁਚੀ ਰਾਮ ਸਾਹਨੀ, ਸ਼੍ਰੀਮਤੀ ਸਰੋਜਨੀ ਨਾਇਡੂ, ਹਕੀਮ ਅਦਮਲ ਖਾਂ ਆਦਿ।

ਜਦੋਂ ਅੰਗਰੇਜ਼ੀ ਪਾਦਰੀ ਸੀ.ਐੱਫ. ਐਂਡਰੀਊਜ਼ ਨੇ ਜਾ ਕੇ ਵਰ੍ਹ ਰਹੀਆਂ ਡਾਂਗਾਂ ਨਾਲ ਤਸੀਹੇ ਝਲਦੇ ਸਿੱਖਾਂ ਨੂੰ ਦੇਖਿਆ, ਤਾਂ ਰੋ ਉਠਿਆ! ਕਹਿੰਦਾ ਮੈਂ ਇਕ ਮਸੀਹਾ ਸੂਲੀ ਚੜ੍ਹਦਾ ਸੁਣਿਆ ਸੀ ਪਰ ਆਹ ਅੱਖਾਂ ਸਾਹਮਣੇ ਸੈਂਕੜੇ ਮਸੀਹੇ ਸੂਲੀ ਚੜ੍ਹਦੇ ਵੇਖ ਨਹੀ ਹੁੰਦੇ। ਉਸ ਨੇ ਲੈਫਟੀਨੈਂਟ ਗਵਰਨਰ ਨੂੰ ਪੁਲਿਸ ਦੀ ਵਹਿਸ਼ੀਆਨਾ ਕਾਰਵਾਈ ਤੋਂ ਜਾਣੂ ਕਰਵਾਇਆ ਤੇ ਉਸ ਨੂੰ ਆਪ ਜਾ ਕੇ ਮੌਕਾ ਵੇਖਣ ਦੀ ਪ੍ਰੇਰਨਾ ਕੀਤੀ। ਸਰ ਐਡਵਰਡ ਮੈਕਲਾਗਨ 13 ਸਤੰਬਰ ਨੂੰ ਗੁਰੂ ਕੇ ਬਾਗ਼ ਪਹੁੰਚਿਆ ਤੇ ਡਾਂਗਾ ਨਾਲ ਹੁੰਦੀ ਮਾਰਕੁੱਟ ਬੰਦ ਕਰਵਾਈ ਪਰ ਗ੍ਰਿਫ਼ਤਾਰੀਆਂ ਉਸ ਤਰ੍ਹਾਂ ਹੀ ਚੱਲ ਰਹੀਆਂ ਸਨ।

ਸਰਕਾਰ ਨੇ ਸਰ ਗੰਗਾ ਰਾਮ ਨੂੰ ਵਿਚੋਲਾ ਬਣਾ ਕੇ ਗੁਰੂ ਕੇ ਬਾਗ਼ ਦੀ ਜ਼ਮੀਨ ਮਹੰਤ ਪਾਸੋਂ ਲੈ ਕੇ ਉਸ ਨੂੰ ਪਟੇ 'ਤੇ ਦੇ ਦਿੱਤੀ। ਸਰ ਗੰਗਾ ਰਾਮ ਨੇ ਪੁਲਿਸ ਨੂੰ ਇਹ ਕਹਿ ਕੇ ਭੇਜ ਦਿੱਤਾ, ਜਾਓ ਮੈਨੂੰ ਤੁਹਾਡੀ ਲੋੜ ਨਹੀਂ, ਸਰਕਾਰ ਨੇ ਇਹ ਢੰਗ ਵਰਤਕੇ ਆਪਣੀ ਹਾਰ ਵਾਲੀ ਕਮਜ਼ੋਰੀ ਵਿਚ ਹੀ ਛੁਪਾ ਲਈ। ਸਰਕਾਰ ਨੇ ਪੁਲਿਸ ਉੱਥੋਂ ਹਟਾ ਲਈ। ਸ਼੍ਰੋਮਣੀ ਕਮੇਟੀ ਨੂੰ ਗੁਰੂ ਕੇ ਬਾਗ਼ ਦੀ ਸਾਰੀ ਜਾਇਦਾਦ ਦਾ ਕਬਜ਼ਾ ਦੇ ਕੇ ਮਾਲਕ ਬਣਾ ਦਿੱਤਾ ਗਿਆ। ਇਸ ਦੇ ਨਾਲ ਹੀ 17 ਨਵੰਬਰ, 1922 ਨੂੰ ਗ੍ਰਿਫ਼ਤਾਰੀਆਂ ਬੰਦ ਹੋ ਗਈਆਂ। 14 ਮਾਰਚ, 1923 ਨੂੰ ਸਿੱਖ ਆਗੂ ਰਿਹਾਅ ਕਰ ਦਿੱਤੇ ਗਏ। ਅਪ੍ਰੈਲ, ਮਈ 1923 ਵਿਚ ਮੋਰਚੇ ਦੇ ਸਾਰੇ ਕੈਦੀ ਰਿਹਾਅ ਕਰ ਦਿੱਤੇ। ਇਸ ਤਰ੍ਹਾਂ ਸਿੱਖਾਂ ਨੇ ਮੋਰਚਾ ਫ਼ਤਿਹ ਕੀਤਾ। ਇਸ ਜਿੱਤ ਨਾਲ ਹੀ ਆਜ਼ਾਦੀ ਦਾ ਰਾਹ ਹੋਰ ਪੱਧਰਾ ਹੋ ਗਿਆ। ਇਸ ਮੋਰਚੇ ਵਿਚ ਲਗਭਗ 839 ਸਿੱਖ ਜ਼ਖਮੀ ਹੋਏ, 5605 ਸਿੱਖ ਗ੍ਰਿਫ਼ਤਾਰ ਹੋਏ। ਇਹ ਗੁਰੂ ਕਾ ਬਾਗ਼ ਮੋਰਚੇ ਦੀ ਸਰਕਾਰੀ ਦਸਤਾਨ ਅਤੇ ਸਿੱਖਾਂ ਦੀ ਤਸੀਹਿਆਂ ਭਰੀ ਕੁਰਬਾਨੀਆਂ ਦੀ ਮਿਸਾਲ ਹੋਰ ਕਿਤੋਂ ਵੀ ਨਹੀ ਮਿਲ ਸਕਦੀ।

# ਅਸੀਂ ਮੁਲਾਜ਼ਮ ਹੁੰਦੇ ਹਾਂ

ਬਲਰਾਜ ਸਿੰਘ ਸਿੱਧੂ ਕਮਾਂਡੈਂਟ
ਪੰਡੋਰੀ ਸਿੱਧਵਾਂ 95011-00062
(Punjab Mail USA)

ਪੰਜਾਬ ਵਿਚ ਅੱਤਵਾਦ ਦਾ ਦੌਰ 1982 ਤੋਂ ਸ਼ੁਰੂ ਹੋ ਕੇ 1993 ਤੱਕ ਚੱਲਿਆ ਸੀ। ਅੱਤਵਾਦੀਆਂ ਦਾ ਮੁਕਾਬਲਾ ਕਰਨ ਲਈ ਪੰਜਾਬ ਪੁਲਿਸ ਨੂੰ ਨਵੀਆਂ ਗੱਡੀਆਂ ਅਤੇ ਆਧੁਨਿਕ ਹਥਿਆਰਾਂ ਨਾਲ ਲੈਸ ਕਰਨ ਦਾ ਸਿਹਰਾ ਸਾਬਕਾ ਡੀ.ਜੀ.ਪੀ. ਸ਼੍ਰੀ ਜੂਲੀਉ ਫਰਾਂਸਿਸ ਰਿਬੈਰੋ ਦੇ ਸਿਰ ਬੱਝਦਾ ਹੈ। ਉਨ੍ਹਾਂ ਦੇ ਕਾਰਜਕਾਲ ਤੋਂ ਪਹਿਲਾਂ ਪੰਜਾਬ ਪੁਲਿਸ ਕੋਲ ਪੁਰਾਣੀਆਂ ਥਰੀ ਨਾਟ ਥਰੀ ਰਾਈਫਲਾਂ ਅਤੇ ਧੱਕਾ ਸਟਾਰਟ ਗੱਡੀਆਂ ਹੁੰਦੀਆਂ ਸਨ। ਲੋਕ ਮਜ਼ਾਕ ਕਰਦੇ ਹੁੰਦੇ ਸਨ ਕਿ ਅਪਰਾਧੀ ਵਾਰਦਾਤ ਕਰ ਕੇ ਕਿਤੇ ਦੇ ਕਿਤੇ ਪਹੁੰਚ ਜਾਂਦੇ ਹਨ ਤੇ ਥਾਣੇ ਵਾਲੇ ਧੱਕਾ ਲਗਾ ਕੇ ਗੱਡੀਆਂ ਸਟਾਰਟ ਕਰਦੇ ਰਹਿ ਜਾਂਦੇ ਹਨ। ਪੰਜਾਬ ਪੁਲਿਸ ਨੂੰ ਰੋਡਵੇਜ਼ ਦੀਆਂ ਬੱਸਾਂ ਵਿਚ ਮੁਫਤ ਸਫਰ ਦੀ ਸਹੂਲਤ ਵੀ ਰਿਬੈਰੋ ਸਾਹਿਬ ਨੇ ਹੀ ਦਿੱਤੀ ਸੀ।

ਰੋਡਵੇਜ਼ ਦੀ ਬੱਸ ਵਿਚ ਬੈਠ ਕੇ ਜਦੋਂ ਕੰਡਕਟਰ ਟਿਕਟ ਮੰਗਦਾ, ਤਾਂ ਅੱਗੋਂ ਮੁਲਾਜ਼ਮ ਕਹਿਣ ਦਾ ਅਲੱਗ ਹੀ ਮਜ਼ਾ ਆਉਂਦਾ ਸੀ। ਅੱਤਵਾਦ ਦਾ ਸਮਾਂ ਸੀ, ਚੰਗੇ ਕੰਡਕਟਰ ਤਾਂ ਇਹ ਸੁਣ ਕੇ ਆਰਾਮ ਨਾਲ ਅੱਗੇ ਲੰਘ ਜਾਂਦੇ ਪਰ ਕਈ ਸੜੀਅਲ ਕੰਡਕਟਰ ਬੁੜ-ਬੁੜ ਕਰਨਾ ਸ਼ੁਰੂ ਕਰ ਦੇਂਦੇ। ਉਹ ਜਾਣਬੁੱਝ ਕੇ ਉੱਚੀ ਆਵਾਜ਼ ਨਾਲ ਆਈਡੈਂਟੀ ਕਾਰਡ ਮੰਗ ਕੇ ਸਾਰੀ ਬੱਸ ਨੂੰ ਸਮਝਾ ਦੇਂਦੇ ਕਿ ਇਹ ਬੰਦਾ ਪੁਲਿਸ ਵਾਲਾ ਹੈ। ਉਨ੍ਹਾਂ ਦੀ ਸ਼ਾਇਦ ਇਹ ਮੰਸ਼ਾ ਹੋਵੇਗੀ ਕਿ ਬੱਸ ਵਿਚ ਬੈਠਾ ਕੋਈ ਅੱਤਵਾਦੀ ਇਹ ਗੱਲ ਸੁਣ ਲਵੇ ਤੇ ਪੁਲਿਸ ਵਾਲੇ ਦੀ ਘੁੱਗੀ ਘੈਂਅ ਕਰ ਦੇਵੇ। ਲੰਬੇ ਸਫਰ ਵਾਲੀਆਂ ਬੱਸਾਂ ਦੇ ਕੰਡਕਟਰ ਅੱਡੇ 'ਤੇ ਟਿਕਟਾਂ ਕੱਟਦੇ ਸਨ ਤੇ ਉਸ 'ਤੇ ਸੀਟ ਨੰਬਰ ਲਿਖ ਦੇਂਦੇ ਸਨ। ਉਨ੍ਹਾਂ ਨੇ ਟਾਇਰਾਂ ਦੇ ਉੱਪਰ ਵਾਲੀਆਂ ਸੀਟਾਂ ਪੱਕੇ ਤੌਰ 'ਤੇ ਪੁਲਿਸ ਵਾਲਿਆਂ ਵਾਸਤੇ ਰੱਖੀਆਂ ਹੁੰਦੀਆਂ ਸਨ। ਸਾਰੇ ਰਸਤੇ ਗੋਡੇ ਹਿੱਕ ਨਾਲ ਲੱਗੇ ਰਹਿੰਦੇ ਸਨ। ਕਈ ਵਾਰ ਫਰੀ ਬੈਠਣ ਦੇ ਮੁੱਦੇ 'ਤੇ ਕੰਡਕਟਰਾਂ ਅਤੇ ਪੁਲਿਸ ਵਾਲਿਆਂ ਦਰਮਿਆਨ ਜੂਤ ਪਤਾਣ ਵੀ ਹੋ ਜਾਂਦਾ ਸੀ। 1995 ਦੀ ਗੱਲ ਹੈ ਕਿ ਥਾਣੇ ਮੁਰਿੰਡੇ ਦੇ ਇੱਕ ਸਿਪਾਹੀ ਦੀ ਇਸੇ ਕਾਰਨ ਰੋਡਵੇਜ਼ ਦੇ ਇੱਕ ਕੰਡਕਟਰ ਨਾਲ ਹੱਥੋਪਾਈ ਹੋ ਗਈ। ਜਦੋਂ ਗੱਲ ਵਧ ਗਈ, ਤਾਂ ਡਰਾਈਵਰ ਨੇ ਬੱਸ ਟੇਢੀ ਕਰ ਕੇ ਥਾਣੇ ਦੇ ਅੱਗੇ ਸੜਕ ਵਿਚ ਲਗਾ ਕੇ ਆਵਾਜਾਈ ਬੰਦ ਕਰ ਦਿੱਤੀ। ਵੇਖਾ-ਵੇਖੀ ਰੋਡਵੇਜ਼ ਦੀਆਂ ਦਰਜ਼ਨਾਂ ਬੱਸਾਂ ਉਥੇ ਲੱਗ ਗਈਆਂ ਤੇ ਪੁਲਿਸ ਦੀ ਮੁਰਦਾਬਾਦ ਸ਼ੁਰੂ ਹੋ ਗਈ।



ਗੱਲ ਵਧਦੀ ਵੇਖ ਕੇ ਐੱਸ.ਐੱਚ.ਉ. ਤੇ ਡੀ.ਐੱਸ.ਪੀ. ਮੌਕੇ 'ਤੇ ਪਹੁੰਚ ਗਏ। ਰੋਡਵੇਜ਼ ਵਾਲੇ ਇਸ ਗੱਲ 'ਤੇ ਅੜ ਗਏ ਕਿ ਸਿਪਾਹੀ ਬੱਸ ਦੇ ਉੱਪਰ ਚੜ੍ਹ ਕੇ ਸਾਡੇ ਕੋਲੋਂ ਮਾਫੀ ਮੰਗੇ। ਸਿਪਾਹੀ ਨੇ ਅਫਸਰਾਂ ਨੂੰ ਦੱਸਿਆ ਕਿ ਇਸ ਝਗੜੇ ਵਿਚ ਮੇਰਾ ਕੋਈ ਕਸੂਰ ਨਹੀਂ ਹੈ, ਸਗੋਂ ਕੰਡਕਟਰ ਹੀ ਬਿਨਾਂ ਕਾਰਨ ਮੇਰੇ ਗਲ ਪਿਆ ਸੀ। ਤੁਸੀਂ ਚਾਹੇ ਮੈਨੂੰ ਸਸਪੈਂਡ ਕਰ ਦਿਉ, ਮੈਂ ਮਾਫੀ ਨਹੀਂ ਮੰਗਣੀ। ਚਲੋ ਡੀ.ਐੱਸ.ਪੀ. ਨੇ ਲੱਲੋ-ਪੱਪੋ ਲਗਾ ਕੇ ਉਸ ਨੂੰ ਮਨਾ ਲਿਆ ਤੇ ਉਹ ਬੱਸ 'ਤੇ ਚੜ੍ਹ ਗਿਆ। ਰੋਡਵੇਜ਼ ਦੇ ਮੁਲਾਜ਼ਮ ਉਸ ਨੂੰ ਬੱਸ 'ਤੇ ਚੜ੍ਹਿਆ ਵੇਖ ਕੇ ਆਪਣੀ ਜਿੱਤ ਦੀ ਖੁਸ਼ੀ ਵਿਚ ਹੋਰ ਜ਼ੋਰ ਦੀ ਨਾਅਰੇ ਲਗਾਉਣ ਲੱਗ ਪਏ, ਜਿਸ ਨੂੰ ਵੇਖ ਕੇ ਸਿਪਾਹੀ ਹੋਰ ਸੜ-ਬਲ ਗਿਆ। ਉਸ ਨੇ ਉੱਚੀ ਸਾਰੀ ਕਿਹਾ ਕਿ ਮੈਂ ਨਹੀਂ ਮੰਗਦਾ ਮਾਫੀ, ਜਾਉ ਜੋ ਕਰਨਾ ਆਂ ਕਰ ਲਉ! ਐਨਾ ਕਹਿ ਕੇ ਉਹ ਬੱਸ ਤੋਂ ਉੱਤਰ ਕੇ ਦੌੜ ਗਿਆ।

ਇਹ ਵੇਖ ਭਾਣਾ ਵਰਤਦਾ ਵੇਖ ਕੇ ਸਾਰਿਆਂ ਦੇ ਰੰਗ ਉੱਡ ਗਏ। ਉਸ ਸਿਪਾਹੀ ਨੂੰ ਸਸਪੈਂਡ ਕਰ ਕੇ ਆਰਡਰ ਵਿਖਾਏ ਤਾਂ ਜਾਂ ਕੇ ਕਿਤੇ ਰੋਡਵੇਜ਼ ਵਾਲਿਆਂ ਨੇ ਜਾਮ ਖੋਲ੍ਹਿਆ। ਦੋ ਹਫਤਿਆਂ ਬਾਅਦ ਉਸ ਦਬੰਗ ਸਿਪਾਹੀ ਨੂੰ ਦੁਬਾਰਾ ਬਹਾਲ ਕਰ ਦਿੱਤਾ ਗਿਆ। ਕਈ ਨਵੇਂ ਭਰਤੀ ਹੋਏ ਪੁਲਿਸ ਵਾਲਿਆਂ ਨੂੰ ਮੁਲਜ਼ਮ ਅਤੇ ਮੁਲਾਜ਼ਮ ਸ਼ਬਦ ਦੇ ਅਰਥ ਪਤਾ ਨਹੀਂ ਸਨ ਹੁੰਦੇ। ਮੈਂ 1990 'ਚ ਫਰੀਦਕੋਟ ਜ਼ਿਲ੍ਹੇ ਵਿਖੇ ਨਵਾਂ-ਨਵਾਂ ਏ.ਐੱਸ.ਆਈ. ਭਰਤੀ ਹੋਇਆ ਸੀ ਤੇ ਇੱਕ ਦਿਨ ਮੈਂ ਬੱਸ ਵਿਚ ਬੈਠਾ ਫਰੀਦਕੋਟ ਤੋਂ ਅੰਮ੍ਰਿਤਸਰ ਨੂੰ ਜਾ ਰਿਹਾ ਸੀ। ਜਦੋਂ ਕੰਡਕਟਰ ਨੇ ਟਿਕਟ ਪੁੱਛੀ, ਤਾਂ ਮੈਂ ਧੌਣ ਅਕੜਾ ਕੇ ਕਹਿ ਦਿੱਤਾ ਕਿ ਮੈਂ ਮੁਲਜ਼ਮ ਹਾਂ ਤੇ ਕੰਡਕਟਰ ਅੱਗੇ ਲੰਘ ਗਿਆ। ਮੇਰੇ ਨਾਲ ਬਾਵਰਦੀ ਬੈਠਾ ਇੱਕ ਹੌਲਦਾਰ ਹੱਸਣ ਲੱਗ ਪਿਆ। ਮੈਂ ਕਾਰਨ ਪੁੱਛਿਆ, ਤਾਂ ਉਸ ਨੇ ਦੱਸਿਆ ਕਿ ਮੁਲਜ਼ਮ ਕਿਸੇ ਮੁਕੱਦਮੇ ਦੇ ਦੋਸ਼ੀ ਨੂੰ ਕਿਹਾ ਜਾਂਦਾ ਹੈ ਤੇ ਸਹੀ ਸ਼ਬਦ ਮੁਲਾਜ਼ਮ ਹੈ।

ਟਰੇਨਿੰਗ ਕਰਨ ਤੋਂ ਬਾਅਦ ਪ੍ਰੋਬੇਸ਼ਨਰ (ਸਿੱਧੇ ਭਰਤੀ) ਏ.ਐੱਸ.ਆਈ. ਅਤੇ ਇੰਸਪੈਕਟਰਾਂ (ਹੁਣ ਸਬ ਇੰਸਪੈਕਟਰ) ਨੂੰ ਕੰਮ ਸਿਖਾਉਣ ਲਈ ਏ.ਬੀ.ਸੀ.ਡੀ. ਆਦਿ ਕੋਰਸ ਕਰਾਏ ਜਾਂਦੇ ਹਨ। ਇਹ ਕੋਰਸ ਸਰਕਾਰੀ ਵਕੀਲ, ਪੁਲਿਸ ਦੇ ਦਫਤਰਾਂ ਅਤੇ ਥਾਣਿਆਂ ਆਦਿ ਵਿਚ ਚੱਲਦੇ ਹਨ। ਸਭ ਤੋਂ ਵੱਧ ਵਿਹਲ ਵਾਲਾ ਕੋਰਸ ਸਰਕਾਰੀ ਵਕੀਲ ਨਾਲ ਹੁੰਦਾ ਹੈ। ਨਾ ਤਾਂ ਪ੍ਰੋਬੇਸ਼ਨਰ ਕੁਝ ਸਿੱਖਣਾ ਚਾਹੁੰਦੇ ਹਨ ਤੇ ਨਾ ਹੀ ਸਰਕਾਰੀ ਵਕੀਲ ਕੁਝ ਸਿਖਾਉਣਾ ਚਾਹੁੰਦੇ ਹਨ। ਇੱਕ ਦਿਨ ਸਾਡੇ ਇੱਕ ਸਾਥੀ ਨੇ ਆਪਣੇ ਕਿਸੇ ਰਿਸ਼ਤੇਦਾਰ ਦੇ ਕਰਮਕਾਂਡ ਦੇ ਸਬੰਧ ਵਿਚ ਹਰਿਦਵਾਰ ਜਾਣਾ ਸੀ। ਉਸ ਨੇ ਸਹਿਜ ਸੁਭਾਅ ਗੱਲ ਕੀਤੀ, ਤਾਂ ਅਸੀਂ ਚਾਰ ਜਣੇ ਹੋਰ ਤਿਆਰ ਹੋ ਗਏ ਕਿ ਚਲੋ ਹਰਿਦਵਾਰ ਵੇਖ ਕੇ ਆਉਂਦੇ ਹਾਂ। ਕਿਉਂਕਿ ਸਫਰ ਤਾਂ ਫਰੀ ਹੀ ਸੀ। ਅਸੀਂ ਰਾਤ 11 ਕੁ ਵਜੇ ਦਿੱਲੀ ਪਹੁੰਚ ਗਏ ਤੇ ਉਥੇ ਹਰਿਦਵਾਰ ਜਾਣ ਵਾਲੀ ਰੋਡਵੇਜ਼ ਦੀ ਬੱਸ ਲੱਭਣ ਲੱਗ ਪਏ।

ਚੰਗੀ ਕਿਸਮਤ ਨੂੰ ਅਸੀਂ ਵੇਖਿਆ ਕਿ ਇੱਕ ਬੱਸ ਦੇ ਅੱਗੇ ਹਰਿਦਵਾਰ ਦਾ ਬੋਰਡ ਲੱਗਿਆ ਹੋਇਆ ਸੀ, ਜੋ ਅੱਡੇ ਤੋਂ ਬਾਹਰ ਜਾ ਰਹੀ ਸੀ ਤੇ ਕੰਡਕਟਰ ਅਗਲੀ ਬਾਰੀ ਵਿਚ ਖੜ੍ਹਾ ਸੀ। ਇੱਕ ਸਾਥੀ ਨੇ ਉੱਚੀ ਸਾਰੀ ਆਵਾਜ਼ ਮਾਰੀ ਕਿ ਹਰਿਦਵਾਰ? ਉਸ ਨੇ ਫੌਰਨ ਸੀਟੀ ਮਾਰ ਕੇ ਬੱਸ ਰੁਕਵਾ ਲਈ ਕਿ ਪੰਜ ਸਵਾਰੀਆਂ ਸਿੱਧੀਆਂ ਹਰਿਦਵਾਰ ਦੀਆਂ ਮਿਲ ਗਈਆਂ ਹਨ। ਅਸੀਂ ਪਿਛਲੀ ਬਾਰੀ ਥਾਣੀ ਚੜ੍ਹ ਕੇ ਸੀਟਾਂ 'ਤੇ ਬੈਠ ਗਏ। ਕੰਡਕਟਰ ਫਟਾਫਟ ਸਭ ਨੂੰ ਛੱਡ ਕੇ ਸਾਡੇ ਕੋਲ ਪਹੁੰਚ ਗਿਆ ਕਿ ਪਹਿਲਾਂ ਧੁਰ ਦੀਆਂ ਸਵਾਰੀਆਂ ਸਾਂਭ ਲਵਾਂ। ਉਸ ਨੇ ਫਟਾਫਟ ਟਿਕਟਾਂ ਵਾਲੀ ਦੱਥੀ ਹੱਥ ਵਿਚ ਫੜ੍ਹ ਕੇ ਕਿਹਾ ਕਿ ਕੱਢੋ ਭਾਈ ਫਟਾਫਟ ਐਨੇ-ਐਨੇ ਰੁਪਏ। ਅਸੀਂ ਸਾਰਿਆਂ ਨੇ ਇੱਕ ਆਵਾਜ਼ ਵਿਚ ਕਿਹਾ ਕਿ ਮੁਲਾਜ਼ਮ ਹਾਂ। ਵਿਚਾਰੇ ਕੰਡਕਟਰ ਦੇ ਹੱਥੋਂ ਝੋਲਾ ਡਿੱਗਦੇ-ਡਿੱਗਦੇ ਬਚਿਆ। ਉਹ ਧੜ੍ਹੰਮ ਕਰਦਾ ਇੱਕ ਸੀਟ 'ਤੇ ਢੇਰੀ ਹੋ ਗਿਆ ਤੇ ਬੋਲਿਆ, "ਮੈਨੂੰ ਇਹ ਤਾਂ ਦੱਸ ਦਿਉ ਕਿ ਇਹ ਮੁਲਾਜ਼ਮ ਅੱਧੀ ਰਾਤ ਨੂੰ ਹਰਿਦਵਾਰ ਕੀ ਕਰਨ ਚੱਲੇ ਹਨ?"

# ਇੱਕ ਪੰਥ ਇੱਕ ਸੋਚ ਦੀ ਧਾਰਨੀ ਬਣੇ ਸਿੱਖ ਕੌਮ

ਸਿੰਦਰ ਸਿੰਘ ਮੀਰਪੁਰੀ
ਕੈਲੀਫ਼ੋਰਨੀਆ (ਅਮਰੀਕਾ)
559-285-0841
(Punjab Mail USA)

ਪਿਛਲੇ ਲੰਬੇ ਸਮੇਂ ਤੋਂ ਅਕਸਰ ਵੇਖਿਆ ਜਾ ਰਿਹਾ ਹੈ ਕਿ ਪੂਰੀ ਸਿੱਖ ਕੌਮ ਅੰਦਰ ਗਲਤ ਧਾਰਨਾਵਾਂ ਦੇ ਸਦਕਾ ਵੱਡੇ ਪੱਧਰ 'ਤੇ ਉਥਲ-ਪੁਥਲ ਹੁੰਦੀ ਦਿਖਾਈ ਦਿੰਦੀ ਹੈ। ਇਹ ਗੱਲਾਂ ਪੰਜਾਬ ਵਿਚ ਹੀ ਨਹੀਂ, ਸਗੋਂ ਬਾਹਰਲੇ ਮੁਲਕਾਂ ਵਿਚ ਵੀ ਵਾਪਰ ਰਹੀਆਂ ਹਨ। ਸਿੱਖ ਭਾਈਚਾਰਾ ਆਪਸ ਵਿਚ ਲੜ ਕੇ ਔਜੜੇ ਭਰੇ ਰਾਹਾਂ ਦਾ ਪਾਂਧੀ ਬਣਦਾ ਜਾ ਰਿਹਾ ਹੈ । ਨੌਜਵਾਨੀ ਦਾ ਵੀ ਇਸੇ ਤਰ੍ਹਾਂ ਪੂਰਾ ਯੋਗਦਾਨ ਹੈ। ਜਵਾਨੀ ਦਾ ਇਸ ਸਾਰੇ ਵਰਤਾਰੇ ਵਿਚ ਸ਼ਾਮਲ ਹੋ ਕੇ ਗ਼ਲਤ ਰਾਹ ਪੈ ਕੇ ਆਪਣੇ ਹੀ ਕੌਮ ਨੂੰ ਨਿੰਦਣਾ ਅਤੇ ਚੰਗੇ-ਚੰਗੇ ਵਿਦਵਾਨਾਂ 'ਤੇ ਉਂਗਲਾਂ ਉਠਾਉਣੀਆਂ ਇਹ ਕਿਸੇ ਨੂੰ ਸੋਭਾ ਨਹੀਂ ਦਿੰਦਾ। ਇਹ ਗੱਲਾਂ ਬਹੁਤ ਮਾੜੀਆਂ ਹਨ। ਅਕਸਰ ਦੇਖਿਆ ਜਾਂਦਾ ਹੈ ਕਿ ਗੁਰਦੁਆਰੇ ਵਿਚ ਲੜਾਈਆਂ ਹੋ ਰਹੀਆਂ ਹਨ ਅਤੇ ਸਿੱਖ ਆਪਸ ਵਿਚ ਉਲਝ ਕੇ ਬੁਰੀ ਤਰ੍ਹਾਂ ਕਟਾ-ਵੱਢੀ ਹੋ ਕੇ ਇਕ ਦੂਜੇ ਦੇ ਦੁਸ਼ਮਣ ਬਣ ਰਹੇ ਹਨ।

ਇਹ ਵਰਤਾਰਾ ਭਾਵੇਂ ਅੱਜ ਤੋਂ ਨਹੀਂ ਚੱਲਿਆ। ਪਰ ਵੱਡੇ ਪੱਧਰ 'ਤੇ ਪਿਛਲੇ ਲੰਬੇ ਸਮੇਂ ਤੋਂ ਵਾਪਰ ਰਿਹਾ ਹੈ। ਸਾਡੀ ਸਿੱਖ ਕੌਮ ਪੂਰੀ ਤਰ੍ਹਾਂ ਲੀਡਰ ਰਹਿਤ ਹੋ ਕੇ ਰਹਿ ਚੁੱਕੀ ਹੈ। ਜਿਸ ਨੂੰ ਲੋੜ ਹੈ ਸਾਰੀਆਂ ਗੱਲਾਂ-ਬਾਤਾਂ ਕਰਕੇ ਨਵੇਂ ਸਿਰੇ ਤੋਂ ਇੱਕ ਚੰਗਾ ਵਧੀਆ ਭਾਈਚਾਰਾ ਉਸਾਰਨ ਦੀ ਕਿਉਂਕਿ ਗੁਰੂ ਸਾਹਿਬ ਦੇ ਫਲਸਫੇ ਅਨੁਸਾਰ ਜੇਕਰ ਅਸੀਂ ਜ਼ਿੰਦਗੀ ਜ਼ਰੂਰੀ ਹੈ, ਤਾਂ ਸਾਰੇ ਭਾਈਚਾਰੇ ਦੇ ਲੋਕ ਇਕੱਠੇ ਹੋ ਕੇ ਗੁਰੂ ਸਾਹਿਬ ਦੇ ਫਲਸਫੇ ਅਨੁਸਾਰ ਗੁਰਬਾਣੀ ਦੇ ਦੱਸੇ ਰਸਤੇ 'ਤੇ ਚੱਲ ਕੇ ਚੰਗੀ ਜ਼ਿੰਦਗੀ ਬਿਤਾਈ ਜਾ ਸਕਦੀ ਹੈ। ਸਾਡੇ ਗੁਰੂ ਸਾਹਿਬਾਨ ਨੇ ਆਖਿਆ ਹੈ ਕਿ ਕੋਈ ਵੀ ਇਨਸਾਨ ਜਦੋਂ ਹੰਕਾਰ ਦੇ ਰਾਹ ਪੈ ਜਾਂਦਾ ਹੈ, ਤਾਂ ਉਸਦਾ ਨੁਕਸਾਨ ਹੋਣਾ ਤੈਅ ਹੈ ਕਿਉਂਕਿ ਹੰਕਾਰ ਕੁਦਰਤ ਨੂੰ ਭਾਉਂਦਾ ਨਹੀਂ ਹੈ। ਇਸ ਲਈ ਕਿਸੇ ਵੀ ਇਨਸਾਨ ਨੂੰ ਹੰਕਾਰ ਨਹੀਂ ਕਰਨਾ ਚਾਹੀਦਾ। ਉਸਨੂੰ ਹਉਮੈ ਦੇ ਪੈ ਕੇ ਜ਼ਿੰਦਗੀ ਨਹੀਂ ਜੀਣੀ ਚਾਹੀਦੀ, ਚੰਗਾ ਹੋਵੇ ਜੇਕਰ ਹਰ ਬੰਦਾ ਹਉਮੈ ਤਿਆਗ ਕੇ ਆਪਸੀ ਭਾਈਚਾਰਾ ਕਾਇਮ ਰੱਖੇ। ਇਹ ਵਧੀਆ ਗੱਲ ਹੈ।



ਅੱਜਕੱਲ੍ਹ ਪੂਰੀ ਦੁਨੀਆਂ ਦੇ ਵਿਚ ਗੁਰਦੁਆਰਾ ਸਾਹਿਬਾਨ ਦੇ ਅੰਦਰ ਜੋ ਕੁਝ ਹੋ ਰਿਹਾ, ਉਸਨੂੰ ਵੇਖ ਕੇ ਕਿਸੇ ਵੀ ਇਨਸਾਨ ਦਾ ਸਿਰ ਸ਼ਰਮ ਨਾਲ ਨੀਵਾਂ ਹੋ ਜਾਂਦਾ ਹੈ। ਅਸੀਂ ਗੋਲਕ ਪਿੱਛੇ ਲੜ ਰਹੇ ਹਾਂ। ਭਾਂਡਿਆਂ ਦੇ ਪਿੱਛੇ ਸਾਡੇ ਜੱਫੇ ਲੱਗ ਰਹੇ ਹਨ ਤੇ ਰੁਪਏ ਖਾਤਰ ਕਮੇਟੀਆਂ ਦੇ ਵਿਚ ਕਤਲਾਂ ਤੱਕ ਆਮ ਗੱਲ ਹੋ ਚੁੱਕੀ ਹੈ। ਥਾਣੇ ਕਚਹਿਰੀਆਂ ਜਾ ਕੇ ਗੁਰੂ ਘਰ ਦੇ ਝਗੜੇ ਸੁਲਝਦੇ ਰਹੇ ਹਨ। ਪੁਲਿਸ ਵੱਲੋਂ ਬਹੁਤ ਸਾਰੇ ਲੋਕਾਂ 'ਤੇ ਪਰਚੇ ਦਰਜ ਕੀਤੇ ਜਾਣਾ ਆਮ ਗੱਲ ਹੋ ਚੁੱਕੀ ਹੈ। ਸਾਨੂੰ ਸਾਡੇ ਗੁਰੂ ਸਾਹਿਬਾਨ ਨੇ ਇਹੀ ਗੱਲ ਸਿਖਾਈ ਸੀ ਕਿ ਗੁਰਦੁਆਰਿਆਂ ਪਿੱਛੇ ਉਲਝ ਕੇ ਆਪਣੀ ਪਰਿਵਾਰਾਂ ਨੂੰ ਖਰਾਬ ਕਰ ਲਵੋ। ਇਹ ਵਰਤਾਰਾ ਬਾਹਰਲੇ ਮੁਲਕਾਂ ਅੰਦਰ ਵੀ ਵਾਪਰ ਰਿਹਾ ਹੈ। ਚੌਧਰ ਦੇ ਭੁੱਖੇ ਲੋਕਾਂ ਵੱਲੋਂ ਆਮ ਲੋਕਾਂ ਨੂੰ ਅਤੇ ਸਿੱਖ ਸੰਗਤ ਨੂੰ ਲੜਾ ਕੇ ਆਪਣਾ ਉੱਲੂ ਸਿੱਧਾ ਕੀਤਾ ਜਾ ਰਿਹਾ ਹੈ। ਘਾਟ ਕਿੱਥੇ ਹੈ ਇਹ ਸੋਚਣ ਦਾ ਸਮਾਂ ਹੈ ਕਿਉਂਕਿ ਗੁਰੂ ਸਹਿਬਾਨ ਦੀ ਦਿੱਤੀ ਸਿੱਖਿਆ ਅਨੁਸਾਰ ਇਹ ਕੁਝ ਨਹੀਂ ਸਿਖਾਇਆ ਜਾਂਦਾ।

ਲੋੜ ਹੈ ਸਾਡੀ ਨੌਜਵਾਨੀ ਨੂੰ ਸਹੀ ਰਸਤੇ 'ਤੇ ਲੈ ਕੇ ਆਉਣ ਦੀ ਕਿਉਂਕਿ ਅੱਜਕੱਲ੍ਹ ਜੋ ਕੁਝ ਸਾਡੀ ਨੌਜਵਾਨੀ ਵੱਲੋਂ ਕੀਤਾ ਜਾ ਰਿਹੈ ਉਸ ਨੂੰ ਵੇਖ ਕੇ ਵੀ ਕਿਸੇ ਇਨਸਾਨ ਦਾ ਕਾਲਜਾ ਤੱਕ ਪਾੜ ਜਾਂਦਾ ਹੈ। ਵਿਦੇਸ਼ਾਂ ਅੰਦਰ ਨੌਜਵਾਨੀ ਕਿਹੜੇ ਰਾਹ ਤੁਰ ਚੁੱਕੀ ਹੈ, ਕਹਿਣ ਦੀ ਲੋੜ ਨਹੀਂ ਬਹੁਤ ਸਾਰੇ ਨੌਜਵਾਨਾਂ ਵੱਲੋਂ ਨਸ਼ਾ ਕਰਕੇ ਗੁਰਦੁਆਰਿਆਂ ਅੰਦਰ ਝਗੜੇ ਕਰਨੇ ਆਮ ਗੱਲ ਹੋ ਚੁੱਕੀ ਹੈ। ਇਹ ਕੁਝ ਪਹਿਲਾਂ ਪੰਜਾਬ ਵਿਚ ਵੇਖਿਆ ਜਾਂਦਾ ਸੀ ਪਰ ਹੁਣ ਵਿਦੇਸ਼ਾਂ ਦੀ ਧਰਤੀ 'ਤੇ ਵੀ ਵਾਪਰ ਰਿਹਾ ਹੈ, ਪਿਛਲੇ ਦਿਨੀਂ ਕੈਨੇਡਾ ਦੀ ਧਰਤੀ 'ਤੇ ਜਿੱਥੇ ਵਿਦਿਆਰਥੀਆਂ ਦਾ ਜਾਣਾ ਆਮ ਗੱਲ ਹੋ ਚੁੱਕੀ ਹੈ। ਇੱਕ ਲੜਕੀ ਵੱਲੋਂ ਗੁਰਦੁਆਰਾ ਸਾਹਿਬਾਨ ਦੇ ਅੰਦਰ ਦਾਖਲ ਹੋ ਕੇ ਸਿਰਫ ਰੋਟੀ ਖਾਤਰ ਇੱਕ ਵੱਡਾ ਬਵਾਲ ਖੜ੍ਹਾ ਕਰਦਿਆਂ ਪ੍ਰਬੰਧਕਾਂ 'ਤੇ ਨੁਕਤਾਚੀਨੀ ਕੀਤੀ ਹੈ, ਜੋ ਬਿਲਕੁਲ ਗ਼ਲਤ ਵਰਤਾਰਾ ਹੈ, ਇਸ ਤਰ੍ਹਾਂ ਦੀਆਂ ਹਰਕਤਾਂ ਸਾਡੀ ਜਵਾਨੀ ਨੂੰ ਸੋਭਾ ਨਹੀਂ ਦਿੰਦੀਆਂ, ਜੋ ਕਿਤੇ ਨਾ ਕਿਤੇ ਸੂਝ-ਬੂਝ ਦੀ ਘਾਟ ਹੈ।

ਇੱਕ ਵੱਡਾ ਕਾਰਨ ਇਸ ਸਾਰੇ ਘਟਨਾਕ੍ਰਮ ਦਾ ਇਹ ਵੀ ਸੋਚਿਆ ਤੇ ਵੇਖਿਆ ਜਾਣਾ ਜ਼ਰੂਰੀ ਹੋ ਜਾਂਦਾ ਹੈ ਕਿ ਸਾਡੀ ਲੀਡਰਸ਼ਿਪ ਦੀ ਘਾਟ ਕਾਰਨ ਨੌਜਵਾਨੀ ਗ਼ਲਤ ਰਸਤੇ 'ਤੇ ਤਾਂ ਚੱਲੀ ਹੀ ਪਰ ਨਾਲ ਦੀ ਨਾਲ ਨਾਲ ਸਾਡੇ ਸਿਆਸੀ ਤੇ ਧਾਰਮਿਕ ਆਗੂਆਂ ਦੀ ਬਦੌਲਤ ਪੂਰੀ ਕੌਮ ਦਾ ਬੇੜਾ ਗਰਕ ਹੋ ਗਿਆ। ਕਿਉਂਕਿ ਸਾਡੇ ਆਗੂਆਂ ਵੱਲੋਂ ਸਦਾ ਹੀ ਕੁਰਸੀ ਦੀ ਖ਼ਾਤਰ ਆਪਣੇ ਨਿੱਜੀ ਹਿੱਤਾਂ ਨੂੰ ਅੱਗੇ ਰੱਖ ਕੇ ਕੌਮ ਦਾ ਨੁਕਸਾਨ ਕੀਤਾ ਗਿਆ। ਸਾਡੀ ਨੌਜਵਾਨੀ ਪਹਿਲਾਂ ਹੀ ਗਲਤ ਰਸਤੇ 'ਤੇ ਨਹੀਂ ਤੁਰੀ। ਇਹ ਸਾਡੇ ਆਗੂਆਂ ਦੀ ਬਦੌਲਤ ਵਾਪਰਿਆ ਹੈ। ਸਾਡੇ ਆਗੂਆਂ ਵੱਲੋਂ ਆਪਣੀ ਨਿੱਜੀ ਪਹਿਲ ਨੂੰ ਬਰਕਰਾਰ ਰੱਖ ਕੇ ਵੱਡੇ ਲੋਕਾਂ ਦੇ ਕੰਧੇਰੇ ਚੜ੍ਹ ਕੇ ਚੰਗੀ ਬਣੀ ਖੇਡ ਦਾ ਨਾਸ ਕਰ ਦਿੱਤਾ। ਸਾਡੇ ਆਗੂ ਆਪ ਹੀ ਗੁਰੂ ਸਾਹਿਬ ਦੇ ਦੱਸੇ ਰਸਤੇ 'ਤੇ ਨਹੀਂ ਚੱਲ ਸਕੇ, ਤਾਂ ਉਨ੍ਹਾਂ ਦੇ ਮਗਰ ਨੌਜਵਾਨੀ ਕਿਹੜੇ ਰਾਹ ਤੁਰੇਗੀ, ਕਹਿਣ ਦੀ ਲੋੜ ਨਹੀਂ। ਜੋ ਕੁਝ ਸਿੱਖਾਂ ਦੀਆਂ ਨੁਮਾਇੰਦਾ ਜਮਾਤਾਂ ਵੱਲੋਂ ਪਿਛਲੇ ਸਮੇਂ ਕੀਤਾ ਗਿਆ, ਉਨ੍ਹਾਂ ਨੂੰ ਵੇਖ ਕੇ ਤਾਂ ਸਿਰਫ ਇੰਨਾ ਹੀ ਆਖਿਆ ਜਾ ਸਕਦਾ ਹੈ ਕਿ ਸਾਡਾ ਤਾਂ ਹੁਣ ਰੱਬ ਹੀ ਰਾਖਾ ਹੈ।

ਚੰਗਾ ਹੋਵੇ, ਜੇਕਰ ਸਾਡੇ ਆਗੂ ਅਤੇ ਅਸੀਂ ਇੱਕ ਪੰਥ ਇੱਕ ਸੋਚ ਦੇ ਧਾਰਨੀ ਬਣੇ ਪੂਰੀ ਕੌਮ ਦੇ ਦੱਸੇ ਮਾਰਗ 'ਤੇ ਚੱਲਦਿਆਂ ਆਪਣੇ ਕੰਮ ਧੰਦਿਆਂ ਦੇ ਨਾਲ-ਨਾਲ ਕੌਮੀ ਜਜ਼ਬੇ ਵਿਚ ਗੜੁੱਚ ਹੋ ਕੇ ਭਾਈ ਪਰਮਪਾਲ ਸਿੰਘ ਹੋਰਾਂ ਦੀ ਤਰ੍ਹਾਂ ਪੰਥਕ ਕਾਰਜ ਕਰਕੇ ਨੌਜਵਾਨਾਂ ਦੀ ਅਗਵਾਈ ਕਰਦਿਆਂ ਪੂਰੀ ਕੌਮ ਪ੍ਰਤੀ ਸੇਧਿਤ ਹੋ ਕੇ ਸਿੱਖ ਗੁਰੂ ਸਾਹਿਬਾਨ ਦੇ ਫਲਸਫੇ ਅਨੁਸਾਰ ਜ਼ਿੰਦਗੀ ਜਿਊਂਦਿਆਂ ਇਮਾਨਦਾਰੀ ਨਾਲ ਕੌਮੀ ਕਾਰਜ ਕਰਕੇ ਇਕ ਵੱਖਰੀ ਪਿਰਤ ਪਾਉਣ ਦਾ ਯਤਨ ਕਰੀਏ। ਸਾਡੀਆਂ ਅਗਲੀਆਂ ਪੀੜ੍ਹੀਆਂ ਸਾਨੂੰ ਤਾਂ ਹੀ ਮਾਫ ਕਰਨਗੀਆਂ ਜੇਕਰ ਅਸੀਂ ਗੁਰੂ ਸਾਹਿਬਾਨ ਦੇ ਦੱਸੇ ਹੋਏ ਰਸਤੇ 'ਤੇ ਚੱਲ ਕੇ ਕੁਝ ਵੱਖਰਾ ਕਰਨ ਦਾ ਯਤਨ ਕਰਾਂਗੇ। ਆਓ ਇੱਕ ਪੰਥ ਇੱਕ ਸੋਚ ਦੇ ਧਾਰਨੀ ਬਣ ਕੇ ਪੂਰੀ ਕੌਮ ਨੂੰ ਇੱਕ ਧਾਗੇ ਵਿਚ ਮਾਲਾ ਵਿਚ ਪਰੋਣ ਦਾ ਯਤਨ ਕਰੀਏ। ਇਸ ਦੇ ਵਿਚ ਹੀ ਸਾਡੀ ਭਲਾਈ ਹੈ। ਬਿਨਾਂ ਸ਼ੱਕ ਵੱਖ-ਵੱਖ ਜਥੇਬੰਦੀਆਂ ਤੇ ਭਾਈ ਪਰਮਪਾਲ ਸਿੰਘ ਹੋਰਾਂ ਦਾ ਇਹ ਉਪਰਾਲਾ ਸ਼ਲਾਘਾਯੋਗ ਕਦਮ ਹੈ।

## ਜਨਮ ਦਿਹਾੜੇ 'ਤੇ ਵਿਸ਼ੇਸ਼


# ਠਾਕੁਰ ਦਲੀਪ ਸਿੰਘ ਵਲੋਂ ਭਾਈਚਾਰਕ ਸਾਂਝ ਵਧਾਉਣ ਦਾ ਇੱਕ ਹੋਰ ਨਿਵੇਕਲਾ ਕਦਮ

-ਰਾਜਪਾਲ ਕੌਰ
93115-90001
(Punjab Mail USA)

ਜਿਵੇਂ ਇੱਕ ਘਰ ਨੂੰ ਜੀਵੰਤ ਰੱਖਣ ਲਈ ਹਰ ਦਿਨ ਸਫਾਈ ਦੀ ਲੋੜ ਹੁੰਦੀ ਹੈ, ਉਸੇ ਤਰ੍ਹਾਂ ਸਮਾਜ ਨੂੰ ਚੰਗਾ ਬਣਾਈ ਰੱਖਣ ਲਈ ਵੀ ਹਰ ਸਮੇਂ ਉਸਾਰੂ ਸੋਚ ਰੱਖਣ ਵਾਲੇ ਰਹਿਬਰਾਂ ਦੀ ਲੋੜ ਹੁੰਦੀ ਹੈ। ਨਾਮਧਾਰੀ ਪੰਥ ਦੇ ਵਰਤਮਾਨ ਮੁਖੀ ਠਾਕੁਰ ਦਲੀਪ ਸਿੰਘ ਬੜੀ ਸ਼ਿੱਦਤ ਨਾਲ ਅਜੋਕੇ ਵਰਤਾਰਿਆਂ ਨੂੰ ਸਮਝ ਕੇ ਉਨ੍ਹਾਂ ਪ੍ਰਤੀ ਲੋਕਾਈ ਨੂੰ ਹਮੇਸ਼ਾ ਸੁਚੇਤ ਕਰਦੇ ਰਹਿੰਦੇ ਹਨ। ਉਨ੍ਹਾਂ ਅਜੋਕੇ ਸਮੇਂ ਦੀ ਲੋੜ ਨੂੰ ਮੁੱਖ ਰੱਖਦੇ ਹੋਏ ਜਿੱਥੇ ਨਾਮਧਾਰੀ ਸਮਾਜ ਰਾਹੀਂ ਸਮਾਜ ਵਿਚ ਕਈ ਕ੍ਰਾਂਤੀਕਾਰੀ ਪ੍ਰੀਵਰਤਨ ਲਿਆਂਦੇ ਹਨ, ਜਿਵੇਂ ਇਸਤਰੀਆਂ ਨੂੰ ਹਰ ਧਾਰਮਿਕ ਕੰਮਾਂ 'ਚ ਵੀ ਸਨਮਾਨਜਨਕ ਸਥਾਨ ਦੇਣਾ, ਜਾਤ-ਪਾਤ ਦੇ ਭੇਦਭਾਵ ਨੂੰ ਦੂਰ ਕਰਨਾ, ਵਿੱਦਿਆ ਦਾਨ ਲਈ ਪ੍ਰੇਰਿਤ ਕਰਨਾ, ਆਪਸੀ ਸਾਂਝੀਵਾਲਤਾ ਅਤੇ ਏਕਤਾ ਲਈ ਮਹਾਨ ਸੰਦੇਸ਼ ਅਤੇ ਪੁਰਜ਼ੋਰ ਯਤਨ ਕਰਨਾ ਆਦਿ। ਠਾਕੁਰ ਦਲੀਪ ਸਿੰਘ ਨੇ ਸਤਿਗੁਰੂ ਨਾਨਕ ਦੇਵ ਜੀ ਦੇ ਫਲਸਫੇ ਦੀ ਗੱਲ ਸਮਝਾਉਂਦੇ ਹੋਏ ਸੋਨੇ ਦੀਆਂ ਪਾਲਕੀਆਂ ਅਤੇ ਮਹਿੰਗੇ ਲੰਗਰਾਂ ਦੀ ਥਾਂ ਗਰੀਬ ਸਿੱਖਾਂ ਦੀ ਮਦਦ ਕਰਨ ਦਾ ਸੰਦੇਸ਼ ਦਿੱਤਾ। ਉਨ੍ਹਾਂ ਨੇ ਗੁਰੂ ਸਾਹਿਬਾਨਾਂ ਦੇ ਮਹਾਨ ਸਾਂਝੀਵਾਲਤਾ ਦੇ ਸੰਦੇਸ਼ ਨੂੰ ਅੱਗੇ ਲੈ ਕੇ ਜਾਣ ਲਈ ਸਾਰੀਆਂ ਸਿੱਖ ਸੰਪ੍ਰਦਾਵਾਂ ਨੂੰ ਇੱਕ ਮੰਚ 'ਤੇ ਇਕੱਠੇ ਕਰਕੇ 21 ਅਪ੍ਰੈਲ 2014 ਨੂੰ ਦਿੱਲੀ ਵਿਖੇ "ਗੁਰੂ ਨਾਨਕ ਨਾਮ ਲੇਵਾ ਕਾਨਫਰੰਸ", ਹਿੰਦੂ ਸਿੱਖਾਂ ਨੂੰ ਇਕੱਠਾ ਕਰਨ ਲਈ 16 ਅਗਸਤ 2016 ਨੂੰ ਚੰਡੀਗੜ੍ਹ ਵਿਖੇ "ਹਿੰਦੂ ਸਿੱਖ ਏਕਤਾ ਸਮਾਗਮ" ਅਤੇ ਭਾਰਤ ਦੇ ਸਾਰੇ ਮੂਲ ਧਰਮਾਂ ਨੂੰ ਇਕੱਠਿਆਂ ਕਰਨ ਲਈ 27 ਮਾਰਚ, 2022 ਨੂੰ ਕਲਾਨੌਰ ਵਿਖੇ "ਭਾਰਤੀ ਧਰਮ ਏਕਤਾ ਸੰਮੇਲਨ" ਕਰਵਾਉਣ ਦੀ ਮਹਾਨ ਪਹਿਲ ਕੀਤੀ।

ਠਾਕੁਰ ਦਲੀਪ ਸਿੰਘ ਨੇ ਆਪਣੇ ਸਿੱਖ ਭਰਾਵਾਂ 'ਚ ਆਪਸੀ ਨੇੜਤਾ ਵਧਾਉਣ ਅਤੇ ਆਪਸੀ ਵਖਰੇਵਿਆਂ ਨੂੰ ਖਤਮ ਕਰਨ ਲਈ ਨਾਮਧਾਰੀਆਂ ਵਿਚੋਂ ਵੀ ਲੁਪਤ ਹੋ ਰਹੀਆਂ ਖਾਲਸਾਈ ਮਰਿਆਦਾਵਾਂ ਨੂੰ ਮੁੜ ਬਹਾਲ ਕੀਤਾ ਹੈ। ਜਿਵੇਂ ਕਿ ਛੋਟੀ ਕਿਰਪਾਨ ਦੀ ਜਗ੍ਹਾ ਵੱਡੀ ਕਿਰਪਾਨ ਧਾਰਨ ਕਰਨ ਦੀ ਆਗਿਆ ਦੇ ਕੇ ਉਨ੍ਹਾਂ ਆਪਸੀ ਭਾਈਚਾਰਕ ਸਾਂਝ ਵਧਾਉਣ ਦਾ ਇੱਕ ਹੋਰ ਨਿਵੇਕਲਾ ਕਦਮ ਚੁੱਕਿਆ ਹੈ।

ਜ਼ਿਕਰਯੋਗ ਹੈ ਕਿ ਕੁੱਝ ਸਮੇਂ ਤੋਂ ਨਾਮਧਾਰੀ ਪੰਥ 'ਚ ਖਾਲਸਾਈ ਮਰਿਯਾਦਾ ਦੇ ਕੁਝ ਅੰਸ਼ ਲੁਪਤ ਹੋ ਚੁੱਕੇ ਸਨ, ਕਿਉਂਕਿ ਜਦੋਂ ਅੰਗਰੇਜ਼ਾਂ ਦਾ ਸਮਾਂ ਸੀ, ਤਾਂ ਸਮੁੱਚੀ ਨਾਮਧਾਰੀ ਸੰਗਤ ਅੰਗਰੇਜ਼ ਵਿਰੋਧੀ ਸੀ। ਇਸ ਕਰਕੇ ਸਰਕਾਰ ਨਾਮਧਾਰੀਆਂ ਨੂੰ ਕਿਰਪਾਨ ਨਹੀਂ ਸੀ ਰੱਖਣ ਦਿੰਦੀ, ਫਿਰ ਉਸ ਸਮੇਂ ਨਾਮਧਾਰੀਆਂ ਨੇ ਚਿੰਨ੍ਹ ਮਾਤਰ ਕਿਰਪਾਨ ਕੰਘੇ ਵਿਚ ਰੱਖ ਲਈ ਅਤੇ ਸ਼ਸ਼ਤਰ ਦੇ ਰੂਪ ਵਿਚ ਟਕੂਆ ਭਾਵ ਸਫ਼ਾਜੰਗ ਰੱਖ ਲਿਆ। ਵਰਤਮਾਨ ਸਮੇਂ ਨਾਮਧਾਰੀ ਮੁਖੀ ਠਾਕੁਰ ਦਲੀਪ ਸਿੰਘ ਨੇ ਸਮੇਂ ਦੀ ਲੋੜ ਨੂੰ ਵੇਖਦੇ ਹੋਏ, ਨਾਮਧਾਰੀਆਂ 'ਚ ਖਾਲਸਾਈ ਮਰਿਯਾਦਾ ਦੇ ਲੁਪਤ ਹੋ ਰਹੇ ਹਿੱਸੇ ਦੁਬਾਰਾ ਲਾਗੂ ਕਰਵਾ ਦਿੱਤੇ ਹਨ। ਜਿਸ ਅਨੁਸਾਰ ਆਪ ਨੇ ਸਭ ਤੋਂ ਪਹਿਲਾਂ



ਠਾਕੁਰ ਦਲੀਪ ਸਿੰਘ

ਨਾਮਧਾਰੀਆਂ ਨੂੰ ਵੀ ਛੋਟੀ ਕਿਰਪਾਨ ਦੀ ਜਗ੍ਹਾ ਵੱਡੀ ਕਿਰਪਾਨ ਧਾਰਨ ਕਰਨ ਦੀ ਆਗਿਆ ਦਿੱਤੀ। ਇਸ ਮਹਾਨ ਕਾਰਜ ਦੀ ਆਗਿਆ ਆਪ ਜੀ ਨੇ ਸਤੰਬਰ 2015 ਨੂੰ ਅੰਮ੍ਰਿਤਸਰ ਦੇ ਸ਼ਹੀਦੀ ਸਮਾਗਮ ਸਮੇਂ ਦਿੱਤੀ ਅਤੇ ਇਹ ਐਲਾਨ ਕਰ ਦਿੱਤਾ ਕਿ ਅੱਜ ਤੋਂ ਬਾਅਦ ਅੰਮ੍ਰਿਤ ਛਕਣ ਅਤੇ ਛਕਾਉਣ ਸਮੇਂ ਨਾਮਧਾਰੀ ਸਿੰਘ, ਸਿੰਘਣੀਆਂ ਗਾਤਰੇ ਵਿਚ ਪਾ ਕੇ ਵੱਡੀ ਕਿਰਪਾਨ ਪਹਿਨਣ ਅਤੇ ਇਹ ਵੀ ਦੱਸਿਆ ਕਿ ਸਫ਼ਾਜੰਗ ਉਸ ਵੇਲੇ ਰੱਖਣੇ ਪਏ, ਜਦੋਂ ਅੰਗਰੇਜ਼ ਸਾਨੂੰ ਰੱਖਣ ਨਹੀਂ ਸੀ ਦਿੰਦੇ ਪਰ ਹੁਣ ਸਾਨੂੰ ਕੋਈ ਮਨਾਹੀ ਨਹੀਂ ਅਤੇ ਲੋੜ ਪੈਣ 'ਤੇ ਅਸੀਂ ਵੱਡੀ ਕਿਰਪਾਨ ਧਾਰਨ ਕਰ ਸਕਦੇ ਹਾਂ। ਇਸ ਦੇ ਨਾਲ ਹੀ ਆਪ ਜੀ ਨੇ 8 ਸਿੰਘਾਂ ਅਤੇ ਸਿੰਘਣੀਆਂ ਨੂੰ ਕਿਰਪਾਨ ਪੁਆ ਕੇ ਇਹ ਰੀਤ ਦਾ ਸ਼ੁੱਭ ਆਰੰਭ ਕੀਤਾ ਅਤੇ ਆਪ ਵੀ ਪੰਥ ਦੇ ਮਹਾਨ ਸੰਤ ਬਾਬਾ ਛਿੰਦਾ ਜੀ ਕੋਲੋਂ ਕਿਰਪਾਨ ਧਾਰਨ ਕਰਕੇ ਕਥਨੀ ਅਤੇ ਕਰਨੀ ਦੇ ਪੱਕੇ ਹੋਣ ਦਾ ਸਬੂਤ ਦਿੱਤਾ। ਨਾਮਧਾਰੀ ਸਮਾਜ ਵਿਚ ਇਹ ਉਨ੍ਹਾਂ ਦੇ ਕ੍ਰਾਂਤੀਕਾਰੀ ਕਾਰਜ ਹਨ, ਜਿਨ੍ਹਾਂ ਨੂੰ ਲਾਗੂ ਕਰਕੇ ਉਹ ਹਜ਼ਾਰਾਂ ਨਾਮਧਾਰੀ ਸਿੰਘਾਂ ਦੇ ਰਾਹ ਦਸੇਰੇ ਬਣ ਰਹੇ ਹਨ।

ਇਸ ਤੋਂ ਇਲਾਵਾ ਆਪ ਜੀ ਨੇ ਜਿਹੜੀਆਂ ਖਾਲਸਾਈ ਮਰਿਆਦਾ ਨੂੰ ਮੁੜ ਲਾਗੂ ਕੀਤਾ ਹੈ, ਜਿਵੇਂ :ਸ੍ਰੀ ਗ੍ਰੰਥ ਸਾਹਿਬ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਕਹਿ ਕੇ ਸਤਿਕਾਰ ਦੇਣਾ, ਸਤਿ ਸ੍ਰੀ ਅਕਾਲ ਦੇ ਨਾਲ ਗੁਰੂ ਫਤਿਹ ਬੁਲਾਉਣ ਦੀ ਆਗਿਆ ਦੇਣਾ ਅਤੇ ਆਪਣੇ ਮੁੱਖ ਸਥਾਨ ਸ਼੍ਰੀ ਜੀਵਨ ਨਗਰ ਵਿਖੇ ਸਫੈਦ ਰੰਗ ਦੇ ਨਿਸ਼ਾਨ ਸਾਹਿਬ ਨਾਲ 18 ਅਕਤੂਬਰ, 2015 ਨੂੰ 111 ਫੁੱਟ ਦਾ ਕੇਸਰੀ ਨਿਸ਼ਾਨ ਸਾਹਿਬ ਝੁਲਾ ਕੇ ਆਪਣੇ ਪੰਥ ਨੂੰ ਵਿਕਸਿਤ ਸੋਚ ਅਤੇ ਭਾਈਚਾਰਕ ਸਾਂਝ ਦੀ ਪੱਧਰ ਲਿਆ ਖੜ੍ਹਾ ਕੀਤਾ ਹੈ। ਆਪਣੀ ਮਾਨਵਵਾਦੀ ਸੋਚ ਚੱਲਦਿਆਂ ਆਪ ਜੀ ਅਜਿਹਾ ਵੀ ਫੁਰਮਾਉਂਦੇ ਹਨ ਕਿ ਸਾਨੂੰ ਢਾਈ ਜ਼ਿਲ੍ਹਿਆਂ ਦਾ ਖਾਲਸਾ ਰਾਜ ਨਹੀਂ, ਸਗੋਂ ਪੂਰੇ ਸੰਸਾਰ ਵਿਚ ਸਤਿਗੁਰੂ ਨਾਨਕ ਦੇਵ ਜੀ ਦਾ "ਖਾਲਸਾ ਰਾਜ", "ਖਾਲਸਾ" ਭਾਵ ਨਿਰਮਲ ਰਾਜ ਸਥਾਪਿਤ ਕਰਨ ਦੀ ਗੱਲ ਬਾਰੇ ਵਕਾਲਤ ਕਰਨੀ ਚਾਹੀਦੀ ਹੈ। ਅੱਜ ਸਾਨੂੰ ਠਾਕੁਰ ਦਲੀਪ ਸਿੰਘ ਵਰਗੇ ਰਹਿਬਰਾਂ ਦੀ ਵੱਡੀ ਲੋੜ ਹੈ। ਸਾਨੂੰ ਲੋੜ ਹੈ ਕਿ ਅਸੀਂ ਐਸੀ ਮਹਾਨ ਸ਼ਖ਼ਸੀਅਤ ਦੇ ਮਾਰਗ ਦਰਸ਼ਨ 'ਤੇ ਚੱਲ ਕੇ ਆਪਸੀ ਸਾਂਝ ਨੂੰ ਵਧਾਉਂਦੇ ਹੋਏ ਸਮਾਜ ਵਿਚ ਅਮਨ-ਸ਼ਾਂਤੀ ਬਹਾਲ ਕਰ ਸਕੀਏ।

# ਜ਼ਿੰਦਗੀ ਇੱਕ ਸਫਰ ਹੈ ਸੁਹਾਨਾ ...

ਸ਼ੰਕਰ ਮਹਿਰਾ
ਲੁਧਿਆਣਾ
ਸੰਪਰਕ : 99888-98227
mehrashankar777@gmail.com
(Punjab Mail USA)



ਜ਼ਿੰਦਗੀ ਕੀ ਹੈ? ਇਸ ਬਾਰੇ ਲੋਕਾਂ ਦੀਆਂ ਅਜੀਬ-ਅਜੀਬ ਧਾਰਨਾਵਾਂ ਹਨ। ਕੋਈ ਜ਼ਿੰਦਗੀ ਨੂੰ ਕਲਾ ਦੱਸਦਾ ਹੈ, ਕੋਈ ਤਪੱਸਿਆ। ਕੋਈ ਜ਼ਿੰਦਗੀ ਨੂੰ ਜੱਦੋ-ਜਹਿਦ ਦੱਸਦਾ ਹੈ ਅਤੇ ਕੋਈ ਸਫਰ ਦਾ ਨਾਂ ਦਿੰਦਾ ਹੈ। ਕੋਈ ਜ਼ਿੰਦਗੀ ਨੂੰ ਗੱਲ ਪਏ ਢੋਲ ਨੂੰ ਵਜਾਉਣਾ ਕਹਿੰਦਾ ਹੈ, ਕੋਈ ਇਸਨੂੰ ਜ਼ਿੰਦਾਦਿਲੀ ਵਜੋਂ ਸਨਮਾਨਦਾ ਹੈ। ਕੋਈ ਕਰਮਾਂ ਦਾ ਫਲ, ਕੋਈ ਕੰਡਿਆਂ ਦੀ ਸੇਜ। ਗੱਲ ਕੀ, ਅਣਗਿਣਤ ਧਾਰਨਾਵਾਂ ਹਨ, ਜ਼ਿੰਦਗੀ ਦੇ ਸੰਬੰਧ ਵਿਚ। ਫਿਰ ਵੀ ਮਨੁੱਖ ਦੇ ਜਨਮ ਤੋਂ ਲੈ ਕੇ ਮਰਨ ਦੇ ਵਿਚਕਾਰ ਜਿਹੜਾ ਸਮਾਂ ਆ ਜਾਂਦਾ ਹੈ, ਓਹੀ ਜ਼ਿੰਦਗੀ ਹੈ।

ਜ਼ਿੰਦਗੀ ਇਕ ਛੋਟਾ ਜਿਹਾ ਸ਼ਬਦ ਆਪਣੇ ਆਪ ਵਿਚ ਬਹੁਤ ਡੂੰਘੇ ਅਰਥ ਸਮੋਈ ਬੈਠਾ ਹੈ। ਜ਼ਿੰਦਗੀ ਨਾਂ ਹੈ ਦੁੱਖਾਂ ਅਤੇ ਸੁੱਖਾਂ ਦਾ, ਪਿਆਰ ਅਤੇ ਤਕਰਾਰ ਦਾ, ਦੋਸਤੀ ਅਤੇ ਚਾਹਤ ਦਾ, ਖੁਸ਼ੀਆਂ ਅਤੇ ਗ਼ਮੀਆਂ ਦਾ, ਪਾਉਣ ਅਤੇ ਗਵਾਉਣ ਦਾ, ਰੁੱਸਣ ਅਤੇ ਮਨਾਉਣ ਦਾ, ਆਸ਼ਾ ਅਤੇ ਨਿਰਾਸ਼ਾ ਦਾ। ਵੱਖ-ਵੱਖ ਵਿਦਵਾਨਾਂ ਦੇ ਜ਼ਿੰਦਗੀ ਦੇ ਬਾਰੇ ਵੱਖਰੇ-ਵੱਖਰੇ ਮੱਤ ਹਨ।

ਅੰਗਰੇਜ਼ੀ ਕਵੀ ਵਿਲੀਅਮ ਸ਼ੈਕਸਪੀਅਰ ਅਨੁਸਾਰ, "ਜ਼ਿੰਦਗੀ ਇੱਕ ਰੰਗਮੰਚ ਹੈ, ਜਿੱਥੇ ਹਰ ਕੋਈ ਆਪਣਾ ਰੋਲ ਨਿਭਾ ਕੇ ਚਲਾ ਜਾਂਦਾ ਹੈ।"

ਨਿਊ ਰਿਟੀਅਸ ਅਨੁਸਾਰ "ਜ਼ਿੰਦਗੀ ਹਨੇਰੇ ਵਿਚ ਜੱਦੋ-ਜਹਿਦ ਹੈ।"

ਮੁਨਸ਼ੀ ਪ੍ਰੇਮ ਚੰਦ ਅਨੁਸਾਰ, "ਖਾਣ ਅਤੇ ਪੀਣ ਦਾ ਨਾਂ ਜੀਵਨ ਨਹੀਂ, ਜੀਵਨ ਸਦਾ ਹੀ ਅੱਗੇ ਵਧਦੇ ਰਹਿਣ ਦੀ ਲਗਨ ਦਾ ਨਾਂ ਹੈ।"

ਗੋਰਕੀ ਅਨੁਸਾਰ, "ਜੀਵਨ ਚਾਬਕ ਮਾਰਕੇ ਚਲਾਉਣ ਵਾਲਾ ਘੋੜਾ ਨਹੀਂ ਹੈ।"

ਜੇਏਲਰ ਅਨੁਸਾਰ, "ਜੀਵਨ ਇੱਕ ਬਾਜ਼ੀ ਵਾਂਗ ਹੈ। ਹਾਰ-ਜਿੱਤ ਤਾਂ ਸਾਡੇ ਹੱਥ ਵਿਚ ਨਹੀਂ ਪਰ ਬਾਜ਼ੀ ਖੇਡਣਾ ਤਾਂ ਸਾਡੇ ਹੱਥ ਵਿਚ ਹੈ।"

ਡਾਕਟਰ ਰਾਧਾ ਕ੍ਰਿਸ਼ਨਨ ਨੇ ਇੱਕ ਥਾਂ ਲਿਖਿਆ ਹੈ ਕਿ ਜ਼ਿੰਦਗੀ ਤਾਸ਼ ਦੇ ਪੱਤਿਆਂ ਦੀ ਵੰਡ ਵਾਂਙ ਹੈ। ਕਿਸੇ ਨੂੰ ਯੱਕੇ, ਬੇਗੀਆਂ ਅਤੇ ਬਾਦਸ਼ਾਹ ਵਰਗੇ ਭਾਰੀ ਪੱਤੇ ਆ ਜਾਂਦੇ ਹਨ ਅਤੇ ਕਿਸੇ ਨੂੰ ਕੇਵਲ ਦੁੱਕੀਆਂ-ਤਿੱਕੀਆਂ ਹੀ ਆਉਂਦੀਆਂ ਹਨ। ਖੇਡਾਂ ਵਾਲੇ ਨੇ ਆਪਣੇ ਪੱਤਿਆਂ ਨਾਲ ਖੇਡਣਾ ਹੁੰਦਾ ਹੈ। ਵਧੀਆ ਖਿਡਾਰੀ ਓਹੀ ਗਿਣਿਆ ਜਾਂਦਾ ਹੈ, ਜੋ ਜਿਹੜੇ ਵੀ ਪੱਤੇ ਉਸਦੇ ਹਿੱਸੇ ਆਏ ਹਨ, ਉਨ੍ਹਾਂ ਨੂੰ ਸਿਆਣਪ ਨਾਲ ਖੇਡੇ। ਕਈ ਵਾਰ ਬਾਦਸ਼ਾਹ ਨੂੰ ਵੀ ਦੁੱਕੀਆਂ ਦੀ ਈਨ ਮੰਨਣੀ ਪੈਂਦੀ ਹੈ।



ਮਨੋਵਿਗਿਆਨੀਆਂ ਨੇ ਵੀ ਵਿਗਿਆਨਿਕ ਆਧਾਰ 'ਤੇ ਤਜ਼ਰਬੇ ਕਰਕੇ ਵਾਰ-ਵਾਰ ਸਿੱਧ ਕੀਤਾ ਹੈ ਕਿ ਧਨਾਤਮਕ ਸੋਚਣੀ, ਪ੍ਰਤੀਬੱਧਤਾ, ਲਗਨ, ਦ੍ਰਿੜ੍ਹ ਵਿਸ਼ਵਾਸ ਦੇ ਸਾਹਮਣੇ ਸਭ ਮੁਸੀਬਤਾਂ ਸਿਰ ਝੁਕਾ ਦਿੰਦੀਆਂ ਹਨ ਅਤੇ ਅਜਿਹੇ ਮਨੁੱਖ ਦਾ ਕੁਦਰਤ ਵੀ ਸਾਥ ਦੇਣ ਲੱਗਦੀ ਹੈ।

ਕਿਸੇ ਸ਼ਾਇਰ ਨੇ ਕਿੰਨਾ ਖ਼ੂਬ ਲਿਖਿਆ ਹੈ :

"ਖ਼ੁਦੀ ਕੋ ਕਰ ਬੁਲੰਦ ਇਤਨਾ,
ਕਿ ਹਰ ਤਕਦੀਰ ਲਿਖਣੇ ਸੇ ਪਹਿਲੇ
ਖ਼ੁਦਾ ਬੰਦੇ ਸੇ ਪੁਛੇ
ਬਤਾ ਤੇਰੀ ਰਜਾ ਕਿਆ ਹੈ।"

ਜ਼ਿੰਦਗੀ ਜਿਊਣਾ ਵੀ ਇਕ ਕਲਾ ਹੈ, ਕਲਾ ਹੀ ਨਹੀਂ, ਸਗੋਂ ਇਕ ਤਪੱਸਿਆ ਹੈ। ਜੀਵਨ ਵਿਕਾਸ ਦਾ ਸਿਧਾਂਤ ਹੈ, ਸਥਿਰ ਰਹਿਣ ਦਾ ਨਹੀਂ। ਜ਼ਿੰਦਗੀ ਜਿਊਣਾ ਹੋਰ ਗੱਲ ਹੈ ਅਤੇ ਭੋਗਣਾ ਹੋਰ। ਜ਼ਿੰਦਗੀ ਜਿਊਣ ਵਾਲੇ ਬੰਦੇ ਉਹ ਹੁੰਦੇ ਹਨ, ਜੋ ਆਪਣੀ ਜ਼ਿੰਦਗੀ ਦੇ ਮਾਲਕ ਆਪ ਹੁੰਦੇ ਹਨ। ਆਪ ਇਸਨੂੰ ਸੇਧ ਦਿੰਦੇ ਹਨ, ਮਕਸਦ ਦਿੰਦੇ ਹਨ, ਇਸਦੇ ਵਿਚ ਰੰਗ ਭਰਦੇ ਹਨ।

ਜ਼ਿੰਦਗੀ ਭੋਗਣ ਜਾ ਕੱਟਣ ਵਾਲੇ ਬੰਦੇ ਉਹ ਹੁੰਦੇ ਹਨ, ਜਿਨ੍ਹਾਂ ਨੂੰ ਜ਼ਿੰਦਗੀ ਆਪ ਚਲਾਉਂਦੀ ਹੈ।

ਕਦੇ ਰੁਆਉਂਦੀ, ਕਦੇ ਹਸਾਉਂਦੀ ਹੈ। ਉਹ ਜ਼ਿੰਦਗੀ ਦੇ ਗੁਲਾਮ ਬਣੇ ਰਹਿੰਦੇ ਹਨ। ਆਪਣੀ ਮੰਦਹਾਲੀ ਲਈ ਕਰਮਾਂ ਨੂੰ ਜਾ ਰੱਬ ਨੂੰ ਬੁਰਾ-ਭਲ਼ਾ ਕਹਿੰਦੇ ਰਹਿੰਦੇ ਹਨ।

ਜ਼ਿੰਦਗੀ ਵਿਚ ਦੁੱਖ-ਸੁੱਖ ਨਾਲ-ਨਾਲ ਚਲਦੇ ਹਨ। ਦੁੱਖਾਂ ਵਿਚ ਸਾਨੂੰ ਘਬਰਾਉਣਾ ਨਹੀਂ ਚਾਹੀਦਾ। ਸਗੋਂ ਹਿੰਮਤ ਅਤੇ ਦਲੇਰੀ ਨਾਲ ਜ਼ਿੰਦਗੀ ਨੂੰ ਵਧੀਆ ਬਣਾਉਣ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ।

ਇੱਕ ਵਾਰ ਕਿਸੇ ਬੰਦੇ ਨੇ ਇੱਕ ਸਾਧੂ ਨੂੰ ਸਵਾਲ ਕੀਤਾ ਕਿ ਕੋਈ ਅਜਿਹਾ ਵਚਨ ਕਰੋ, ਜਿਸ ਨਾਲ ਆਤਮ ਵਿਸ਼ਵਾਸ ਮਜ਼ਬੂਤ ਹੋਵੇ, ਤਾਂ ਉਸ ਸਿੱਧ ਪੁਰਖ ਨੇ ਜਵਾਬ ਦਿੱਤਾ, "ਇਹ ਸਮਾਂ ਵੀ ਗੁਜ਼ਰ ਜਾਏਗਾ।"

ਸੱਚਮੁੱਚ ਉਸ ਭਲੇ ਪੁਰਖ ਦਾ ਜਵਾਬ ਬਹੁਤ ਕਮਾਲ ਦਾ ਸੀ। ਸੁੱਖ ਵਿਚ ਵਿਅਕਤੀ ਨੂੰ ਆਪਣੇ ਪੈਰ ਨਹੀਂ ਛੱਡਣੇ ਚਾਹੀਦੇ ਅਤੇ ਦੁੱਖ ਵਿਚ ਹਿੰਮਤ। ਚੰਗਾ ਅਤੇ ਮਾੜਾ ਸਮਾਂ ਨਾਲ-ਨਾਲ ਚਲਦਾ ਹੈ। ਜਾਂ ਇੰਜ ਕਹਿ ਲਵੋ, ਦੁੱਖ-ਸੁੱਖ ਇੱਕੋ ਸਿੱਕੇ ਦੇ ਦੋ ਪਹਿਲੂ ਹਨ।

ਸ਼ਾਇਦ ਇਹੀ ਕਾਰਨ ਸੀ ਪ੍ਰਮਾਤਮਾ ਨੇ ਹਰ ਵਸਤੂ ਜੋੜਿਆਂ ਵਿਚ ਬਣਾਈ- 'ਦਿਨ-ਰਾਤ, ਦੁੱਖ-ਸੁੱਖ, ਖੁਸ਼ੀ-ਗਮੀ, ਚੰਗਾ-ਬੁਰਾ ਤਾਂ ਜੋ ਚੰਗੀ ਦੀ ਕੀਮਤ ਬਣੀ ਰਹਿ ਸਕੇ। ਫੁੱਲਾਂ ਦੀ ਹੋਂਦ ਵੀ ਕੰਡਿਆਂ ਕਰਕੇ ਹੀ ਹੁੰਦੀ ਹੈ।

ਬਹੁਤ ਹੈਰਾਨੀ ਵਾਲੀ ਗੱਲ ਹੈ ਕਿ ਲੋਕ ਆਪਣੇ ਜੀਵਨ ਨੂੰ ਲੰਮਾ ਕਰਨਾ ਤਾਂ ਚਾਹੁੰਦੇ ਹਨ, ਪਰ ਸੁਧਾਰਨਾ ਨਹੀਂ। ਇਥੇ ਸਵਾਲ ਇਹ ਨਹੀਂ ਕਿ ਅਸੀਂ ਕਿੰਨਾ ਚਿਰ ਜਿਊਂਦੇ ਹਾਂ। ਸਵਾਲ ਇਹ ਹੈ ਕਿ ਅਸੀਂ ਕਿਵੇਂ ਜਿਊਂਦੇ ਹਾਂ। ਜ਼ਿੰਦਗੀ ਭਾਵੇਂ ਥੋੜੀ ਹੀ ਕਿਉਂ ਨਾ ਹੋਵੇ, ਪਰ ਚੰਗੀ ਹੋਣੀ ਚਾਹੀਦੀ ਹੈ। ਅਖੇ:

ਦੋ ਪੈਰ ਘੱਟ ਤੁਰਨਾ ,
ਪਰ ਤੁਰਨਾ ਮੜਕ ਦੇ ਨਾਲ।
ਦੋ ਦਿਨ ਘੱਟ ਜੀਵਣਾ,
ਪਰ ਜੀਵਣਾ ਮੜਕ ਦੇ ਨਾਲ।

ਜ਼ਿੰਦਗੀ ਜ਼ਿੰਦਾਦਿਲੀ ਦਾ ਨਾਮ ਹੈ। ਦੁੱਖ ਅਤੇ ਸੁੱਖ ਜ਼ਿੰਦਗੀ ਵਿਚ ਨਾਲ-ਨਾਲ ਚਲਦੇ ਹਨ। ਪਰ ਜ਼ਿੰਦਗੀ ਨੂੰ ਵੱਡਾ ਘਟੀਆ ਬਣਾਉਣਾ ਮਨੁੱਖ ਦੇ ਆਪਣੇ ਹੱਥ ਹੁੰਦਾ ਹੈ। ਕਈ ਲੋਕ ਛੋਟੀਆਂ-ਛੋਟੀਆਂ ਗੱਲਾਂ ਵਿਚ ਵੀ ਵੱਡੀਆਂ ਖੁਸ਼ੀਆਂ ਦੀ ਤਲਾਸ਼ ਕਰ ਲੈਂਦੇ ਹਨ ਅਤੇ ਕਈ ਸੰਘਰਸ਼ ਕਰਨ ਦੀ ਬਜਾਏ ਹੱਥ 'ਤੇ ਹੱਥ ਰੱਖ ਕੇ ਅਵੇਸਲੇ ਬਣ ਕੇ ਬੈਠ ਜਾਂਦੇ ਹਨ। ਵਕਤ ਅਤੇ ਕਿਸਮਤ ਨੂੰ ਕੋਸਦੇ ਰਹਿੰਦੇ ਹਨ।

ਇਹ ਗੱਲ ਯਾਦ ਰੱਖਣੀ ਚਾਹੀਦੀ ਹੈ ਕਿ ਪ੍ਰਮਾਤਮਾ ਵੀ ਉਨ੍ਹਾਂ ਦੀ ਸਹਾਇਤਾ ਕਰਦਾ ਹੈ, ਜੋ ਆਪਣੀ ਸਹਾਇਤਾ ਆਪ ਕਰਦੇ ਹਨ।

ਗੌਰਤਲਬ ਹੈ ਕਿ ਹਰ ਇਨਸਾਨ ਆਪਣੀ ਜ਼ਿੰਦਗੀ ਵਿਚ ਸਫਲ ਹੋਣ ਦੀ ਲੋਚਾ ਰੱਖਦਾ ਹੈ। ਕੋਈ ਬੰਦਾ ਅਸਫਲ ਨਹੀਂ ਹੋਣਾ ਚਾਹੁੰਦਾ। ਕਈ ਲੋਕ ਜ਼ਿੰਦਗੀ ਵਿਚ ਸਫਲਤਾ ਦੀਆਂ ਕਹਾਣੀਆਂ ਸਿਰਜ ਜਾਂਦੇ ਹਨ ਅਤੇ ਕਈ ਹੱਥ ਮਲਦੇ ਰਹਿ ਜਾਂਦੇ ਹਨ। ਕਈਆਂ ਦੇ ਦਰਵਾਜ਼ੇ 'ਤੇ ਸਫਲਤਾ ਵਾਰ-ਵਾਰ ਦਸਤਕ ਦਿੰਦੀ ਹੈ ਅਤੇ ਕਈਆਂ ਕੋਲੋਂ ਸਫਲਤਾ ਮੂੰਹ ਮੋੜ ਕੇ ਲੰਘ ਜਾਂਦੀ ਹੈ। ਕਈ ਲੋਕ ਨਾਲ ਸਫਲਤਾ ਪਰਛਾਵਾਂ ਬਣ ਕੇ ਚਲਦੀ ਹੈ ਅਤੇ ਕਈਆਂ ਨੂੰ ਸਫਲਤਾ ਖੁਆਬਾਂ ਵਿਚ ਵੀ ਨਸੀਬ ਨਹੀਂ ਹੁੰਦੀ। ਅਜਿਹੀ ਸਥਿਤੀ ਵਿਚ ਮਨੁੱਖ ਨੂੰ ਹਿੰਮਤ ਨਹੀਂ ਹਾਰਨੀ ਚਾਹੀਦੀ। ਜੇਕਰ ਅਸੀਂ ਅਸਫਲ ਵੀ ਹੁੰਦੇ ਹਾਂ, ਤਾਂ ਸਾਨੂੰ ਇਸਨੂੰ ਵੀ ਸਕਾਰਾਤਮਕ ਪੱਖ ਤੋਂ ਕਬੂਲਣਾ ਚਾਹੀਦਾ ਹੈ। ਅਸਫਲਤਾ ਤੋਂ ਨਿਰਾਸ਼ ਹੋ ਕੇ ਯਤਨ ਨਹੀਂ ਛੱਡਣੇ ਚਾਹੀਦੇ। ਜੇਕਰ ਅਸੀਂ ਅਸਫਲ ਵੀ ਰਹਿੰਦੇ ਹਾਂ, ਤਾਂ ਇਸਦਾ ਮਤਲਬ ਇਹ ਨਹੀਂ ਕਿ ਅਸੀਂ ਕੁਝ ਵੀ ਪ੍ਰਾਪਤ ਨਹੀਂ ਕੀਤਾ। ਇਸ ਤੋਂ ਸਾਨੂੰ ਇਸ ਗੱਲ ਦਾ ਪਤਾ ਲੱਗ ਜਾਂਦਾ ਹੈ ਕਿ ਅਸੀਂ ਮੰਜਿਲ ਪ੍ਰਾਪਤੀ ਤੋਂ ਕਿੰਨੀ ਦੂਰ ਹਾਂ। ਜਿੰਨੇ ਕਦਮ ਅਸੀਂ ਸਫਲਤਾ ਵੱਲ ਜਾਣ ਨੂੰ ਪੁੱਟੇ ਹਨ, ਉਹ ਆਉਣ ਵਾਲੇ ਸਮੇਂ ਵਿਚ ਸਾਡੀ ਬਣਨ ਵਾਲੀ ਸਫਲਤਾ ਦੀਆਂ ਨੀਹਾਂ ਵਿਚ ਇੱਟਾਂ ਦਾ ਕੰਮ ਕਰਨਗੇ। ਇਸ ਲਈ ਹਿੰਮਤ ਦਾ ਪੱਲਾ ਕਦੇ ਨਾ ਛੱਡੋ।

ਹਾਸ਼ਮ ਫਤਿਹ ਨਸੀਬ ਓਹਨਾ, ਜਿਨ੍ਹਾਂ ਹਿੰਮਤ ਯਾਰ ਬਣਾਈ।

ਬਾਕੀ ਜ਼ਿੰਦਗੀ ਇੱਕ ਅਮਲੀ ਜਾਮਾ ਹੈ। ਇਕ ਰੰਗਮੰਚ ਹੈ। ਹਰ ਇਨਸਾਨ ਇਸ ਦੁਨੀਆਂ ਰੂਪੀ ਰੰਗਮੰਚ ਉੱਤੇ ਆਪਣਾ ਰੋਲ ਅਦਾ ਕਰਨ ਲਈ ਆਉਂਦਾ ਹੈ ਅਤੇ ਚਲਾ ਜਾਂਦਾ ਹੈ। ਇਸ ਲਈ ਸਾਨੂੰ ਹਰ ਰੋਲ ਬਾਖੂਬੀ ਨਿਭਾਉਣਾ ਚਾਹੀਦਾ ਹੈ।

ਇਤਨੀ ਸ਼ਿੱਦਤ ਸੇ ਨਿਭਾਓ ਜ਼ਿੰਦਗੀ ਕਾ ਕਿਰਦਾਰ,
ਕਿ ਪਰਦਾ ਗਿਰਨੇ ਕੇ ਬਾਅਦ ਭੀ ਬਜਤੀ ਰਹੇ ਤਾਲੀਆਂ ।

ਸੋ ਆਓ ਜ਼ਿੰਦਗੀ ਨੂੰ ਜ਼ਿੰਦਾਦਿਲੀ ਨਾਲ ਜਿਊਣ ਦੀ ਆਦਤ ਪਾਈਏ। ਖੁਸ਼ੀਆਂ ਵੰਡੀਏ।

# PUNJAB MAIL USA

**TV Channel, Newspaper, Radio**

**All over America, Canada, Australia & Europe**



## 24 Hours 7 Days

**Gold # 2867, Gem # 375, TV Zon # 6888, Glow TV # 1828, Real TV etc.**

You can also watch on our website: PunjabMailUSA.com

**For any Information & Advertisement Call at**

**+1-916-280-8811 or +1-916-320-9444**

E-mail: punjabmailtv@gmail.com Web: punjabmailusa.com

# ਗੰਭੀਰ ਕੇਸਾਂ ਦੇ ਦੋਸ਼ੀ ਬਰੀ ਕਿਉਂ ਹੋ ਰਹੇ ਹਨ?





ਪ੍ਰਿਅੰਕਾ ਸੌਰਭ
ਰਾਜਨੀਤੀ ਵਿਗਿਆਨ ਵਿਚ ਖੋਜ ਵਿਦਵਾਨ,
ਹਿਸਾਰ, (ਹਰਿਆਣਾ)
ਮੋ : 70153-75570
(Punjab Mail USA)


ਦੇਸ਼ 'ਚ ਨਿਆਂਪਾਲਿਕਾ ਅਤੇ ਪੁਲਿਸ ਦੀ ਮਾੜੀ ਵਿਵਸਥਾ ਕਾਰਨ ਗੰਭੀਰ ਮਾਮਲਿਆਂ ਦੇ ਦੋਸ਼ੀ ਵੀ ਅਦਾਲਤ ਵੱਲੋਂ ਬਰੀ ਹੋ ਜਾਂਦੇ ਹਨ। ਉਨ੍ਹਾਂ ਦੇ ਬਰੀ ਹੋਣ ਤੋਂ ਬਾਅਦ ਬੁੱਧੀਜੀਵੀ ਵਰਗ ਹਰ ਤਰ੍ਹਾਂ ਦੇ ਸਵਾਲ ਉਠਾਉਣ ਲੱਗ ਪੈਂਦਾ ਹੈ। ਇਸ ਤੋਂ ਬਾਅਦ ਸਿਸਟਮ ਦੀਆਂ ਉਨ੍ਹਾਂ ਖਾਮੀਆਂ ਦੀ ਚਰਚਾ ਹੁੰਦੀ ਹੈ, ਜਿਸ ਕਾਰਨ ਅਪਰਾਧੀ ਬਰੀ ਹੋ ਜਾਂਦੇ ਹਨ ਪਰ ਇਹ ਸਭ ਕੁਝ ਦਿਨ ਹੀ ਰਹਿੰਦਾ ਹੈ, ਉਸ ਤੋਂ ਬਾਅਦ ਸਿਸਟਮ ਉਸੇ ਤਰ੍ਹਾਂ ਆਪਣੇ ਆਪ ਚੱਲਣ ਲੱਗ ਪੈਂਦਾ ਹੈ। ਇਸ ਨੂੰ ਸੁਧਾਰਿਆ ਨਹੀਂ ਜਾ ਸਕਦਾ। ਜਿੰਨਾ ਚਿਰ ਕੋਈ ਕੇਸ ਅਦਾਲਤ ਵਿਚ ਲੰਬਿਤ ਰਹਿੰਦਾ ਹੈ, ਉਸ ਦਾ ਫੈਸਲਾ ਓਨਾ ਹੀ ਕਮਜ਼ੋਰ ਹੁੰਦਾ ਹੈ। ਜੇਕਰ ਅਦਾਲਤ ਵਿਚ ਕੇਸ ਲਈ ਤਰੀਕ ਤੋਂ ਬਾਅਦ ਤਰੀਕ ਲੱਗਦੀ ਰਹਿੰਦੀ ਹੈ, ਤਾਂ ਉਸ ਦਾ ਨਤੀਜਾ ਵੀ ਚੰਗਾ ਨਹੀਂ ਨਿਕਲਦਾ। ਕੇਸ ਦੇ ਲੰਮੇ ਸਮੇਂ ਦੌਰਾਨ ਉਸ ਕੇਸ ਨਾਲ ਸਬੰਧਤ ਅਫਸਰਾਂ ਦੇ ਤਬਾਦਲੇ ਹੋ ਜਾਂਦੇ ਹਨ, ਕਈ ਗਵਾਹ ਮਰ ਜਾਂਦੇ ਹਨ। ਸਬੂਤ ਗੁਆਚ ਜਾਂਦਾ ਹੈ। ਇਨ੍ਹਾਂ ਸਭ ਦਾ ਫਾਇਦਾ ਅਪਰਾਧੀਆਂ ਨੂੰ ਮਿਲਦਾ ਹੈ।

ਦੇਸ਼ ਦੀ ਨਿਆਂ ਪ੍ਰਣਾਲੀ ਅਜੇ ਵੀ ਤੇਜ਼ ਰਫ਼ਤਾਰ ਨਾਲ ਕੰਮ ਨਹੀਂ ਕਰ ਰਹੀ, ਜਿਸ ਦਾ ਨਤੀਜਾ ਅਪਰਾਧੀਆਂ ਦੇ ਬਰੀ ਹੋਣ ਦੇ ਰੂਪ ਵਿਚ ਸਾਹਮਣੇ ਆਉਂਦਾ ਹੈ। ਅਦਾਲਤ ਵਿਚ ਕੇਸ ਜਿੰਨਾ ਲੰਬਾ ਚੱਲਦਾ ਹੈ, ਲੋਕਾਂ ਦੀ ਦਿਲਚਸਪੀ ਓਨੀ ਹੀ ਵੱਧ ਜਾਂਦੀ ਹੈ। ਜੇਕਰ ਕੋਈ ਵੱਡਾ ਕੇਸ ਹੋਵੇ ਅਤੇ ਉਸ ਕੇਸ ਵਿਚ ਅਦਾਲਤ ਵੱਲੋਂ ਫੈਸਲੇ ਲਈ ਸਿਰਫ ਤਰੀਕ ਹੀ ਦਿੱਤੀ ਜਾ ਰਹੀ ਹੋਵੇ, ਤਾਂ ਲੋਕ ਉਸ ਕੇਸ ਤੋਂ ਆਪਣਾ ਮਨ ਗੁਆ ਬੈਠਦੇ ਹਨ। ਕਈ ਵਾਰ ਮੁੱਦੇ ਟੁੱਟ ਜਾਂਦੇ ਹਨ। ਕਈ ਵਾਰ ਪੁਲਿਸ ਦੀਆਂ ਟੀਮਾਂ ਵੀ ਇਸ ਵਿਚ ਦੋਸ਼ੀ ਹੁੰਦੀਆਂ ਹਨ, ਉਹ ਚਾਰਜਸ਼ੀਟ ਦੇਰੀ ਨਾਲ ਫਾਈਲ ਕਰਦੀਆਂ ਹਨ, ਇਸ ਕਾਰਨ ਅਦਾਲਤ ਵਿਚ ਤਰੀਕਾਂ ਲੱਗਦੀਆਂ ਰਹਿੰਦੀਆਂ ਹਨ। ਕੇਸਾਂ ਵਿਚ ਦੇਰੀ ਨਾਲ ਫੈਸਲੇ ਲਈ ਵਕੀਲ ਵੀ ਜ਼ਿੰਮੇਵਾਰ ਹਨ, ਉਹ ਕੇਸ ਪੈਂਡਿੰਗ ਵਿਚ ਚਲੇ ਜਾਂਦੇ ਹਨ। ਜੇਕਰ ਪੁਲਿਸ ਪੁਖਤਾ ਸਬੂਤਾਂ ਸਮੇਤ ਕੇਸ ਦਰਜ ਕਰਦੀ ਹੈ ਅਤੇ ਅਦਾਲਤ ਜਲਦੀ ਹੀ ਫੈਸਲਾ ਸੁਣਾਉਣ ਲਈ ਤਿਆਰ ਹੋ ਜਾਂਦੀ ਹੈ, ਤਾਂ ਦੋਸ਼ੀ ਬਚ ਨਹੀਂ ਸਕਣਗੇ।

ਕਈ ਵਾਰ ਪੁਲਿਸ ਵੱਲੋਂ ਕੀਤੀ ਜਾਂਦੀ ਜਾਂਚ ਵਿਚ ਕਈ ਖਾਮੀਆਂ ਰਹਿ ਜਾਂਦੀਆਂ ਹਨ, ਜਿਸਦਾ ਫਾਇਦਾ ਅਪਰਾਧੀਆਂ ਨੂੰ ਮਿਲਦਾ ਹੈ। ਕਿਸੇ ਅਪਰਾਧਿਕ ਘਟਨਾ ਵਿਚ ਸ਼ਾਮਲ ਦੋਸ਼ੀਆਂ ਦਾ ਬਰੀ ਹੋਣਾ ਸਿਸਟਮ ਦੇ ਮੂੰਹ 'ਤੇ ਕਰਾਰੀ ਚਪੇੜ ਵਾਂਗ ਹੈ। ਨਿਆਂਪਾਲਿਕਾ ਲੰਬੇ ਸਮੇਂ ਤੋਂ ਕੇਸ ਦੀ ਸੁਣਵਾਈ ਲਈ ਤਾਰੀਖ ਦਿੰਦੀ ਹੈ। ਲੰਬੀ ਸੁਣਵਾਈ ਦੌਰਾਨ ਕਈ ਵਾਰ ਗਵਾਹ ਟੁੱਟ ਜਾਂਦੇ ਹਨ, ਮਰ ਜਾਂਦੇ ਹਨ, ਵਕੀਲ ਵੀ ਰੁਚੀ ਗੁਆ ਦਿੰਦੇ ਹਨ। ਗਵਾਹ ਵੀ ਗੱਲਾਂ ਭੁੱਲ ਜਾਂਦੇ ਹਨ। ਇੱਕ ਗੱਲ ਇਹ ਵੀ ਹੈ ਕਿ ਕੇਸ ਜਿੰਨਾ ਲੰਬਾ ਚੱਲੇਗਾ, ਇਸ ਦਾ ਫੈਸਲਾ ਓਨਾ ਹੀ ਮਾੜਾ ਹੋਵੇਗਾ। ਅਦਾਲਤ ਸਾਹਮਣੇ ਪੁਲਿਸ ਦੀ ਭੂਮਿਕਾ ਸਭ ਤੋਂ ਅਹਿਮ ਹੁੰਦੀ ਹੈ। ਜੇਕਰ ਕਿਸੇ ਵੀ ਜੁਰਮ ਦੀ ਜਾਂਚ ਚੰਗੇ ਅਤੇ ਵਿਗਿਆਨਕ ਤਰੀਕੇ ਨਾਲ ਨਾ ਹੋਈ ਤਾਂ ਯਕੀਨਨ ਬਰੀ ਹੁੰਦੇ ਰਹਿਣਗੇ।

ਇਸ ਦੇ ਪਿੱਛੇ ਵੱਡਾ ਕਾਰਨ ਇਹ ਹੈ ਕਿ ਜੱਜ ਸਬੂਤਾਂ ਦੇ ਆਧਾਰ 'ਤੇ ਫੈਸਲੇ ਦਿੰਦੇ ਹਨ। ਸਬੂਤਾਂ ਦੀ ਘਾਟ ਕਾਰਨ ਕਈ ਗੰਭੀਰ ਅਪਰਾਧਾਂ ਵਿਚ ਅਪਰਾਧੀਆਂ ਨੂੰ ਛੱਡ ਦਿੱਤਾ ਜਾਂਦਾ ਹੈ। ਪੁਲਿਸ ਵੱਲੋਂ ਜੁਰਮ ਨਾਲ ਸਬੰਧਤ ਕਿਸੇ ਵੀ ਕੇਸ ਦਾ ਸਬੂਤ ਇਕੱਠਾ ਕਰਨਾ ਹੀ ਆਧਾਰ ਹੁੰਦਾ ਹੈ। ਸਾਡੇ ਦੇਸ਼ ਵਿਚ, ਪੁਲਿਸ ਅਪਰਾਧਿਕ ਮਾਮਲਿਆਂ ਦੀ ਸੁਣਵਾਈ ਕਰਦੀ ਹੈ। ਪੁਲਿਸ ਵੱਲੋਂ ਇਕੱਠੇ ਕੀਤੇ ਸਬੂਤਾਂ ਦੇ ਆਧਾਰ 'ਤੇ ਹੀ ਸਜ਼ਾ ਦਿੱਤੀ ਜਾਂਦੀ ਹੈ। ਜੇਕਰ ਸਾਡੀ ਮੁੱਢਲੀ ਪੁਲਿਸਿੰਗ ਵਿਚ ਕੋਈ ਨੁਕਸ ਹੈ, ਤਾਂ ਸਜ਼ਾ ਦੇਣ ਦੀ ਗੱਲ ਬੇਅਰਥ ਹੈ। ਅਜਿਹੇ ਮਾਮਲਿਆਂ ਵਿਚ ਪੁਲਿਸ 'ਤੇ ਹੀ ਉਂਗਲ ਨਹੀਂ ਉਠਾਈ ਜਾਂਦੀ, ਨਿਆਂਪਾਲਿਕਾ 'ਤੇ ਵੀ ਸਵਾਲ ਉੱਠਦੇ ਹਨ। ਸਵਾਲ ਇਹ ਪੈਦਾ ਹੁੰਦਾ ਹੈ ਕਿ ਪੁਲਿਸ ਵੱਲੋਂ ਇਕੱਠੇ ਕੀਤੇ ਸਬੂਤਾਂ ਵੱਲ ਹੇਠਲੀ ਅਦਾਲਤ ਧਿਆਨ ਕਿਉਂ ਨਹੀਂ ਦਿੰਦੀ ਕਿ ਇਸ ਨੂੰ ਇਕੱਠਾ ਕਰਨ ਵਿਚ ਵਿਗਿਆਨਕ ਤਰੀਕਿਆਂ ਦਾ ਧਿਆਨ ਰੱਖਿਆ ਗਿਆ ਹੈ ਜਾਂ ਨਹੀਂ।

ਉੱਚ ਅਦਾਲਤਾਂ ਸਾਰੇ ਕਾਨੂੰਨੀ ਅਤੇ ਸੰਵਿਧਾਨਕ ਪਹਿਲੂਆਂ ਨੂੰ ਘੋਖ ਕੇ ਸਬੂਤਾਂ ਦੀ ਕਦਰ ਕਰਨ ਤੋਂ ਬਾਅਦ ਹੀ ਫੈਸਲਾ ਦਿੰਦੀਆਂ ਹਨ। ਇੱਥੋਂ ਤੱਕ ਕਿ ਹੇਠਲੀ ਅਦਾਲਤ ਵਿਚ ਵੀ ਫੈਸਲਾ ਕਾਨੂੰਨ ਦੇ ਆਧਾਰ 'ਤੇ ਹੀ ਹੁੰਦਾ ਹੈ। ਜੇਕਰ ਇਹ ਮੰਨ ਲਿਆ ਜਾਵੇ ਕਿ ਮੌਤ ਦੀ ਸਜ਼ਾ ਨਾਲ ਸਬੰਧਤ 35% ਕੇਸਾਂ ਵਿਚ ਉੱਚ ਅਦਾਲਤ ਵੱਲੋਂ ਬਰੀ ਕੀਤਾ ਜਾਂਦਾ ਹੈ ਤਾਂ ਮੇਰਾ ਮੰਨਣਾ ਹੈ ਕਿ ਹੇਠਲੀ ਅਦਾਲਤ ਦੇ ਜੱਜ ਕਿਤੇ ਨਾ ਕਿਤੇ ਨਾਕਾਫ਼ੀ ਸਬੂਤਾਂ ਦੇ ਆਧਾਰ 'ਤੇ ਸਜ਼ਾ ਸੁਣਾ ਦਿੰਦੇ ਹਨ। ਇਸ ਕਾਰਨ ਹਾਈਕੋਰਟ ਅਤੇ ਸੁਪਰੀਮ ਕੋਰਟ ਇਨ੍ਹਾਂ ਮਾਮਲਿਆਂ ਵਿਚ ਹੇਠਲੀ ਅਦਾਲਤ ਦੇ ਫੈਸਲੇ ਨੂੰ ਪਲਟ ਦਿੰਦੀਆਂ ਹਨ। ਸਜ਼ਾ ਲਗਾਉਣ ਅਤੇ ਸਜ਼ਾ ਬਰਕਰਾਰ ਰੱਖਣ ਵਿਚ ਫਰਕ ਹੈ। ਉਦਾਹਰਣ ਵਜੋਂ, ਜੇਕਰ ਕਿਸੇ ਨੇ ਕਤਲ ਕੀਤਾ ਹੈ, ਉਸ ਦੀ ਵੀਡੀਓ ਫੁਟੇਜ ਵੀ ਮੌਜੂਦ ਹੈ, ਤਾਂ ਵੀ ਉਸ ਨੂੰ ਸਜ਼ਾ ਨਹੀਂ ਦਿੱਤੀ ਜਾ ਸਕਦੀ, ਜੇਕਰ ਫੁਟੇਜ ਸਹੀ ਢੰਗ ਨਾਲ ਇਕੱਠੀ ਨਹੀਂ ਕੀਤੀ ਜਾਂਦੀ।

ਸਾਡੇ ਕੋਲ ਐਵੀਡੈਂਸ ਐਕਟ, ਕ੍ਰਿਮੀਨਲ ਪ੍ਰੋਸੀਜਰ ਕੋਡ ਹੈ। ਜੇਕਰ ਇਨ੍ਹਾਂ ਦੀ ਪਾਲਣਾ ਸਹੀ ਢੰਗ ਨਾਲ ਨਹੀਂ ਕੀਤੀ ਜਾਂਦੀ ਤਾਂ ਅਜਿਹੀ ਸਥਿਤੀ ਵਿਚ ਹੇਠਲੀ ਅਦਾਲਤ ਸਜ਼ਾ ਵੀ ਦਿੰਦੀ ਹੈ, ਤਾਂ ਤਕਨੀਕੀ ਆਧਾਰ 'ਤੇ ਉੱਚ ਅਦਾਲਤ ਵਿਚ ਉਹ ਸਜ਼ਾ ਬਰਕਰਾਰ ਨਹੀਂ ਰਹਿ ਸਕਦੀ। ਨਿਆਂਪਾਲਿਕਾ ਨੂੰ ਮਜ਼ਬੂਤ ਕਰਨ ਦੀ ਲੋੜ ਹੈ। ਹੇਠਲੀ ਅਦਾਲਤ ਤੋਂ ਲੈ ਕੇ ਉੱਚ ਅਦਾਲਤ ਤੱਕ ਸੁਧਾਰ ਦੀ ਲੋੜ ਹੈ। ਨਿਆਂ ਪ੍ਰਣਾਲੀ ਵਿਚ ਹੇਠਲੀ ਨਿਆਂਪਾਲਿਕਾ ਦੀ ਬਹੁਤ ਵੱਡੀ ਭੂਮਿਕਾ ਹੈ। ਸਾਡੇ ਦੇਸ਼ ਦੀ ਹੇਠਲੀ ਨਿਆਂਪਾਲਿਕਾ ਡਿਜ਼ੀਟਲ ਤੌਰ 'ਤੇ ਸਹੀ ਨਹੀਂ ਹੈ। ਇਨ੍ਹਾਂ ਅਦਾਲਤਾਂ ਵਿਚ ਵਕੀਲਾਂ ਦੀ ਗੁਣਵੱਤਾ ਨੂੰ ਵੀ ਢੁਕਵਾਂ ਨਹੀਂ ਮੰਨਿਆ ਜਾ ਸਕਦਾ। ਵਕੀਲਾਂ ਨੂੰ ਇਨ੍ਹਾਂ ਅਦਾਲਤਾਂ ਵਿਚ ਬਹੁਤੇ ਮੌਕੇ ਨਹੀਂ ਮਿਲਦੇ। ਇਹੀ ਕਾਰਨ ਹੈ ਕਿ ਬਹੁਤ ਘੱਟ ਚੰਗੇ ਕਾਨੂੰਨ ਮਾਹਿਰ ਉੱਥੇ ਜਾ ਕੇ ਅਭਿਆਸ ਕਰਦੇ ਹਨ। ਹੇਠਲੀ ਨਿਆਂਪਾਲਿਕਾ ਵਿਚ ਵੀ ਬੁਨਿਆਦੀ ਢਾਂਚੇ ਦੀ ਘਾਟ ਹੈ। ਇਨ੍ਹਾਂ ਥਾਵਾਂ 'ਤੇ ਜੱਜਾਂ ਦੀ ਨਾਕਾਫ਼ੀ ਗਿਣਤੀ ਹੈ, ਸਰਕਾਰੀ ਵਕੀਲਾਂ ਦੀ ਨਾਕਾਫ਼ੀ ਗਿਣਤੀ ਹੈ। ਸਿੱਖਿਅਤ ਵਕੀਲਾਂ ਦੀ ਘਾਟ ਹੈ। ਇਸ ਸਭ ਕਾਰਨ ਸਿਸਟਮ ਵਿਚ ਖਾਮੀਆਂ ਹਨ।

ਜਦੋਂ ਤੁਸੀਂ ਦੂਰ-ਦੁਰਾਡੇ ਦੇ ਖੇਤਰਾਂ ਵਿਚ ਜਾਓਗੇ, ਤਾਂ ਤੁਹਾਨੂੰ ਪਤਾ ਲੱਗੇਗਾ ਕਿ ਹੇਠਲੀਆਂ ਅਦਾਲਤਾਂ ਵਿਚ ਸਿਰਫ਼ ਜੱਜ ਹੀ ਗਵਾਹੀ ਲਿਖਦੇ ਹਨ, ਜਦੋਂਕਿ ਵੱਡੇ ਸ਼ਹਿਰਾਂ ਵਿਚ ਇਸ ਲਈ ਸਟੈਨੋਗ੍ਰਾਫਰ ਹਨ। ਹੇਠਲੀਆਂ ਅਦਾਲਤਾਂ ਵਿਚ ਸਟਾਫ਼ ਅਤੇ ਫਾਈਲ ਪ੍ਰਬੰਧਨ ਵੀ ਇੱਕ ਵੱਡਾ ਮੁੱਦਾ ਹੈ। ਹੇਠਲੀ ਅਦਾਲਤ ਵਿਚ ਨਾਕਾਫ਼ੀ ਵਿਵਸਥਾ ਹੈ। ਸਜ਼ਾ ਸੁਣਾਉਣ ਵਿਚ ਨਾਕਾਫ਼ੀ ਆਧਾਰ ਹੋਣ ਕਾਰਨ, ਬਾਅਦ ਵਿਚ ਉੱਚ ਅਦਾਲਤਾਂ ਵਿਚ ਮੌਤ ਦੀ ਸਜ਼ਾ ਬਦਲ ਦਿੱਤੀ ਜਾਂਦੀ ਹੈ। ਸੁਪਰੀਮ ਕੋਰਟ ਕਾਨੂੰਨ ਦੇ ਮਾਪਦੰਡਾਂ ਦੇ ਆਧਾਰ 'ਤੇ ਹੀ ਮੌਤ ਦੀ ਸਜ਼ਾ ਨੂੰ ਬਦਲਦੀ ਹੈ। ਸੁਪਰੀਮ ਕੋਰਟ ਦੀ ਨਜ਼ਰ ਵਿਚ, ਹੇਠਲੀਆਂ ਅਦਾਲਤਾਂ ਵਿਚ ਕੁਝ ਕਮੀ ਜ਼ਰੂਰ ਆਈ ਹੋਵੇਗੀ। ਤਾਂ ਹੀ ਮੌਤ ਦੀ ਸਜ਼ਾ ਬਰਕਰਾਰ ਨਹੀਂ ਰਹਿ ਸਕਦੀ। ਜਦੋਂ ਕਿਸੇ ਦੂਰ-ਦੁਰਾਡੇ ਦੇ ਖੇਤਰ ਵਿਚ ਕੋਈ ਅਪਰਾਧ ਹੁੰਦਾ ਹੈ, ਤਾਂ ਫੋਰੈਂਸਿਕ ਟੀਮ ਨੂੰ ਪਹੁੰਚਣ ਵਿਚ ਲੰਬਾ ਸਮਾਂ ਲੱਗ ਜਾਂਦਾ ਹੈ। ਅਜਿਹੀਆਂ ਥਾਵਾਂ 'ਤੇ ਪੁਲਿਸ ਨੂੰ ਫੋਰੈਂਸਿਕ ਬਾਰੇ ਕੋਈ ਜਾਣਕਾਰੀ ਨਹੀਂ ਹੈ। ਅਪਰਾਧਿਕ ਮਾਮਲਿਆਂ ਵਿਚ, ਜੇ ਕੋਈ ਮਾਮੂਲੀ ਸ਼ੱਕ ਵੀ ਹੁੰਦਾ ਹੈ, ਭਾਵੇਂ ਪ੍ਰਕਿਰਿਆ ਵਿੱਚ ਜਾਂ ਸਬੂਤ ਇਕੱਠੇ ਕਰਨ ਵਿਚ, ਲਾਭ ਦੋਸ਼ੀ ਨੂੰ ਜਾਂਦਾ ਹੈ। ਪੁਲਿਸ ਵਿਚ ਵੀ ਸੁਧਾਰ ਦੀ ਲੋੜ ਹੈ। ਉਨ੍ਹਾਂ ਨੂੰ ਸਬੂਤ ਇਕੱਠੇ ਕਰਨ ਦਾ ਕਾਫੀ ਗਿਆਨ ਹੋਣਾ ਚਾਹੀਦਾ ਹੈ, ਜਿਵੇਂ ਕਿ ਫੋਰੈਂਸਿਕ। ਨਿਰਪੱਖ ਨਿਆਂ ਲਈ ਪੁਖਤਾ ਸਬੂਤ ਇਕੱਠੇ ਕਰਨੇ ਪੈਣਗੇ। ਇਸ ਵੱਲ ਬਹੁਤ ਗੰਭੀਰਤਾ ਨਾਲ ਧਿਆਨ ਦੇਣ ਦੀ ਲੋੜ ਹੈ।

# ਫਿਲਮ


ਸਤਪਾਲ ਸਿੰਘ ਦਿਓਲ
98781-70771
(Punjab Mail USA)





ਤੀਹ-ਪੈਂਤੀ ਵਰ੍ਹੇ ਪਹਿਲਾਂ ਵੀ.ਸੀ.ਆਰ. ਜਾਂ ਸਿਨੇਮੇ ਵਿਚ ਫਿਲਮਾਂ ਵੇਖਣ ਦਾ ਬੜਾ ਰਿਵਾਜ਼ ਸੀ। ਕਦੇ ਕਦਾਈਂ ਸ਼ਹਿਰ ਜਾਣ ਵਾਲੇ ਲੋਕਾਂ ਨੂੰ ਮਾੜਾ ਮੋਟਾ ਵੀ.ਸੀ.ਆਰ. ਦਾ ਉਹ ਗਿਆਨ ਵੀ ਹੁੰਦਾ ਸੀ, ਜਦੋਂ ਆਮ ਹੀ ਦੁਕਾਨਾਂ ਵਿਚ ਪਰਦੇ ਲਾ ਕੇ ਹਨੇਰਾ ਕਰਕੇ ਸਾਹਮਣੇ ਰੰਗੀਨ ਟੀ.ਵੀ. ਅਤੇ ਵੀ.ਸੀ.ਆਰ. ਲਗਾ ਕੇ ਥੋੜੇ ਪੈਸਿਆਂ ਦੀ ਟਿਕਟ ਵਸੂਲ ਕੇ ਫਿਲਮਾਂ ਵਿਖਾਈਆਂ ਜਾਂਦੀਆਂ ਸੀ। ਉਸ ਵਕਤ ਮਾਰ-ਧਾੜ ਦੀਆਂ ਫਿਲਮਾਂ ਬਹੁਤ ਮਸ਼ਹੂਰ ਹੁੰਦੀਆਂ ਸਨ। ਖਾਸ ਕਰਕੇ ਪੰਜਾਬ ਹਰਿਆਣਾ ਤੇ ਰਾਜਸਥਾਨ ਵਿਚ। ਬਜ਼ੁਰਗ ਫਿਲਮਾਂ ਨੂੰ ਅੱਤ ਮਾੜਾ ਗਿਣਦੇ ਸਨ। ਸਿਨੇਮਾਂ ਤਾਂ ਬਜ਼ੁਰਗਾਂ ਨੂੰ ਜਵਾਨ ਹੁੰਦੇ ਮੁੰਡਿਆਂ ਦੇ ਵਿਗਾੜਨ ਦਾ ਸਾਧਨ ਦਿੱਸਦਾ ਸੀ। ਕੁੜੀਆਂ ਲਈ ਸਿਨੇਮਾਂ ਤਾਂ ਕਿਸੇ ਹੋਰ ਦੁਨੀਆਂ ਵਰਗਾ ਸੀ। ਬੜੇ ਵਾਰ ਕੁੱਟ ਪੈਂਦੀ ਸੀ। ਪਰ ਇੱਕ ਗੱਲ ਉਨ੍ਹਾਂ ਫਿਲਮਾਂ ਦੀ ਚੰਗੀ ਹੁੰਦੀ ਸੀ ਕਿ ਫਿਲਮ ਦੀ ਕਹਾਣੀ ਸਮਝ ਆ ਜਾਂਦੀ ਸੀ। ਹੁਣ ਦੀਆਂ ਫਿਲਮਾਂ ਦੀ ਉਸ ਦੌਰ ਦੇ ਲੋਕਾਂ ਨੂੰ ਸਮਝ ਹੀ ਨਹੀਂ ਆਉਂਦੀ। ਉਸ ਦੌਰ ਤੋਂ ਪਹਿਲਾਂ ਪਿੰਡਾਂ ਵਿਚ ਗ੍ਰਾਮੋਫੋਨ 'ਤੇ ਗੀਤ ਸੁਣਨ ਦਾ ਰਿਵਾਜ਼ ਹੁੰਦਾ ਸੀ। ਪਿੰਡਾਂ ਵਿਚ ਛੋਟੀਆਂ ਫਿਲਮਾਂ ਦਿਖਉਣ ਲਈ ਮੋਢੇ 'ਤੇ ਮਸ਼ੀਨਾਂ ਚੁੱਕ ਕੇ ਚਲਚਿੱਤਰਾਂ ਵਾਲੇ ਆਉਂਦੇ ਹੁੰਦੇ ਸੀ। ਕਿਸੇ ਦੀ ਮਜ਼ਾਲ ਨਹੀਂ ਹੁੰਦੀ ਸੀ, ਘਰੋਂ ਪੁੱਛੇ ਬਗੈਰ ਪੰਜੀ-ਦਸੀ ਲੈ ਕੇ ਚਲਚਿੱਤਰ ਵੇਖ ਲਵੇ।

ਪਹਿਲਾਂ ਵਿਆਹਾਂ ਵਿਚ ਤਵੇ ਵਾਲੇ ਰਿਕਾਰਡ ਸਪੀਕਰਾਂ 'ਤੇ ਵੱਜਦੇ, ਉਸ ਤੋਂ ਬਾਅਦ ਵਾਲੇ ਦੌਰ ਦੇ ਵਿਆਹਾਂ ਵਿਚ ਪਹਿਲਾਂ ਸਿਰਫ ਫੋਟੋਗ੍ਰਾਫੀ ਹੀ ਕਰਾਈ ਜਾਂਦੀ ਸੀ। ਥੋੜੇ ਚਿਰ ਬਾਅਦ ਵੀਡੀਓਗ੍ਰਾਫੀ ਦਾ ਰਿਵਾਜ਼ ਚੱਲ ਪਿਆ। ਚੁਣ-ਚੁਣ ਕੇ ਵੀਡੀਓ ਨਾਲ ਪੰਜਾਬੀ ਗੀਤ ਸਥਿਤੀ ਤੇ ਸਮੇਂ ਦੇ ਹਿਸਾਬ ਨਾਲ ਰਿਕਾਰਡ ਕਰ ਲਏ ਜਾਂਦੇ। ਬੜਾ ਵੱਡਾ ਕਾਰੋਬਾਰ ਸੀ, ਉਸ ਦੌਰ ਦੀ ਵੀਡੀਓਗ੍ਰਾਫੀ ਦਾ। ਵਿਆਹ ਦੀ ਫਿਲਮ ਵੇਖਣ ਦਾ ਚਾਅ ਬਹੁਤ ਹੁੰਦਾ ਸੀ। ਹਰ ਕੋਈ ਆਪਣੇ ਆਪ ਨੂੰ ਉਸ ਫਿਲਮ ਵਿਚ ਵੇਖ ਕੇ ਖੁਸ਼ ਹੁੰਦਾ। ਵਿਆਹ ਦੀ ਫਿਲਮ ਵੇਖਣ ਲਈ ਘਰਾਂ ਵਿਚ ਇਕੱਠ ਹੋ ਜਾਂਦਾ। ਕਿਉਂਕਿ ਇਹ ਸਹੂਲਤ ਕਦੇ ਕਦਾਈਂ ਹੀ ਮਿਲਦੀ ਸੀ। ਕਈਆਂ ਦਾ ਅਸਲ ਮਕਸਦ ਤਾਂ ਵਿਆਹ ਦੀ ਫਿਲਮ ਤੋਂ ਬਾਅਦ ਲਿਆਂਦੀਆਂ ਗਈਆਂ ਫਿਲਮਾਂ ਦੇਖਣਾ ਹੁੰਦਾ। ਬੜੇ ਦਿਨ ਪਹਿਲਾਂ ਸੋਚ ਸਮਝ ਕੇ ਫਿਲਮਾਂ ਦੀ ਚੋਣ ਕੀਤੀ ਜਾਂਦੀ। ਔਰਤਾਂ ਨੂੰ ਤਾਂ ਫਿਲਮਾਂ ਦੇ ਬਾਰੇ ਕੁਝ ਪਤਾ ਹੀ ਨਾ ਹੁੰਦਾ। ਉਸ ਦੌਰ ਵਿਚ ਕਿਸੇ-ਕਿਸੇ ਘਰ ਟੀ.ਵੀ. ਹੁੰਦਾ, ਉਹ ਵੀ ਰੰਗੀਨ ਨਾ ਹੁੰਦਾ। ਜਲੰਧਰ ਦੂਰਦਰਸ਼ਨ ਪੰਜਾਬ ਦੇ ਕੁਝ ਜ਼ਿਲ੍ਹਿਆਂ ਵਿਚ ਹੀ ਚਲਦਾ।

ਇਹ ਸਤਰਾਂ ਲਿਖਣ ਸਮੇਂ ਕੁਝ ਆਪਣੀਆਂ ਯਾਦਾਂ ਜ਼ਰੂਰ ਸਾਂਝੀਆਂ ਕਰਾਂਗਾ। ਸਾਡਾ ਜ਼ਿਲ੍ਹਾ ਉਸ ਸਮੇਂ ਬਠਿੰਡਾ ਹੁੰਦਾ ਸੀ ਤੇ ਹਰਿਆਣਾ ਦੀ ਹੱਦ 'ਤੇ ਆਖਰੀ ਪਿੰਡਾਂ ਦੇ ਅਸੀਂ ਵਸਨੀਕ ਹਾਂ। ਟੈਲੀਵਿਜ਼ਨ ਵਿਚ ਤਾਂ ਸਾਨੂੰ ਲੱਗਦਾ ਸੀ ਕਿ ਸਿਰਫ ਹਿੰਦੀ ਜਾਂ ਅੰਗਰੇਜ਼ੀ ਭਾਸ਼ਾ ਦਾ ਸਮਾਨ ਹੀ ਪਾਇਆ ਜਾਂਦਾ ਹੈ। ਸਾਡੇ ਜ਼ਿਲ੍ਹੇ ਵਿਚ ਕਦੇ ਕਦਾਈਂ ਰਾਤ-ਬਰਾਤੇ ਦਿੱਲੀ ਦੂਰਦਰਸ਼ਨ 'ਤੇ ਇੱਕ ਪ੍ਰੋਗ੍ਰਾਮ "ਕੱਚ ਦੀਆਂ ਮੁੰਦਰਾਂ" ਚੱਲਦਾ ਹੁੰਦਾ ਸੀ, ਜਿਹਨੂੰ ਵੇਖਣ ਲਈ ਤਰਸਦੇ ਰਹਿੰਦੇ ਸੀ। ਦੇਰ ਰਾਤ ਚੱਲਦਾ ਇਹ ਪ੍ਰੋਗਰਾਮ ਕਿਸੇ-ਕਿਸੇ ਦੇ ਨਸੀਬ ਵਿਚ ਹੁੰਦਾ। ਕਈ ਵਾਰ ਬਿਜਲੀ ਨਾ ਆਉਂਦੀ ਤੇ ਕਈ ਵਾਰ ਸੁੱਤੇ ਰਹਿ ਜਾਣਾ। ਆਖਰ ਬਠਿੰਡਾ ਵਿਖੇ ਦੂਰਦਰਸ਼ਨ ਦਾ ਰਿਲੇਅ ਕੇਂਦਰ ਬਣਿਆ ਤੇ ਜਲੰਧਰ ਦੂਰਦਰਸ਼ਨ ਦੇ ਪ੍ਰੋਗਰਾਮ ਪ੍ਰਸਾਰਿਤ ਹੋਣ ਲੱਗੇ। ਸ਼ੁਰੂ-ਸ਼ੁਰੂ ਵਿਚ ਤਾਂ ਪੰਜਾਬੀ ਵਿਚ ਸੰਬੋਧਨ ਕਰਨ ਵਾਲੇ ਟਿੱਪਣੀਕਾਰ ਹੀ ਵੇਖਦੇ ਰਹਿਣਾ। ਚਿੱਤਰਹਾਰ, ਰਮਾਇਣ, ਫਿਰ ਮਹਾਂਭਾਰਤ ਤੇ ਬਹੁਤ ਸਾਰੀਆਂ ਫਿਲਮਾਂ ਟੈਲੀਵਿਜ਼ਨ 'ਤੇ ਵੇਖੀਆਂ ਹੋਣਗੀਆਂ। ਕਾਲੇ ਦੌਰ ਵਿਚ ਰਮਾਇਣ ਤੇ ਮਹਾਂਭਾਰਤ ਦੇ ਸਮੇਂ ਵਾਰਦਾਤਾਂ ਹੁੰਦੀਆਂ ਸੀ। ਕਿਉਂ ਉਸ ਸਮੇਂ ਲੋਕ ਘਰਾਂ ਵਿਚ ਟੈਲੀਵਿਜਨ ਅੱਗੇ ਬੈਠੇ ਹੁੰਦੇ। ਗਲੀਆਂ, ਬਜ਼ਾਰਾਂ ਵਿਚ ਸ਼ਾਂਤੀ ਹੁੰਦੀ।

ਮੈਨੂੰ ਯਾਦ ਹੈ, ਸਾਡੇ ਪਿੰਡ ਵਿਚ ਪਹਿਲੀ ਵਾਰ ਵੀ.ਸੀ.ਆਰ. ਕਿਰਾਏ 'ਤੇ ਮੈਂ ਤੇ ਮੇਰੇ ਇੱਕ ਲੰਗੋਟੀਏ ਯਾਰ (ਜੋ ਅੱਜਕੱਲ੍ਹ ਵਿਦੇਸ਼ ਰਹਿੰਦਾ ਹੈ) ਨੇ ਲਿਆਂਦਾ ਸੀ। ਉਸ ਵਕਤ ਸਭ ਤੋਂ ਪਹਿਲੀ ਫਿਲਮ "ਪੁੱਤ ਜੱਟਾਂ ਦੇ" ਚਲਾਈ ਸੀ। ਮੇਰੇ ਉਸ ਮਿੱਤਰ ਦੇ ਘਰ ਸਾਰਾ ਪਿੰਡ ਫਿਲਮ ਵੇਖਣ ਆਇਆ ਸੀ। ਪਰ ਪੂਰੀ ਫਿਲਮ ਵੇਖੇ ਜਾਣ ਤੋਂ ਪਹਿਲਾਂ ਹੀ ਬੱਤੀ ਚਲੀ ਗਈ ਸੀ। ਅਸੀਂ ਸਾਰੀ ਰਾਤ ਬਿਜਲੀ ਦੇ ਇੰਤਜ਼ਾਰ 'ਚ ਜਾਗ ਕੇ ਕੱਢੀ ਸੀ। ਵੀ.ਸੀ.ਆਰ. ਸ਼ੁਰੂ ਕਰਨ ਤੋਂ ਪਹਿਲਾਂ ਸਾਰੇ ਪੁੱਛਣ ਲੱਗੇ ਕਿ ਕਿਹੜੀਆਂ-ਕਿਹੜੀਆਂ ਫਿਲਮਾਂ ਲਿਆਂਦੀਆਂ ਹਨ। ਅਸੀਂ ਆਪਣੇ ਆਪ ਨੂੰ ਫੌਜ ਦੇ ਕਪਤਾਨ ਤੋਂ ਘੱਟ ਨਹੀਂ ਸਮਝਦੇ ਸੀ। ਇੱਕ ਤੇਜ਼-ਤਰਾਰ ਔਰਤ ਜੋ ਸ਼ਾਇਦ ਇਕੱਲੀ ਸਾਰੇ ਪਿੰਡ ਵਿਚੋਂ ਫਿਲਮਾਂ ਬਾਰੇ ਜਾਣਦੀ ਸੀ, ਨੇ ਪੁੱਛਿਆ ਸੀ ਕਿ "ਨਾਗਿਨ" ਫਿਲਮ ਲਿਆਂਦੀ ਕਿ ਨਹੀਂ। ਇਹ ਉਸ ਵੇਲੇ ਸੱਪ ਦੇ ਡੰਗਣ ਨਿਆਂਈ ਸੀ ਤੇ ਹੈ ਵੀ ਵੱਡੀ ਗੱਲ ਸੀ। ਹੁਣ ਵੀ ਉਹ ਸੁਨਿਹਰੀ ਯਾਦਾਂ ਯਾਦ ਕਰਕੇ ਆਪਣੀਆਂ ਬਚਪਨ ਦੀਆਂ ਯੱਬਲੀਆਂ 'ਤੇ ਹੱਸ ਲਈਦਾ ਹੈ।

ਪਰ ਕਈ ਵਾਰ ਉਸ ਦੌਰ ਦੀਆਂ ਵਿਆਹ ਵਾਲੀਆਂ ਫਿਲਮਾਂ ਦੇਖ ਕੇ ਉਦਾਸ ਤੇ ਬਹੁਤ ਉਦਾਸ ਵੀ ਹੋ ਲਈਦਾ ਹੈ, ਜਦੋਂ ਵੇਖਦੇ ਹਾਂ ਉਸ ਫਿਲਮ ਦੇ ਬਹੁਤ ਸਾਰੇ ਨੱਚਣ-ਟੱਪਣ ਵਾਲੇ ਪਾਤਰ ਇਸ ਦੁਨੀਆਂ ਵਿਚ ਨਹੀਂ। ਉਨ੍ਹਾਂ ਦਾ ਤੁਰ ਜਾਣਾਂ ਖਾਲੀਪਣ ਦਾ ਅਹਿਸਾਸ ਕਰਾ ਜਾਂਦਾ। ਕਦੇ-ਕਦੇ ਕੋਈ ਮਿੱਤਰ ਜੋ ਭਰ ਜਵਾਨੀ ਵਿਚ ਤੁਰ ਗਿਆ ਹੋਵੇ, ਉਹ ਇਨ੍ਹਾਂ ਫਿਲਮਾਂ ਵਿਚ ਭੰਗੜੇ ਪਾਉਂਦਾ ਨਜ਼ਰ ਆ ਜਾਵੇ, ਤਾਂ ਦੁੱਖ ਦਾ ਪਹਾੜ ਟੁੱਟਦਾ ਹੈ। ਆਉਣ ਵਾਲੇ ਸਮੇਂ ਵਿਚ ਵਿਗਿਆਨ ਪਤਾ ਨਹੀਂ ਕੀ ਖੋਜ ਕਰੇਗਾ ਪਰ ਪੁਰਾਣੀਆਂ ਫਿਲਮਾਂ ਦੇ ਉਹ ਪਾਤਰ ਦੁਬਾਰਾ ਆਪਣੀ ਭੂਮਿਕਾ ਨਿਭਾਉਣ ਕਦੇ ਵਾਪਸ ਨਹੀਂ ਪਰਤਣਗੇ।

# ਆਧੁਨਿਕ ਸਿੱਖਿਆ ਪ੍ਰਣਾਲੀ ਵਿਚ ਤਕਨਾਲੋਜੀ ਦੀ ਭੂਮਿਕਾ

ਅਰਵਿੰਦਰ ਸਿੰਘ
ਕੰਪਿਊਟਰ ਫੈਕਲਟੀ
ਸਰਕਾਰੀ ਹਾਈ ਸਕੂਲ ਸੁਨੇਤ, ਲੁਧਿਆਣਾ
ਸੰਪਰਕ: 98727-70727
(Punjab Mail USA)



ਆਧੁਨਿਕ ਸਿੱਖਿਆ ਪ੍ਰਣਾਲੀ ਵਿਚ, ਤਕਨਾਲੋਜੀ ਅਜੋਕੇ ਸਮੇਂ ਵਿਚ ਮਹੱਤਵਪੂਰਨ ਭੂਮਿਕਾ ਨਿਭਾਉਂਦੀ ਹੈ। ਸਮਾਜ ਵਿਚ ਸੰਤੁਲਨ ਬਣਾਈ ਰੱਖਣਾ ਬਹੁਤ ਜ਼ਰੂਰੀ ਹੈ ਅਤੇ ਇਸ ਦਾ ਸਿੱਖਿਆ ਪ੍ਰਣਾਲੀ 'ਤੇ ਯਕੀਨੀ ਤੌਰ 'ਤੇ ਸਕਾਰਾਤਮਕ ਪ੍ਰਭਾਵ ਪਵੇਗਾ। 21ਵੀਂ ਸਦੀ ਵਿਚ, ਹਰ ਚੀਜ਼ ਸਿਰਫ਼ ਇੱਕ ਕਲਿੱਕ ਦੀ ਦੂਰੀ 'ਤੇ ਹੈ, ਜੋ ਕਿ ਬਹੁਤ ਸਾਰਾ ਸਮਾਂ ਬਚਾਉਂਦੀ ਹੈ ਅਤੇ ਸਾਡੇ ਕੰਮ ਨੂੰ ਹੋਰ ਆਸਾਨ ਬਣਾਉਂਦੀ ਹੈ। ਵੱਖ-ਵੱਖ ਆਨਲਾਈਨ ਸਾਧਨਾਂ ਦੇ ਰੂਪ ਵਿਚ ਸਿੱਖਿਆ ਦੇ ਖੇਤਰ ਵਿਚ ਤਕਨਾਲੋਜੀ ਦਾ ਪ੍ਰਭਾਵ ਦੇਖਿਆ ਜਾ ਸਕਦਾ ਹੈ। ਅੱਜਕੱਲ੍ਹ, ਜੇ ਤੁਸੀਂ ਆਪਣੇ ਸ਼ੰਕਿਆਂ ਨੂੰ ਦੂਰ ਕਰਨਾ ਚਾਹੁੰਦੇ ਹੋ ਜਾਂ ਆਪਣੇ ਸਿਲੇਬਸ ਨੂੰ ਜਾਣਨਾ ਚਾਹੁੰਦੇ ਹੋ, ਤਾਂ ਸਭ ਕੁਝ ਆਨਲਾਈਨ ਉਪਲਬਧ ਹੈ। ਹੁਣ, ਸਿੱਖਿਆ ਤਕਨਾਲੋਜੀ ਤੋਂ ਬਿਨਾਂ ਕੁਝ ਵੀ ਨਹੀਂ ਹੈ।

ਸਿੱਖਿਆ ਦੇ ਖੇਤਰ ਵਿਚ ਕਈ ਕਿਸਮਾਂ ਦੀਆਂ ਤਕਨੀਕਾਂ ਵਰਤੀਆਂ ਜਾਂਦੀਆਂ ਹਨ, ਜਿਵੇਂ ਕਿ ਸਮਾਰਟਬੋਰਡ, ਪ੍ਰੋਜੈਕਟਰ, ਕੰਪਿਊਟਰ, ਮੋਬਾਈਲ, ਐੱਲ.ਈ.ਡੀ. ਆਦਿ। ਸਮਾਰਟਬੋਰਡ ਇੱਕ ਇੰਟਰਐਕਟਿਵ ਵ੍ਹਾਈਟਬੋਰਡ ਹੈ, ਜਿਸਦੀ ਵਰਤੋਂ ਅਧਿਆਪਨ ਸਿਖਲਾਈ ਸਾਧਨ ਵਜੋਂ ਕੀਤੀ ਜਾ ਸਕਦੀ ਹੈ। ਅਧਿਆਪਕ ਪ੍ਰੋਜੈਕਟਰ 'ਤੇ ਆਪਣੇ ਅਧਿਆਪਨ ਦੇ ਵਿਸ਼ੇ ਨੂੰ ਸਾਂਝਾ ਕਰ ਸਕਦਾ ਹੈ, ਜੋ ਵਿਦਿਆਰਥੀਆਂ ਨੂੰ ਸੰਕਲਪ ਦਾ ਇੱਕ ਵੱਡਾ ਸੰਸਕਰਣ ਦੇਖਣ ਦੀ ਆਗਿਆ ਦਿੰਦਾ ਹੈ। ਐੱਲ.54 ਦੀ ਵਰਤੋਂ ਨਵੀਨਤਮ ਵਰਤਮਾਨ ਸਮਾਗਮਾਂ ਨੂੰ ਦਿਖਾਉਣ ਲਈ ਕੀਤੀ ਜਾ ਸਕਦੀ ਹੈ, ਜਿਸ ਵਿਚ ਵਿਦਿਆਰਥੀਆਂ ਨੂੰ ਪ੍ਰਧਾਨ ਮੰਤਰੀ ਦੇ ਸੰਬੋਧਨ ਸ਼ਾਮਲ ਹੁੰਦੇ ਹਨ। ਵਿਦਿਆਰਥੀਆਂ ਦੀ ਸਿੱਖਣ ਦੀ ਪ੍ਰਕਿਰਿਆ ਤਕਨੀਕੀ ਤਰੱਕੀ ਦੇ ਨਾਲ ਸਰਲ ਹੋ ਜਾਂਦੀ ਹੈ। ਸਕੂਲਾਂ ਵਿਚ ਤਕਨਾਲੋਜੀ ਦੀ ਵਰਤੋਂ ਕਰਕੇ ਵਿਦਿਆਰਥੀ ਆਸਾਨੀ ਨਾਲ ਧਾਰਨਾਵਾਂ ਸਿੱਖ ਸਕਦੇ ਹਨ ਅਤੇ ਜਿਵੇਂ ਕਿ ਕੰਪਿਊਟਰ ਲੈਬਾਂ ਜਿੱਥੇ ਵਿਦਿਆਰਥੀ ਆਪਣੇ ਦਸਤਾਵੇਜ਼ ਸਟੋਰ ਕਰ ਸਕਦੇ ਹਨ ਅਤੇ ਕਿਸੇ ਵੀ ਸਮੇਂ ਪਹੁੰਚ ਕਰ ਸਕਦੇ ਹਨ। ਅੱਜਕੱਲ੍ਹ ਦਸਤਾਵੇਜ਼ਾਂ ਦੀਆਂ ਅਸਲ ਕਾਪੀਆਂ ਨੂੰ ਸਟੋਰ ਕਰਨ ਲਈ ਡਿਜੀਲੌਕਰ ਵਰਗੀਆਂ ਐਪਲੀਕੇਸ਼ਨ ਉਪਲਬਧ ਹਨ, ਜੋ ਬਹੁਤ ਮਹੱਤਵਪੂਰਨ ਹਨ।






ਇਹ ਸਮਝਣਾ ਹੋਵੇਗਾ ਕਿ ਸੰਕਲਪਾਂ ਦੀ ਵਿਜ਼ੂਅਲ ਵਿਆਖਿਆ ਵਿਦਿਆਰਥੀਆਂ ਲਈ ਸਿੱਖਣ ਨੂੰ ਮਜ਼ੇਦਾਰ ਅਤੇ ਦਿਲਚਸਪ ਬਣਾਉਂਦੀ ਹੈ। ਉਹ ਕਲਾਸਰੂਮ ਵਿਚ ਵੱਧ ਤੋਂ ਵੱਧ ਹਿੱਸਾ ਲੈਣ ਦੇ ਯੋਗ ਹੁੰਦੇ ਹਨ ਅਤੇ ਇੱਥੋਂ ਤੱਕ ਕਿ ਅਧਿਆਪਕਾਂ ਨੂੰ ਵੀ ਆਪਣੀਆਂ ਕਲਾਸਾਂ ਨੂੰ ਵਧੇਰੇ ਇੰਟਰਐਕਟਿਵ ਅਤੇ ਦਿਲਚਸਪ ਬਣਾਉਣ ਦਾ ਮੌਕਾ ਮਿਲਦਾ ਹੈ। ਜਦੋਂ ਰਾਜ ਦੇ ਵੱਖ-ਵੱਖ ਹਿੱਸਿਆਂ ਵਿਚ ਸਕੂਲ, ਵਿਦਿਆਰਥੀ ਕਲਾਸਰੂਮ ਛੱਡਣ ਤੋਂ ਬਿਨਾਂ ਵੀਡੀਓ ਕਾਨਫਰੰਸਿੰਗ ਰਾਹੀਂ ਆਪਣੇ ਹਮਰੁਤਬਾ ਨੂੰ ਮਿਲ ਸਕਦੇ ਹਨ। ਕੁਝ ਸਾਈਟਾਂ ਜਿਵੇਂ ਕਿ www.glovico.com ਦੀ ਵਰਤੋਂ ਵਿਦਿਆਰਥੀਆਂ ਦੇ ਸਮੂਹ ਨੂੰ ਕਿਸੇ ਹੋਰ ਦੇਸ਼ ਦੇ ਅਧਿਆਪਕ ਨਾਲ ਜੋੜ ਕੇ ਵਿਦੇਸ਼ੀ ਭਾਸ਼ਾਵਾਂ ਆਨਲਾਈਨ ਸਿੱਖਣ ਵਿਚ ਵਿਦਿਆਰਥੀਆਂ ਦੀ ਮਦਦ ਕਰਨ ਲਈ ਕੀਤੀ ਜਾਂਦੀ ਹੈ। ਆਨਲਾਈਨ ਡਿਗਰੀ ਪ੍ਰੋਗਰਾਮਾਂ ਦੀ ਸ਼ੁਰੂਆਤ ਨਾਲ ਕਲਾਸਰੂਮ ਵਿਚ ਸਰੀਰਕ ਤੌਰ 'ਤੇ ਮੌਜੂਦ ਹੋਣ ਦੀ ਸ਼ਾਇਦ ਹੀ ਕੋਈ ਲੋੜ ਹੁੰਦੀ ਹੈ। ਇੱਥੋਂ ਤੱਕ ਕਿ ਕਈ ਵਿਦੇਸ਼ੀ ਯੂਨੀਵਰਸਿਟੀਆਂ ਨੇ ਆਨਲਾਈਨ ਡਿਗਰੀ ਕੋਰਸ ਸ਼ੁਰੂ ਕੀਤੇ ਹਨ, ਜਿਨ੍ਹਾਂ ਵਿਚ ਵਿਦਿਆਰਥੀ ਸ਼ਾਮਲ ਹੋ ਸਕਦੇ ਹਨ। ਡਿਸਟੈਂਸ ਲਰਨਿੰਗ ਅਤੇ ਆਨਲਾਈਨ ਸਿੱਖਿਆ ਅੱਜਕੱਲ੍ਹ ਸਿੱਖਿਆ ਪ੍ਰਣਾਲੀ ਦਾ ਬਹੁਤ ਮਹੱਤਵਪੂਰਨ ਹਿੱਸਾ ਬਣ ਗਈ ਹੈ।




ਰਾਸ਼ਟਰੀ ਸਿੱਖਿਆ ਨੀਤੀ 2020, ਜੋ ਕਿ ਭਾਰਤ ਸਰਕਾਰ ਦੁਆਰਾ ਹਾਲ ਹੀ ਵਿਚ ਪੇਸ਼ ਕੀਤੀ ਗਈ ਹੈ, ਦਾ ਉਦੇਸ਼ ਦੇਸ਼ ਵਿਚ ਸਿੱਖਿਆ ਪ੍ਰਣਾਲੀ ਨੂੰ ਸੋਧਣਾ ਅਤੇ ਸਾਰਿਆਂ ਨੂੰ ਮਿਆਰੀ ਸਿੱਖਿਆ ਪ੍ਰਦਾਨ ਕਰਨਾ ਹੈ। ਰਾਸ਼ਟਰੀ ਸਿੱਖਿਆ ਨੀਤੀ 2020 ਵਿਚ ਸਿੱਖਿਆ ਵਿਚ ਤਕਨਾਲੋਜੀ ਦੇ ਏਕੀਕਰਣ ਦੀ ਭੂਮਿਕਾ ਦੇ ਮੁੱਖ ਤੱਤਾਂ ਵਿਚੋਂ ਇੱਕ। ਤਕਨਾਲੋਜੀ ਦੀ ਵਰਤੋਂ ਵਿਦਿਆਰਥੀਆਂ ਨੂੰ ਪ੍ਰਦਾਨ ਕਰਦੇ ਹੋਏ ਸਿੱਖਿਆ ਪ੍ਰਣਾਲੀ ਦੀ ਕੁਸ਼ਲਤਾ ਅਤੇ ਪ੍ਰਭਾਵ ਨੂੰ ਬਿਹਤਰ ਬਣਾਉਣ ਵਿਚ ਮਦਦ ਕਰ ਸਕਦੀ ਹੈ। ਸਰੋਤਾਂ ਦੀ ਇੱਕ ਵਿਸ਼ਾਲ ਸ਼੍ਰੇਣੀ ਤੱਕ ਪਹੁੰਚ ਅਤੇ ਉਨ੍ਹਾਂ ਨੂੰ ਆਪਣੀ ਸ਼ਾਂਤੀ ਨਾਲ ਸਿੱਖਣ ਦੇ ਯੋਗ ਬਣਾਉਣ ਦੇ ਨਾਲ।

ਤਕਨਾਲੋਜੀ ਵਿਦਿਆਰਥੀਆਂ ਨੂੰ ਔਨਲਾਈਨ ਟਿਊਟੋਰਿਅਲਸ, ਵੀਡੀਓਜ਼ ਅਤੇ ਇੰਟਰਐਕਟਿਵ ਗੇਮਾਂ ਵਰਗੇ ਸਰੋਤਾਂ ਦੀ ਇੱਕ ਵਿਸ਼ਾਲ ਸ਼੍ਰੇਣੀ ਤੱਕ ਪਹੁੰਚ ਪ੍ਰਦਾਨ ਕਰਕੇ ਵਿਅਕਤੀਗਤ ਸਿੱਖਣ ਨੂੰ ਸਮਰੱਥ ਬਣਾਉਂਦੀ ਹੈ, ਜੋ ਉਨ੍ਹਾਂ ਦੀਆਂ ਵਿਅਕਤੀਗਤ ਲੋੜਾਂ ਅਤੇ ਸਿੱਖਣ ਦੀਆਂ ਸ਼ੈਲੀਆਂ ਦੇ ਅਨੁਸਾਰ ਬਣਾਈਆਂ ਜਾ ਸਕਦੀਆਂ ਹਨ। ਇਹ ਵਿਦਿਆਰਥੀਆਂ ਨੂੰ ਆਪਣੀ ਰਫਤਾਰ ਨਾਲ ਸਿੱਖਣ ਅਤੇ ਵਿਸ਼ੇ ਦੀ ਉਨ੍ਹਾਂ ਦੀ ਸਮਝ ਨੂੰ ਬਿਹਤਰ ਬਣਾਉਣ ਵਿਚ ਮਦਦ ਕਰ ਸਕਦਾ ਹੈ। ਤਕਨਾਲੋਜੀ ਡਿਜ਼ੀਟਲ ਪਾੜੇ ਨੂੰ ਪੂਰਾ ਕਰਨ ਅਤੇ ਦੂਰ-ਦੁਰਾਡੇ ਅਤੇ ਪਛੜੇ ਖੇਤਰਾਂ ਵਿਚ ਵਿਦਿਆਰਥੀਆਂ ਨੂੰ ਮਿਆਰੀ ਸਿੱਖਿਆ ਤੱਕ ਪਹੁੰਚ ਪ੍ਰਦਾਨ ਕਰਨ ਵਿਚ ਮਦਦ ਕਰ ਸਕਦੀ ਹੈ। ਈ-ਲਰਨਿੰਗ ਪਲੇਟਫਾਰਮਸ ਦੀ ਵਰਤੋਂ ਦੁਆਰਾ ਇਨ੍ਹਾਂ ਖੇਤਰਾਂ ਵਿਚ ਵਿਦਿਆਰਥੀ ਵਿਦਿਅਕ ਸਰੋਤਾਂ ਤੱਕ ਪਹੁੰਚ ਕਰ ਸਕਦੇ ਹਨ ਅਤੇ ਔਨਲਾਈਨ ਕਲਾਸਾਂ ਵਿਚ ਹਿੱਸਾ ਲੈ ਸਕਦੇ ਹਨ, ਭਾਵੇਂ ਉਨ੍ਹਾਂ ਦੇ ਸਥਾਨ ਦੀ ਪਰਵਾਹ ਕੀਤੇ ਬਿਨਾਂ।

ਤਕਨਾਲੋਜੀ ਦੀ ਵਰਤੋਂ ਮੁਲਾਂਕਣ ਅਤੇ ਮੁਲਾਂਕਣ ਪ੍ਰਕਿਰਿਆ ਨੂੰ ਬਿਹਤਰ ਬਣਾਉਣ ਲਈ ਵੀ ਕੀਤੀ ਜਾ ਸਕਦੀ ਹੈ। ਔਨਲਾਈਨ ਟੈਸਟਿੰਗ ਅਤੇ ਮੁਲਾਂਕਣ ਸਾਧਨਾਂ ਦੀ ਵਰਤੋਂ ਨਾਲ, ਅਧਿਆਪਕ ਆਸਾਨੀ ਨਾਲ ਵਿਦਿਆਰਥੀ ਦੀ ਪ੍ਰਗਤੀ ਦਾ ਮੁਲਾਂਕਣ ਕਰ ਸਕਦੇ ਹਨ ਅਤੇ ਫੀਡਬੈਕ ਪ੍ਰਦਾਨ ਕਰ ਸਕਦੇ ਹਨ, ਜੋ ਵਿਦਿਆਰਥੀ ਦੀ ਸਿਖਲਾਈ ਅਤੇ ਪ੍ਰਦਰਸ਼ਨ ਨੂੰ ਬਿਹਤਰ ਬਣਾਉਣ ਵਿਚ ਮਦਦ ਕਰ ਸਕਦਾ ਹੈ। ਤਕਨਾਲੋਜੀ ਸਹਿਯੋਗੀ ਸਿੱਖਣ ਦੀ ਸਹੂਲਤ ਪ੍ਰਦਾਨ ਕਰ ਸਕਦੀ ਹੈ ਅਤੇ ਵਿਦਿਆਰਥੀਆਂ ਵਿਚਕਾਰ ਟੀਮ ਵਰਕ ਨੂੰ ਉਤਸ਼ਾਹਿਤ ਕਰ ਸਕਦੀ ਹੈ। ਵਰਚੁਅਲ ਕਲਾਸਰੂਮਾਂ ਅਤੇ ਔਨਲਾਈਨ ਸਹਿਯੋਗੀ ਸਾਧਨਾਂ ਦੀ ਵਰਤੋਂ ਦੁਆਰਾ, ਵਿਦਿਆਰਥੀ ਪ੍ਰੋਜੈਕਟਾਂ 'ਤੇ ਇਕੱਠੇ ਕੰਮ ਕਰ ਸਕਦੇ ਹਨ, ਵਿਚਾਰਾਂ ਅਤੇ ਸਰੋਤਾਂ ਨੂੰ ਸਾਂਝਾ ਕਰ ਸਕਦੇ ਹਨ ਅਤੇ ਆਪਣੇ ਸਾਥੀਆਂ ਅਤੇ ਅਧਿਆਪਕਾਂ ਤੋਂ ਫੀਡਬੈਕ ਪ੍ਰਾਪਤ ਕਰ ਸਕਦੇ ਹਨ।

ਤਕਨੀਕੀ ਵਿਕਾਸ ਜਿਵੇਂ ਕਿ ਡਿਜੀਟਲ ਕੈਮਰੇ, ਪ੍ਰੋਜੈਕਟਰ, ਦਿਮਾਗ ਸਿਖਲਾਈ ਸੌਫਟਵੇਅਰ, ਕੰਪਿਊਟਰ, ਪਾਵਰਪੁਆਇੰਟ ਪੇਸ਼ਕਾਰੀਆਂ, 34 ਵਿਜ਼ੂਅਲਾਈਜ਼ੇਸ਼ਨ ਟੂਲ; ਇਹ ਸਭ ਅਧਿਆਪਕਾਂ ਲਈ ਇੱਕ ਸੰਕਲਪ ਨੂੰ ਆਸਾਨੀ ਨਾਲ ਸਮਝਣ ਵਿਚ ਵਿਦਿਆਰਥੀਆਂ ਦੀ ਮਦਦ ਕਰਨ ਲਈ ਵਧੀਆ ਸਰੋਤ ਬਣ ਗਏ ਹਨ। ਤਕਨਾਲੋਜੀ ਵਿਦਿਆਰਥੀਆਂ ਦੀ ਪ੍ਰਗਤੀ ਨੂੰ ਟਰੈਕ ਕਰਨ ਅਤੇ ਫੈਸਲੇ ਲੈਣ ਦੀ ਜਾਣਕਾਰੀ ਦੇਣ ਲਈ ਡੇਟਾ ਦੇ ਪ੍ਰਬੰਧਨ ਅਤੇ ਵਿਸ਼ਲੇਸ਼ਣ ਵਿਚ ਵੀ ਮਦਦ ਕਰ ਸਕਦੀ ਹੈ। ਇਹ ਸਕੂਲਾਂ ਅਤੇ ਵਿਦਿਅਕ ਸੰਸਥਾਵਾਂ ਨੂੰ ਆਪਣੇ ਕੰਮਕਾਜ ਨੂੰ ਬਿਹਤਰ ਬਣਾਉਣ ਅਤੇ ਵਿਦਿਆਰਥੀਆਂ ਅਤੇ ਮਾਪਿਆਂ ਨੂੰ ਬਿਹਤਰ ਸੇਵਾਵਾਂ ਪ੍ਰਦਾਨ ਕਰਨ ਵਿਚ ਮਦਦ ਕਰ ਸਕਦਾ ਹੈ। ਤਕਨਾਲੋਜੀ ਦੀ ਵਰਤੋਂ ਅਧਿਆਪਕਾਂ ਲਈ ਪੇਸ਼ੇਵਰ ਵਿਕਾਸ ਦੇ ਮੌਕੇ ਪ੍ਰਦਾਨ ਕਰਨ ਲਈ ਕੀਤੀ ਜਾ ਸਕਦੀ ਹੈ, ਜਿਵੇਂ ਕਿ ਔਨਲਾਈਨ ਸਿਖਲਾਈ ਪ੍ਰੋਗਰਾਮ, ਵੈਬੀਨਾਰ ਅਤੇ ਅਭਿਆਸ ਦੇ ਔਨਲਾਈਨ ਭਾਈਚਾਰਿਆਂ। ਇਹ ਅਧਿਆਪਕਾਂ ਨੂੰ ਅਧਿਆਪਨ ਦੇ ਨਵੀਨਤਮ ਤਰੀਕਿਆਂ ਅਤੇ ਰਣਨੀਤੀਆਂ ਨਾਲ ਆਧੁਨਿਕ ਰਹਿਣ ਵਿਚ ਮਦਦ ਕਰ ਸਕਦਾ ਹੈ ਅਤੇ ਉਨ੍ਹਾਂ ਦੁਆਰਾ ਵਿਦਿਆਰਥੀਆਂ ਨੂੰ ਪ੍ਰਦਾਨ ਕੀਤੀ ਸਿੱਖਿਆ ਦੀ ਗੁਣਵੱਤਾ ਵਿਚ ਸੁਧਾਰ ਕਰ ਸਕਦਾ ਹੈ।

# ਅਪੀਲ

ਹਰਦੀਪ ਸਿੰਘ ਸੋਢੀ ਨਡਾਲਾ
ਫੀਨਿਕਸ
480-794-0325
sodhi1960@yahoo.com
(Punjab Mail USA



ਇਹ ਅਪੀਲ ਉਨ੍ਹਾਂ ਮਾਪਿਆਂ, ਭੈਣਾਂ, ਭਰਾਵਾਂ ਅਤੇ ਔਰਤਾਂ ਨੂੰ ਹੈ, ਜਿਨ੍ਹਾਂ ਦੇ ਬੱਚੇ, ਭਰਾ ਜਾਂ ਸਿਰ ਦੇ ਸਾਈਂ ਨਸ਼ਿਆਂ ਦੀ ਦਲਦਲ ਵਿਚ ਫਸ ਚੁੱਕੇ ਹਨ। ਦੋਸਤੋ, ਜੋ ਵਿਅਕਤੀ ਨਸ਼ੇ ਕਰਨ ਲੱਗ ਪਿਆ, ਖਾਸ ਕਰਕੇ ਸਿੰਥੈਟਿਕ ਡਰੱਗ ਵਾਲੇ ਸਪੈਸ਼ਲ ਧਿਆਨ ਦੇਣ (ਸ਼ਰਾਬ, ਅਫੀਮ, ਡੋਡੇ, ਭੁੱਕੀ, ਭੰਗ ਵੀ ਨਸ਼ੇ ਹਨ ਅਤੇ ਇਨ੍ਹਾਂ ਤੋਂ ਬਚਣਾ ਵੀ ਅਤਿ ਜ਼ਰੂਰੀ ਹੈ) ਪਰ ਇਨ੍ਹਾਂ ਨਸ਼ਿਆਂ ਦਾ ਸੇਵਨ ਕਰਨ ਵਾਲਿਆਂ ਨੂੰ ਇਕਦਮ ਖਤਰਾ ਏ ਜਾਨ ਨਹੀਂ ਹੁੰਦਾ। ਇਨ੍ਹਾਂ ਦੀ ਨਿਸਬਤ ਸਿੰਥੈਟਿਕ ਡਰੱਗ ਵਾਲੇ ਤਾਂ ਮਿੰਟਾਂ ਵਿਚ ਹੀ ਖਤਮ ਹੋ ਜਾਂਦੇ ਹਨ। ਨਸ਼ੇ ਕਰਨ ਵਾਲਾ ਵਿਅਕਤੀ ਤਾਂ ਬਦਕਿਸਮਤ ਹੁੰਦਾ ਹੀ ਹੈ, ਜਦਕਿ ਉਸ ਦੇ ਵਾਰਸ ਅਤੇ ਉਸ ਉੱਪਰ ਡਿਪੈਂਡੈਂਟ ਵੀ ਡਾਢੀ ਬਦਕਿਸਮਤੀ ਦਾ ਸ਼ਿਕਾਰ ਹੁੰਦੇ ਹਨ। ਇਸ ਕਰਕੇ ਮੇਰੀ ਇਹ ਬੇਨਤੀ ਵੀ ਉਨ੍ਹਾਂ ਬਦਕਿਸਮਤ ਪੀੜਤਾਂ ਨੂੰ ਹੈ ਕਿ ਸਿੰਥੈਟਿਕ ਡਰੱਗ 'ਤੇ ਲੱਗਣ ਵਾਲੇ ਵਿਅਕਤੀ ਦੀ ਜ਼ਿੰਦਗੀ ਤਾਂ ਕਾਫੀ ਹੱਦ ਤੱਕ ਹਾਸ਼ੀਏ 'ਤੇ ਚਲੀ ਜਾਂਦੀ ਹੈ। ਫਿਰ ਵੀ ਕੁਝ ਭਾਗਾਂ ਵਾਲੇ ਹੀ ਇਸ ਦਲਦਲ ਵਿਚੋਂ ਨਿਕਲਣ ਵਿਚ ਕਾਮਯਾਬ ਹੁੰਦੇ ਹਨ। ਇਸ ਲਈ ਕੋਸ਼ਿਸ਼ ਕਰਨੀ ਚਾਹੀਦੀ ਹੈ ਕਿ ਹਰ ਹੀਲੇ ਇਸ ਨਸ਼ੇ ਦੇ ਮੌਤ ਰੂਪੀ ਪੰਜੇ ਵਿਚੋਂ ਆਪਣੇ ਪਿਆਰਿਆਂ ਨੂੰ ਕੱਢਣ ਦੀ ਪੂਰੀ ਵਾਹ ਲਾਈਏ ਅਤੇ ਯਤਨ ਕਰੀਏ। ਮੇਰਾ ਕਹਿਣ ਦਾ ਇਹ ਹਰਗਿਜ਼ ਮਤਲਬ ਨਹੀਂ ਕਿ ਲੋਕ ਵਾਹ ਨਹੀਂ ਲਾਉਂਦੇ, ਸਾਰੇ ਲੋਕ ਆਪਣੀ ਹਸਬ-ਹਸਤੀ ਅਤੇ ਪਹੁੰਚ ਅਨੁਸਾਰ ਕੋਸ਼ਿਸ਼ ਕਰਨ ਵਿਚ ਢਿੱਲ ਨਹੀਂ ਵਿਖਾਉਂਦੇ ਪਰ ਇੱਕ ਗਲਤੀ ਕਰ ਜਾਂਦੇ ਹਨ ਕਿ ਨਸ਼ੇ 'ਤੇ ਲੱਗੇ ਵਿਅਕਤੀ ਨੂੰ ਪਿਆਰ ਨਾਲ ਪੇਸ਼ ਨਹੀਂ ਆਉਂਦੇ ਜਾਂ ਬਹੁਤ ਘੱਟ ਆਉਂਦੇ ਹਨ। ਉਨ੍ਹਾਂ ਨਾਲ ਸਖ਼ਤੀ ਨਾਲ ਪੇਸ਼ ਆਇਆ ਜਾਂਦਾ ਹੈ, ਬੰਨ੍ਹਿਆ ਜਾਂ ਡੱਕਿਆ ਜਾਂਦਾ ਹੈ, ਕੁੱਟਮਾਰ ਵੀ ਕੀਤੀ ਜਾਂਦੀ ਹੈ, ਜਿਸ ਨਾਲ ਨਸ਼ੇੜੀ ਦੀ ਹਾਲਤ ਹੋਰ ਵਿਗੜਨ ਲੱਗਦੀ ਹੈ। ਮੇਰੀ ਸੋਚ ਅਨੁਸਾਰ ਜੇ ਨਸ਼ਾ ਕਰਨ ਵਾਲੇ ਵਿਅਕਤੀ ਨੂੰ ਪਿਆਰ ਨਾਲ ਸਮਝਾਇਆ ਜਾਵੇ ਕਿ ਜੇ ਤੂੰ ਇਸ ਕੋਹੜ ਤੋਂ ਛੁਟਕਾਰਾ ਪਾ ਲਵੇਂ, ਤਾਂ ਇਸ ਤੋਂ ਵੱਡੀ ਕੋਈ ਪ੍ਰਾਪਤੀ ਨਹੀਂ ਹੈ ਪਰ ਜੇ ਤੂੰ ਨਹੀਂ ਵੀ ਛੱਡ ਸਕਦਾ, ਤਾਂ ਘੱਟੋ-ਘੱਟ ਘਰੇ ਬਹਿ ਕੇ ਸਾਡੇ ਸਾਹਮਣੇ ਨਸ਼ਾ ਕਰ ਲਿਆ ਕਰ, ਤਾਂ ਜੋ ਲੋੜ ਪੈਣ 'ਤੇ ਤੇਰੀ ਮਦਦ ਕੀਤੀ ਜਾ ਸਕੇ। ਦੋਸਤੋ, ਇਸ ਜ਼ਹਿਰ ਦਾ ਸੇਵਨ ਚੋਰੀ-ਛੁੱਪੇ ਕਰਨ ਵਾਲੇ ਸੌ ਫ਼ੀਸਦੀ ਮੌਤ ਦੇ ਮੂੰਹ ਵਿਚ ਚਲੇ ਜਾਂਦੇ ਹਨ ਪਰ ਜੇ ਘਰ ਵਿਚ ਬਹਿ ਕੇ ਨਸ਼ੇ ਕਰਨ ਤਾਂ ਇਹ ਅੱਧੋ-ਅੱਧ ਲੋਕ ਬਚ ਸਕਦੇ ਹਨ। ਲੁੱਕ-ਛਿੱਪ ਕੇ ਜਾਂ ਚੋਰੀ ਨਸ਼ਾ ਕਰਨ ਅਤੇ ਆਰਾਮ ਨਾਲ ਕਰਨ ਵਿਚ ਜ਼ਮੀਨ-ਅਸਮਾਨ ਦਾ ਫਰਕ ਹੁੰਦਾ ਹੈ। ਨਸ਼ੇ ਦਾ ਮਿਆਰ, ਨਸ਼ੇ ਦੀ ਵਰਤੋਂ ਦਾ ਢੰਗ, ਸਾਫ-ਸਫਾਈ ਦਾ ਧਿਆਨ, ਪ੍ਰਾਪਰ ਸਮਾਂ ਅਤੇ ਸਾਫ-ਸਫਾਈ, ਨਵੀਂ ਸਰਿੰਜ ਅਤੇ ਨਵੀਂ ਸੂਈ ਬਹੁਤ ਕਝ ਮਾਇਨੇ ਰੱਖਦਾ ਹੈ। ਸੋਚ ਕੇ ਵੇਖੋ, ਜੇ ਕੋਈ ਨਸ਼ੇ ਦਾ ਧੂੰਆਂ ਲੈਂਦਾ ਹੈ, ਕਾਹਲੀ ਨਾਲ ਤੀਹ ਸਕਿੰਟ ਵਿਚ ਧੂੰਆਂ ਅੰਦਰ ਖਿੱਚ ਕੇ ਭੱਜਣ ਦੀ ਕਰੇਗਾ ਕਿ ਕੋਈ ਉਤੋਂ ਆ ਨਾ ਜਾਵੇ ਅਤੇ ਮੈਂ ਫੜਿਆ ਨਾ ਜਾਵਾਂ, ਜੇ ਉਹੀ ਧੂੰਆਂ ਉਹ ਤਿੰਨ-ਚਾਰ ਮਿੰਟ ਵਿਚ ਲਵੇਗਾ, ਤਾਂ ਫਰਕ ਤੁਸੀਂ ਸਹਿਜੇ ਹੀ ਸਮਝ ਜਾਉਗੇ। ਦੂਜੀ ਗੱਲ ਅਖ਼ਬਾਰਾਂ 'ਚ ਪੜ੍ਹਨ ਉਪਰੰਤ ਪਤਾ ਲੱਗਾ ਹੈ ਕਿ ਪੰਜਾਬ ਵਿਚ ਨਸ਼ੇ ਦੀ ਪੂਰਤੀ ਲਈ ਫੈਂਟਾਨਿਲ ਦੇ ਟੀਕੇ ਵੀ ਲਾਏ ਜਾਂਦੇ ਹਨ, ਜੋ ਕਿ ਫੈਂਟਾਨਿਲ ਇਨਸਾਨ ਦੇ ਵਰਤਣ ਵਾਲੀ ਸ਼ੈਅ ਹੈ ਹੀ ਨਹੀਂ। ਇਸ ਦਾ ਦਸ ਐੱਮ.ਐੱਲ. ਦਾ ਟੀਕਾ ਹਾਥੀ ਨੂੰ ਬੇਹੋਸ਼ ਕਰਨ ਲਈ ਲਾਇਆ ਜਾਂਦਾ ਹੈ ਅਤੇ ਸਾਡੇ ਯੋਧੇ ਦਸ ਐੱਮ.ਐੱਲ. ਦਾ ਟੀਕਾ ਆਪਣੇ ਆਪ ਨੂੰ ਠੋਕ ਲੈਂਦੇ ਹਨ। ਦੂਜੇ ਦਿਨ ਅਖਬਾਰਾਂ ਵਿਚ ਉਸ ਦੇ ਸਕੇ-ਸਬੰਧੀਆਂ ਦੇ ਵੈਣ ਕਹਿ ਰਹੇ ਹੁੰਦੇ ਹਨ ਕਿ ਸਰਿੰਜ ਬਾਂਹ ਵਿਚ ਹੀ ਰਹਿ ਗਈ, ਉਹ ਭਾਈ ਏਨੀ ਜ਼ਬਰਦਸਤ ਡੋਜ਼ ਨਾਲ ਹੋਰ ਕੀ ਹੋਣਾ ਹੁੰਦਾ ਹੈ? ਜੇ ਕਿਸੇ ਦਾ ਪ੍ਰੀਵਾਰ ਆਪਣੇ ਨਸ਼ੇੜੀ ਬੱਚੇ ਨੂੰ ਇਹ ਕੰਮ ਘਰ ਬਹਿ ਕੇ ਕਰਨ ਵਾਸਤੇ ਰਾਜ਼ੀ ਕਰ ਲਵੇ, ਤਾਂ ਯਕੀਨਨ ਉਹ ਬੱਚਾ ਨਸ਼ੇ ਛੱਡ ਵੀ ਦੇਵੇਗਾ, ਕਿਉਂਕਿ ਉਸ ਨੂੰ ਮੌਰਲ ਸੁਪੋਰਟ ਮਿਲੇਗੀ, ਹਮਦਰਦੀ ਮਿਲੇਗੀ, ਸ਼ਾਇਦ ਮਾਪਿਆਂ ਜਾਂ ਬੱਚਿਆਂ 'ਤੇ ਤਰਸ ਕਰਕੇ ਉਹ ਨਸ਼ੇ ਛੱਡਣ ਦਾ ਮਨ ਬਣਾ ਲਵੇ। ਦੂਜਾ ਇਹ ਕੇ ਓਵਰਡੋਜ਼ ਹੋਣ 'ਤੇ ਡਾਕਟਰੀ ਸਹਾਇਤਾ ਮਿਲੇਗੀ, ਜਿਸ ਦੀ ਅਜਿਹੇ ਹਾਲਾਤਾਂ ਵਿਚ ਸਖਤ ਲੋੜ ਹੁੰਦੀ ਹੈ, ਬੀਤੇ ਦਿਨੀਂ ਸਾਡੇ ਇਲਾਕੇ ਦੇ ਦੋ ਨੌਜਵਾਨ ਇਸੇ ਤਰ੍ਹਾਂ ਸਰਿੰਜਾਂ ਬਾਹਾਂ ਵਿਚ ਲੱਗੀਆਂ 'ਤੇ ਹੀ ਮੌਤ ਦੇ ਮੂੰਹ ਵਿਚ ਜਾ ਪਏ। ਅੱਜ ਉਨ੍ਹਾਂ ਦੇ ਬੱਚਿਆਂ ਅਤੇ ਵਾਰਸਾਂ ਦਾ ਰੋ-ਰੋ ਬੁਰਾ ਹਾਲ ਹੈ। ਨਸ਼ੇ ਵੇਚਣ ਵਾਲਿਆਂ ਨੂੰ ਸਿਰਫ ਪੈਸਾ ਚਾਹੀਦਾ ਹੁੰਦਾ ਹੈ, ਉਸ ਨੂੰ ਪੈਸੇ ਤੋਂ ਛੁੱਟ ਕੁਝ ਨਹੀਂ ਚਾਹੀਦਾ ਹੁੰਦਾ। ਉਨ੍ਹਾਂ ਵੱਲੋਂ ਨਸ਼ੇ ਕਰਨ ਵਾਲਾ ਬਚੇ ਜਾਂ ਮਰੇ, ਨਸ਼ੇ ਦਾ ਵਿਕਰੇਤਾ ਅੰਨ੍ਹਾ ਨਹੀਂ ਹੁੰਦਾ, ਪਤਾ ਉਸ ਨੂੰ ਵੀ ਹੁੰਦਾ ਹੈ ਕਿ ਮੈਂ ਮੌਤ ਵੇਚ ਅਤੇ ਵੰਡ ਰਿਹਾ ਹਾਂ ਪਰ ਉਸ ਦੇ ਅੰਦਰ ਦਾ ਹਲਕਾਇਆ ਹੋਇਆ ਲੋਭੀ ਕੁੱਤਾ ਉਸ ਦੀਆਂ ਅੱਖਾਂ ਉੱਤੇ ਕਾਲੀ ਪੱਟੀ ਬੰਨ੍ਹ ਕੇ ਰੱਖਦਾ ਹੈ। ਇੱਕ ਵਾਰ ਫਿਰ ਸੋਚੋ ਉਹ ਦੋਵੇਂ ਨੌਜਵਾਨ ਘਰ ਝੂਠ ਬੋਲ ਕੇ ਗਏ ਕਿ ਅਸੀਂ ਕਿਸੇ ਕੰਮ ਜਾ ਰਹੇ ਹਾਂ ਅਤੇ ਕਾਹਲੀ ਵਿਚ ਜੋ ਖੇਹ ਸਵਾਹ ਮਿਲਿਆ, ਉਸ ਦਾ ਸੇਵਨ ਕਰਕੇ ਮੌਤ ਦੇ ਮੂੰਹ ਵਿਚ ਜਾ ਪਏ। ਜੇ ਇਹ ਨਸ਼ੇ ਇਨ੍ਹਾਂ ਨੇ ਘਰਦਿਆਂ ਦੀ ਮੌਜੂਦਗੀ ਵਿਚ ਕੀਤੇ ਹੁੰਦੇ, ਤਾਂ ਸ਼ਾਇਦ ਬਚ ਜਾਂਦੇ। ਇਥੇ ਸੋਚਣ ਵਾਲੀ ਗੱਲ ਇਹ ਹੈ ਕਿ ਇਹ ਮੌਤਾਂ ਦੋ ਨਹੀਂ ਹੋਈਆਂ, ਜੋ ਪ੍ਰੀਵਾਰ ਪਿੱਛੇ ਬਚਿਆ ਹੈ ਹਾਲ ਦੀ ਘੜੀ ਆਪਾਂ ਉਸ ਨੂੰ ਵੀ ਜਿਉਂਦਿਆਂ ਵਿਚ ਕਿਵੇਂ ਸ਼ੁਮਾਰ ਕਰ ਸਕਦੇ ਹਾਂ? ਉਨ੍ਹਾਂ ਦੇ ਬਜ਼ੁਰਗ ਮਾਤਾ-ਪਿਤਾ, ਛੋਟੇ-ਛੋਟੇ ਬੱਚੇ, ਨੌਜਵਾਨ ਬੀਵੀਆਂ ਵੀ ਮੋਇਆਂ ਵਾਂਗ ਹੋ ਗਏ, ਕੌਣ ਸੁਣੇਗਾ ਉਨ੍ਹਾਂ ਦੀਆਂ ਅੰਬਰ ਚੀਰਦੀਆਂ ਚੀਕਾਂ ਨੂੰ? ਆਪਾਂ ਜੇ ਇਨ੍ਹਾਂ ਨੂੰ ਹੀ ਮਿਸਾਲ ਬਣਾ ਕੇ ਚੱਲੀਏ ਕਿ ਜੇ ਇਨ੍ਹਾਂ ਨੂੰ ਘਰੋਂ ਇਜਾਜ਼ਤ ਹੁੰਦੀ ਕਿ ਘਰੇ ਬਹਿ ਕੇ ਬਰਬਾਦੀ ਦੀ ਪੌੜੀ ਚੜ੍ਹ ਲਵੋ, ਤਾਂ ਸ਼ਾਇਦ ਬਚ ਜਾਂਦੇ ਜਾਂ ਝਟਕਾ ਲੱਗਣ ਉਪਰੰਤ ਤੌਬਾ ਕਰ ਜਾਂਦੇ। ਮੇਰਾ ਇਥੇ ਕਹਿਣ ਦਾ ਇਹ ਮਤਲਬ ਹਰਗਿਜ਼ ਨਾ ਕੱਢ ਲੈਣਾ ਕਿ ਹਰ ਬੰਦਾ ਘਰਦਿਆਂ 'ਤੇ ਦਬਾਅ ਬਣਾ ਲਵੇ ਅਤੇ ਘਰ ਦੇ ਉਸ ਨੂੰ ਇਜਾਜ਼ਤ ਦੇ ਦੇਣ, ਇਹ ਆਪਸ਼ਨ ਸਿਰਫ ਉਨ੍ਹਾਂ ਨੂੰ ਬਚਾਉਣ ਵਾਸਤੇ ਹੈ, ਜੋ ਇਸ ਦਲਦਲ ਵਿਚ ਗਰਕ ਚੁੱਕੇ ਹਨ ਅਤੇ ਉਨ੍ਹਾਂ ਨੂੰ ਆਸ ਦੀ ਕਿਰਨ ਦਿਖਾਈ ਜਾ ਸਕੇ॥


# ਸ਼ਿਵਚਰਨ ਜੱਗੀ ਕੁੱਸਾ "ਐੱਨ.ਆਰ.ਆਈ" (ਨੈਵਰ ਰਿਪੀਟ ਇੱਟ) ਹਿੰਦੀ ਵੈੱਬ ਸੀਰੀਜ਼ ਲੈ ਕੇ ਹਾਜ਼ਰ

## ਫ਼ਿਲਮੀ ਦੁਨੀਆਂ

-ਕੇ. ਸਵਰਾਜ
(Punjab Mail USA)

ਫ਼ਿਲਮੀਂ ਦੁਨੀਆਂ ਇੱਕ ਠਾਠ-ਬਾਠ ਵਾਲੀ ਦੁਨੀਆਂ ਹੈ। ਜੇ 'ਬਾਲੀਵੁੱਡ' ਦੀ ਵੀ ਗੱਲ ਕਰੀਏ, ਤਾਂ ਸਾਡੇ ਪੰਜਾਬੀ ਭਾਈਚਾਰੇ ਨੇ ਇਸ ਵਿਚ ਬੜਾ ਯੋਗਦਾਨ ਪਾਇਆ ਹੈ। ਧਰਮਿੰਦਰ ਤੋਂ ਲੈ ਕੇ ਦਿਲਜੀਤ ਦੁਸਾਂਝ ਤੱਕ ਪੰਜਾਬੀਆਂ ਨੇ ਮੁੰਬਈ ਦੀ ਫ਼ਿਲਮ ਨਗਰੀ ਵਿਚ ਖ਼ੂਬ ਮੱਲ੍ਹਾਂ ਮਾਰੀਆਂ ਅਤੇ ਪੰਜਾਬ ਦਾ ਨਾਂ ਰੌਸ਼ਨ ਕੀਤਾ। ਚਾਹੇ ਕੁਝ ਕੁ 'ਕਮਰਸ਼ਲ' ਬੰਦਿਆਂ ਨੇ ਸਿਰਫ਼ ਇੱਕ ਵਿਸ਼ੇ ਨੂੰ ਲੈ ਕੇ ਹੀ ਅਨੇਕਾਂ ਫ਼ਿਲਮਾਂ ਬਣਾ ਧਰੀਆਂ। ਕਈਆਂ ਨੇ ਇੰਗਲੈਂਡ ਵਰਗੇ ਮੁਲਕ ਤੋਂ "ਸਬਸਿਡੀ" ਦਾ ਲਾਹਾ ਲੈਣ ਲਈ ਧੜਾਧੜ ਫ਼ਿਲਮਾਂ ਬਣਾਈਆਂ ਅਤੇ ਕਈਆਂ ਉਪਰ "ਕਬੂਤਰਬਾਜ਼ੀ" ਕਰਨ ਦੀਆਂ ਉਂਗਲਾਂ ਵੀ ਉਠੀਆਂ। ਜੇ ਆਪਾਂ ਪੰਜਾਬੀ ਲੇਖਕਾਂ ਦੀ ਗੱਲ ਕਰੀਏ, ਤਾਂ ਬਹੁਤ ਘੱਟ ਪੰਜਾਬੀ ਲੇਖਕਾਂ ਨੂੰ ਮੁੰਬਈ ਦੀ ਫ਼ਿਲਮ ਨਗਰੀ ਵਿਚ ਆਪਣੀ ਕਿਸਮਤ ਅਜ਼ਮਾਉਣ ਦਾ ਮੌਕਾ ਮਿਲਿਆ।

ਬਹੁ ਵਿਧਾਵਾਂ ਵਿਚ ਲਿਖਣ ਵਾਲਾ ਮਸ਼ਹੂਰ ਨਾਵਲਕਾਰ ਸ਼ਿਵਚਰਨ ਜੱਗੀ ਕੁੱਸਾ ਇੱਕ ਅਜਿਹਾ ਪੰਜਾਬੀ ਲੇਖਕ ਹੈ, ਜੋ ਆਪਣੇ ਬਹੁ-ਚਰਚਿਤ ਨਾਵਲ "ਪੁਰਜਾ ਪੁਰਜਾ ਕਟਿ ਮਰੈ" ਨਾਲ ਰਾਤੋ-ਰਾਤ ਦੁਨੀਆਂ ਭਰ ਵਿਚ ਮਸ਼ਹੂਰ ਹੋਇਆ ਅਤੇ ਮੁੜ ਉਸ ਨੇ ਪਿੱਛੇ ਮੁੜ ਕੇ ਨਹੀਂ ਦੇਖਿਆ। 2010 ਵਿਚ ਬਣੀ ਫ਼ਿਲਮ "ਸਾਡਾ ਹੱਕ" ਤੋਂ ਉਸ ਨੇ ਮੁੰਬਈ ਦੀ ਫ਼ਿਲਮ ਨਗਰੀ ਵਿਚ ਕਦਮ ਰੱਖਿਆ। 'ਸਾਡਾ ਹੱਕ' ਤੋਂ ਲੈ ਕੇ 'ਤੂਫ਼ਾਨ ਸਿੰਘ' ਵਰਗੀਆਂ ਫ਼ਿਲਮਾਂ ਵਿਚ ਆਪਣਾ ਲਿਖਤੀ ਯੋਗਦਾਨ ਪਾਉਣ ਤੋਂ ਬਾਅਦ ਹੁਣ ਉਹ ਆਪਣੀ ਲਿਖੀ ਹਿੰਦੀ ਵੈੱਬ ਸੀਰੀਜ਼ "ਐੱਨ.ਆਰ.ਆਈ" ਬਣਾਉਣ ਵਿਚ ਰੁੱਝਿਆ ਹੋਇਆ ਹੈ, ਜੋ ਕਿ "ਨੈੱਟਫ਼ਲੀਕਸ" ਲਈ ਬਣ ਰਹੀ ਹੈ। ਇਸ ਸੀਰੀਜ਼ ਦੇ ਅੱਠ ਐਪੀਸੋਡ ਹਨ, ਜਿਨ੍ਹਾਂ ਵਿਚੋਂ ਦੋ ਐਪੀਸੋਡਾਂ ਦੀ ਸ਼ੂਟਿੰਗ ਮੁਕੰਮਲ ਕਰ ਲਈ ਗਈ ਹੈ। ਇਸ ਦੇ ਅਗਲੇ ਦੋ ਐਪੀਸਡਾਂ ਦੀ ਸ਼ੂਟਿੰਗ ਕੈਨੇਡਾ ਦੇ ਸ਼ਹਿਰ ਵੈਨਕੂਵਰ ਦੇ ਆਸ-ਪਾਸ ਇਲਾਕਿਆਂ ਵਿਚ, ਇੱਕ ਐਪੀਸੋਡ ਦੀ ਸ਼ੂਟਿੰਗ ਨੇਪਾਲ ਅਤੇ ਬਾਕੀ ਐਪੀਸੋਡਾਂ ਦੀ ਸ਼ੂਟਿੰਗ ਪੰਜਾਬ ਵਿਚ ਹੋਵੇਗੀ।





ਵੱਖੋ-ਵੱਖ ਛੇ ਭਾਸ਼ਾਵਾਂ ਵਿਚ 'ਡੱਬ' ਹੋਣ ਵਾਲੀ ਇਸ ਵੈੱਬ ਸੀਰੀਜ਼ ਵਿਚ ਪੰਜਾਬੀ ਦੇ ਦਿੱਗਜ ਕਲਾਕਾਰ ਅਹਿਮ ਭੂਮਿਕਾਵਾਂ ਨਿਭਾਅ ਰਹੇ ਹਨ। ਇਸ ਵੈੱਬ ਸੀਰੀਜ਼ ਵਿਚ ਜੱਗੀ ਕੁੱਸਾ ਨੇ ਖ਼ੁਦ ਜੇਲ੍ਹ ਸੁਪਰਡੈਂਟ ਦੀ ਭੂਮਿਕਾ ਨਿਭਾਈ ਹੈ। ਇਸ ਸੀਰੀਜ਼ ਵਿਚ ਪ੍ਰੀਤ ਬਾਠ, ਐਂਜਲੀਨਾਂ ਰਾਜਪੂਤ, ਮਹਾਂਬੀਰ ਭੁੱਲਰ, ਨਗਿੰਦਰ ਗੱਖੜ, ਰਵਿੰਦਰ ਮੰਡ, ਦਿਲਾਵਰ ਸਿੱਧੂ, ਭਾਨਾ ਭਗੌੜਾ, ਸੂਫ਼ੀ ਗੁੱਜਰ, ਵਿਕਟਰ ਜੌਹਨ, ਜਸਵੰਤ ਰਾਠੌਰ, ਹਾਕਮ ਬਖਤੜੀ ਵਾਲਾ, ਵਿਰਾਟ ਮਾਹਲ, ਲਖਵੀਰ ਧਾਲੀਵਾਲ, ਹਰਪਾਲ ਧੂੜਕੋਟ, ਮਿੰਟੂ ਮਲਵਈ, ਡਾਕਟਰ ਮਨਪ੍ਰੀਤ ਸਿੰਘ ਕੰਮ ਕਰ ਰਹੇ ਹਨ। ਇਸ ਵੈੱਬ ਸੀਰੀਜ਼ ਦੇ ਪ੍ਰਾਜੈਕਟ ਹੈੱਡ ਕਾਬਲ ਗਿੱਲ ਅਤੇ ਡਾਇਰੈਕਟਰ ਲਵਲੀ ਸ਼ਰਮਾ ਹਨ। ਕੈਨਵੈਸਟ ਫ਼ਿਲਮ ਪ੍ਰੋਡਕਸ਼ਨ ਕੈਨੇਡਾ ਦੇ ਬੈਨਰ ਹੇਠ ਬਣ ਰਹੀ ਇਸ ਵੈੱਬ ਸੀਰੀਜ਼ ਦੇ ਪ੍ਰੋਡਿਊਸਰ ਸ਼ਿਵਚਰਨ ਜੱਗੀ ਕੁੱਸਾ ਦੇ ਦੋਸਤ ਜਗਮਨ ਸਮਰਾ ਅਤੇ ਹਰਕੀਰਤ ਸਮਰਾ ਹਨ। ਇਸ ਦੀ ਕਹਾਣੀ ਜੇਲ੍ਹ ਦੇ ਜਨ-ਜੀਵਨ ਦੁਆਲ਼ੇ ਘੁੰਮਦੀ ਅਤੇ ਉਥੇ ਆਉਣ ਵਾਲੀਆਂ ਦਰਪੇਸ਼ ਮੁਸ਼ਕਿਲਾਂ ਦਾ ਵਰਨਣ ਕਰਦੀ ਹੈ।

# ਸੁਪਰਫੂਡ ਤੋਂ ਘੱਟ ਨਹੀਂ ਹੈ ਮਾਂ ਦਾ ਆਪਣਾ ਦੁੱਧ

**"ਬੱਚੇ ਦੇ ਤੰਦਰੁਸਤ ਭਵਿੱਖ ਲਈ ਸਤਨਪਾਨ ਹਫਤਾ 2023 ਦਾ ਥੀਮ ਹੈ 'ਹਰ ਮਾਂ ਬੱਚੇ ਨੂੰ ਆਪਣਾ ਹੀ ਦੁੱਧ ਹੀ ਪਿਲਾਵੇ'। ਵਿਸ਼ਵ ਭਰ 'ਚ ਹਰ ਬੱਚੇ ਦੀ ਸਰੀਰਕ-ਮਾਨਸਿਕ ਸਿਹਤ ਲਈ ਔਰਤ ਬੱਚੇ ਨੂੰ ਆਪਣੀ ਛਾਤੀ ਦਾ ਦੁੱਧ ਪਿਲਾਉਣ ਬਾਰੇ ਜਾਗਰੂਕ ਕੀਤਾ ਜਾ ਰਿਹਾ ਹੈ"- ਅਨਿਲ ਧੀਰ**

ਅਨਿਲ ਧੀਰ
ਬਰੈਂਟਪਨ, ਕੈਨੇਡਾ
647-853-5800
healthmedia1@hotmail.com
(Punjab Mail USA)



ਵਿਸ਼ਵ ਭਰ 'ਚ 1-7 ਅਗਸਤ ਦੌਰਾਨ ਵਿਸ਼ਵ ਬ੍ਰੇਸਟਫੀਡਿੰਗ (ਸਤਨਪਾਨ) ਜਾਗਰੂਕਤਾ ਹਫਤੇ ਦੇ ਤੌਰ 'ਤੇ ਮਨਾਇਆ ਜਾ ਰਿਹਾ ਹੈ। ਵਿਸ਼ਵ ਸਿਹਤ ਸੰਸਥਾ ਅਤੇ ਯੂਨੀਸੈਫ ਵੱਲੋਂ ਵਿਸ਼ਵ ਪੱਧਰ 'ਤੇ ਛਾਤੀ ਦਾ ਦੁੱਧ ਚੁੰਘਾਉਣ ਬਾਰੇ ਜਾਗਰੁਕਤਾ ਦੀ ਮੁਹਿੰਮ ਹੋਰ ਤੇਜ਼ ਕੀਤਾ ਜਾ ਰਿਹਾ ਹੈ। 70% ਦੇ ਗਲੋਬਲ 2030 ਟੀਚੇ ਤੱਕ ਪਹੁੰਚਣ ਲਈ, ਆਪਣੀ ਛਾਤੀ ਦਾ ਦੁੱਧ ਚੁੰਘਾਉਣ ਦੇ ਟੀਚੇ ਨੂੰ ਹਾਸਲ ਕਰਨ 'ਚ ਔਰਤਾਂ ਅਤੇ ਪਰਿਵਾਰਾਂ ਨੂੰ ਦਰਪੇਸ਼ ਰੁਕਾਵਟਾਂ ਨੂੰ ਦੂਰ ਕਰਨ ਦੀ ਲੋੜ ਹੈ। ਛੇ ਮਹੀਨੇ ਤੋਂ ਘੱਟ ਉਮਰ ਦੇ ਬੱਚਿਆਂ ਨੂੰ ਸਿਰਫ ਛਾਤੀ ਦਾ ਦੁੱਧ ਪਿਲਾਉਣ ਦੀ ਲੋੜ ਹੁੰਦੀ ਹੈ। ਅੱਧੇ ਅਰਬ ਤੋਂ ਵੱਧ ਕੰਮਕਾਜੀ ਔਰਤਾਂ ਨੂੰ ਰਾਸ਼ਟਰੀ ਕਾਨੂੰਨ ਮੁਤਾਬਿਕ ਜ਼ਰੂਰੀ ਜਣੇਪਾ ਸੁਰੱਖਿਆ ਨਹੀਂ ਮਿਲ ਰਹੀ।

- ਜਨਮ ਤੋਂ ਬਾਅਦ ਪਹਿਲੇ ਕੁੱਝ ਦਿਨਾਂ 'ਚ ਮਾਂ ਦੀ ਛਾਤੀ 'ਚ ਜੋ ਤਰਲ ਪਦਾਰਥ ਪੈਦਾ ਹੁੰਦਾ ਹੈ, ਉਸਨੂੰ ਕੋਲੋਸਟ੍ਰਮ ਕਿਹਾ ਜਾਂਦਾ ਹੈ। ਇਹ ਬੱਚੇ ਲਈ ਸੁਪਰ-ਫੂਡ ਦਾ ਕੰਮ ਕਰਦਾ ਹੈ।
- ਮਾਂ ਦੇ ਦੁੱਧ 'ਚ ਪ੍ਰੋਟੀਨ, ਕਾਰਬੋਹਾਈਡਰੇਟ, ਚਰਬੀ, ਵਿਟਾਮਿਨ ਅਤੇ ਖਣਿਜ ਪੂਰੀ ਮਾਤਰਾ 'ਚ ਹੁੰਦੇ ਹਨ। ਛੇਤੀ ਹਜ਼ਮ ਵੀ ਹੋ ਜਾਂਦਾ ਹੈ।
- ਛਾਤੀ ਦਾ ਦੁੱਧ ਬੱਚਿਆਂ ਨੂੰ ਆਮ ਛੂਤ ਦੀਆਂ ਬਿਮਾਰੀਆਂ ਬਚਾਅ ਦੇ ਨਾਲ-ਨਾਲ ਰੋਗਾਂ ਨਾਲ ਲੜਨ ਦੀ ਤਾਕਤ ਵੀ ਵਧਾਉਂਦਾ ਹੈ। ਬੱਚੇ ਨੂੰ ਪੂਰੀ ਸਮਰਥਾ ਦੇ ਨਾਲ ਵੱਧਣ ਤੇ ਵਿਕਾਸ ਕਰਨ 'ਚ ਜ਼ਰੂਰੀ ਪੌਸ਼ਟਿਕ ਤੱਤ ਮਿਲਦੇ ਹਨ।
- ਛਾਤੀ ਦਾ ਦੁੱਧ ਨਾ ਪਿਲਾਣ ਦੀ ਹਾਲਤ 'ਚ ਕਈ ਵਾਰ ਕੁੱਝ ਬਿਮਾਰੀਆਂ ਪਹਿਲੇ ਸਾਲ 'ਚ ਮੌਤ ਦਾ ਕਾਰਨ ਵੀ ਬਣ ਜਾਂਦੀਆਂ ਹਨ।
- ਦੁੱਧ ਚੁੰਘਾਉਣ ਨਾਲ ਮਾਂ ਨੂੰ ਛਾਤੀ ਅਤੇ ਅੰਡਕੋਸ਼ ਦੇ ਕੈਂਸਰ, ਟਾਈਪ 2 ਸ਼ੂਗਰ, ਹਾਈ ਬਲੱਡ ਪ੍ਰੈਸ਼ਰ ਤੇ ਦਿਲ ਦੇ ਰੋਗ, ਮਾਨਸਿਕ ਕਮਜ਼ੋਰੀ ਦੀ ਸੰਭਾਵਨਾ ਘੱਟ ਜਾਂਦੀ ਹੈ।
- ਬੱਚੇ ਦੇ ਭੁੱਖ ਦੇ ਸੰਕੇਤਾਂ 'ਤੇ ਨਜ਼ਰ ਰੱਖੋ। ਬੱਚੇ ਦੇ ਰੋਣ ਦੀ ਉਡੀਕ ਨਾ ਕਰੋ। ਮੰਗ ਤੇ ਫੀਡਿੰਗ ਮੁਤਾਬਿਕ ਪਹਿਲੇ ਕੁੱਝ ਹਫਤਿਆਂ 'ਚ, ਇੱਕ ਦਿਨ 'ਚ 8-12 ਬਾਰ ਨਰਸਿੰਗ ਕਰ ਸਕਦੇ ਹੋ।
- ਸਬਰ ਰੱਖੋ, ਜਦੋਂ ਤੱਕ ਬੱਚਾ ਹਰ ਵਾਰ ਦੁੱਧ ਚੂੰਘਣਾ ਚਾਹੁੰਦਾ ਹੈ, ਉਦੋਂ ਤੱਕ ਦੁੱਧ ਚੂੰਘਾਓ। ਦੁੱਧ ਪਿਲਾਉਣ 'ਚ ਜਲਦਬਾਜ਼ੀ ਨਾ ਕਰੋ। ਹਰ ਵਾਰ 10 ਤੋਂ 20 ਮਿੰਟ ਦਾ ਸਮਾਂ ਵੀ ਬੱਚਾ ਲੈ ਸਕਦਾ ਹੈ।
- ਬੱਚੇ ਨੂੰ ਦੁੱਧ ਚੁੰਘਾਉਣ ਤੋਂ ਪਹਿਲਾਂ ਆਪਣੀਆਂ ਬਾਹਾਂ, ਸਿਰ ਤੇ ਗਰਦਨ ਨੂੰ ਸਹਾਰਾ ਦੇਣ ਲਈ ਲੋੜ ਮੁਤਾਬਿਕ ਸਿਰਹਾਣੇ ਅਤੇ ਪੈਰਾਂ, ਲੱਤਾਂ ਨੂੰ ਸਹਾਰਾ ਦੇਣ ਲਈ ਇੱਕ ਫੁੱਟਰੇਸਟ ਨਾਲ ਆਪਣੇ ਆਪ ਨੂੰ ਆਰਾਮਦਾਇਕ ਬਣਾਓ।




**ਨੋਟ : ਬੱਚੇ ਨੂੰ ਭੁੱਖ ਲੱਗਣ ਦੇ ਸੰਕੇਤ ਹਨ :**

- ਜੀਭ ਨੂੰ ਬਾਹਰ ਕੱਢਣਾ, ਬੁਲਾਂ ਨੂੰ ਚਟਣਾ
- ਮੂੰਹ 'ਚ ਹੱਥ ਪਾ ਕੇ
- ਮੂੰਹ ਖੋਲ੍ਹਣਾ
- ਚੀਜ਼ਾਂ 'ਤੇ ਚੁਸਣਾ
- ਰੂਟਿੰਗ, ਜੋ ਤੁਹਾਡੀ ਛਾਤੀ ਦੀ ਭਾਲ ਕਰਨ ਲਈ ਆਪਣੇ ਮੂੰਹ ਜਾਂ ਸਿਰ ਨੂੰ ਹਿਲਾ ਕੇ
- ਫਸਾਦ ਕਰਕੇ ਵਗੈਰਾ ਦਾ ਮਤਲਬ ਹੈ ਬੱਚਾ ਭੁੱਖਾ ਹੈ। ਗੰਭੀਰ ਬਿਮਾਰੀ ਦੀ ਹਾਲਤ 'ਚ ਆਪਣੇ ਫੈਮਿਲੀ ਡਾਕਟਰ ਦੀ ਸਲਾਹ ਨਾਲ ਛੇ ਮਹੀਨੇ ਤੋਂ ਘੱਟ ਉਮਰ ਦੇ ਬੱਚੇ ਨੂੰ ਮਾਂ ਆਪਣਾ ਦੁੱਧ ਚੁੰਘਾਵੇ।

# ਗਾਇਕੀ ਦੀ ਬੇਗ਼ਮ - ਬੇਗ਼ਮ ਸੈਦਾ

ਬਲਵਿੰਦਰ ਬਾਲਮ ਗੁਰਦਾਸਪੁਰ
ਉਂਕਾਰ ਨਗਰ ਗੁਰਦਾਸਪੁਰ
ਪੰਜਾਬ
ਮੋ. 98156-25409
(Punjab Mail USA)



ਸਫ਼ਲਤਾ ਦੀ ਕੋਈ ਨਿਸ਼ਚਿਤ ਪਰਿਭਾਸ਼ਾ ਨਹੀਂ ਹੋ ਸਕਦੀ, ਜਿੱਥੇ ਪਤੀ-ਪਤਨੀ ਦਾ ਪਿਆਰ ਅਤੇ ਪਿਆਰੇ ਬੱਚਿਆਂ ਦਾ ਸਾਥ ਹੋਵੇ ਅਤੇ ਛੋਟੀ ਜਿਹੀ ਮਿਹਨਤ ਵਿਚ ਸੰਤੁਸ਼ਟ ਰਹਿਣਾ ਵੀ ਸਫ਼ਲਤਾ ਮੰਨੀ ਜਾ ਸਕਦੀ ਹੈ। ਗਾਇਨ ਤਪ ਦੀ ਕਸੌਟੀ ਅਤੇ ਤੰਗੀ-ਤੁਰਸ਼ੀ ਦੀ ਪੀੜਾਂ 'ਚੋਂ ਨਿਕਲ ਕੇ ਆਪਣੇ ਪੈਰਾਂ 'ਤੇ ਖੜ੍ਹਾ ਹੋਣਾ ਹੀ ਸਫਲਤਾ ਹੈ ਅਤੇ ਇਸ ਸਫ਼ਲਤਾ ਦਾ ਨਾਮ ਹੈ ਬੇਗ਼ਮ ਸੈਦਾ, ਜਿਸ ਨੇ ਤੰਗ-ਤੁਰਸ਼ੀ 'ਚ ਰਹਿ ਕੇ ਆਪਣੀ ਗਾਇਨ ਕਲਾ ਨੂੰ ਬੁਲੰਦੀ ਤੱਕ ਪਹੁੰਚਾਇਆ। ਆ ਹੁੰਦੀ ਹੈ ਸਫਲਤਾ।

ਪ੍ਰਸਿੱਧ ਗਾਇਕਾ ਬੇਗ਼ਮ ਸੈਦਾ ਨੂੰ ਪੰਜਾਬ ਦੀ ਰੇਸ਼ਮਾਂ ਵੀ ਕਿਹਾ ਜਾਂਦਾ ਹੈ। ਉਸ ਦੀ ਸੁਰੀਲੀ ਦਿਲਕਸ਼ ਆਵਾਜ਼ ਸਰੋਤਿਆਂ ਦੇ ਦਿਲਾਂ ਵਿਚ ਧੂਹ ਪਾਉਂਦੀ ਹੈ। ਇਕ ਲਲਕ, ਇਕ ਕਸਕ, ਲਪਕ ਪੈਦਾ ਕਰਦੀ ਹੈ। ਉਹ ਭਾਰਤ ਦੇ ਪ੍ਰਸਿੱਧ ਵੱਡੇ-ਵੱਡੇ ਸ਼ਹਿਰਾਂ ਵਿਚ ਵੀ ਆਪਣੀ ਗਾਇਨ ਕਲਾਂ ਦੇ ਜੌਹਰ ਵਿਖਾ ਚੁੱਕੀ ਹੈ। ਕਈ ਉੱਚ-ਕੋਟੀ ਦੇ ਮਾਨ-ਸਨਮਾਨ ਹਾਸਲ ਕਰ ਚੁੱਕੀ ਹੈ। ਉਨ੍ਹਾਂ ਦੀ ਕੰਠ ਗਰਾਗੀ ਰਾਗਾਂ ਨੂੰ ਜਨਮ ਦਿੰਦੀ ਹੈ।

ਉਸ ਨੇ ਦੱਸਿਆ ਕਿ ਗਾਇਕੀ ਕੋਈ ਸੌਖਾ ਕੰਮ ਨਹੀਂ ਹੈ। ਗਾਉਣ ਲੱਗਿਆਂ ਢਿੱਡ ਦੀਆਂ ਵੱਖੀਆਂ ਬਾਹਰ ਨਿਕਲ ਜਾਂਦੀਆਂ ਹਨ। ਗਾਇਕੀ ਪਾਣੀ ਨਾਲੋਂ ਪਤਲੀ ਅਤੇ ਗੁੜ ਨਾਲੋਂ ਮਿੱਠੀ ਹੁੰਦੀ ਹੈ। ਕੱਵਾਲੀ ਅਤੇ ਗੀਤ ਗਾਇਨ ਵਿਚ ਮੁਹਾਰਤ ਰੱਖਦੀ ਹੈ।

ਉਸ ਨੇ ਗਾਇਨ ਕਲਾ ਦੀ ਗੁੜ੍ਹਤੀ ਅਪਣੇ ਦਾਦਾ ਸ਼੍ਰੀ ਸੁਨਿਆਰਾ ਜੀ ਤੋਂ ਲਈ, ਉਹ ਆਪਣੇ ਪਿਤਾ ਸ਼੍ਰੀ ਬਸ਼ੀਰ ਜੀ ਨੂੰ ਉਸਤਾਦ ਮੰਨਦੀ ਹੈ। ਉਸ ਦੀਆਂ ਚਾਰ ਭੈਣਾਂ ਤੇ ਇਕ ਭਰਾ ਹੈ। ਸਭਨਾਂ ਨੂੰ ਗਾਉਣ ਦਾ ਸ਼ੌਕ ਹੈ।



ਉਸ ਨੇ ਤੇ ਬਾਲੜੀ ਉਮਰ ਵਿਚ ਹੀ ਸਟੇਟ 'ਤੇ ਗਾਉਣਾ ਸ਼ੁਰੂ ਕਰ ਦਿੱਤਾ ਸੀ। 27 ਸਾਲਾਂ ਤੋਂ ਉਹ ਗਾ ਰਹੀ ਹੈ। ਉਸ ਦਾ ਪਤੀ ਵੀ ਨੇਕ ਸੀ, ਜੋ ਪਰਪੱਕ ਢੋਲਕ ਮਾਸਟਰ ਸਨ, ਉਨ੍ਹਾਂ ਦੇ ਪ੍ਰੇਰਣਾ ਸਦਕਾ ਹੀ ਪ੍ਰਸਿੱਧੀ ਲਈ।

ਉਸ ਦੇ ਇਕ ਦੁਖਦਾਇਕ ਘਟਨਾ ਸੁਣਾਉਂਦੇ ਹੋਏ ਰੁਆਂਸੀ ਆਵਾਜ਼ ਵਿਚ ਕਿਹਾ ਕਿ ਆਰਥਿਕ ਤੰਗੀ ਕਰਕੇ ਪਰਿਵਾਰ ਨੂੰ ਪਾਲਣ ਲਈ ਕਈ-ਕਈ ਪਾਪੜ ਵੇਲਣੇ ਪਏ। ਕਿਉਂਕਿ ਉਸ ਦੇ ਪਤੀ ਇਸ ਫਾਨੀ ਦੁਨੀਆਂ ਨੂੰ ਅਲਵਿਦਾ ਕਹਿ ਗਏ ਸਨ। ਪਰਿਵਾਰ ਨੂੰ ਪਾਲਣ ਲਈ ਉਸ ਦੇ ਬਾਰ੍ਹਾਂ ਸਾਲ ਤਿੰਨ ਕਿੱਲੋ ਦੀ ਰਸੋਲੀ ਆਪਣੇ ਪੇਟ ਵਿਚ ਰੱਖੀ। ਅਪਰੇਸ਼ਨ ਨਹੀਂ ਕਰਵਾਇਆ ਤਾਂ ਕਿ ਪਰਿਵਾਰ ਨੂੰ ਪਾਲਿਆ ਜਾ ਸਕੇ। ਧੀਆਂ ਵਿਆਹੀਆਂ ਘਰ ਬਣਾਇਆ, ਫਿਰ ਰਸੌਲੀ ਲਈ ਢਿੱਡ ਪੜਵਾਇਆ ਇਕ ਨਵਾਂ ਜਨਮ ਹੋਇਆ। ਢਿੱਡ ਪਿੱਛੇ ਕੰਮ ਕੀਤਾ।

ਉਹ ਪੰਜਾਬੀ ਅਤੇ ਹਿੰਦੀ 'ਚ ਕੱਵਾਲੀ ਅਤੇ ਗੀਤ ਗਾਉਣ ਵਿਚ ਪ੍ਰਪੱਕਤਾ ਰੱਖਦੀ ਹੈ।

ਉਸ ਦੇ ਗਾਇਕਾ ਲੜਕੀਆਂ ਦੇ ਨਾਮ ਸੰਦੇਸ਼ ਦਿੰਦੇ ਹੋਏ ਕਿਹਾ ਕਿ ਬਾਪੂ ਦੀ ਪੱਗ ਉਚੀ ਰੱਖਣ। ਆਪਣੇ ਕਾਰਜਾਂ ਵਿਚ ਨਾਮ ਪੈਦਾ ਕਰਨ। ਚੰਗੇ ਕਰਮ ਵਿਚ ਧੀਆਂ ਭੈਣਾਂ ਆਜ਼ਾਦੀ ਰੱਖਣ। ਉਨ੍ਹਾਂ ਦਾ ਪਤਾ ਹੈ ਸ਼ਾਹਕੋਟ, ਜਲੰਧਰ।

# ਤਪ ਅਸਥਾਨ ਗੁਰਦੁਆਰਾ ਬੀਬੀ ਮੁਮਤਾਜਗੜ੍ਹ ਸਾਹਿਬ ਛਾਉਣੀ ਬੁੱਢਾ ਦਲ



-ਦਿਲਜੀਤ ਸਿੰਘ ਬੇਦੀ
(Punjab Mail USA)

ਰਮਣੀਕ ਪਹਾੜੀਆਂ ਅੰਦਰ ਇਹ ਤੱਪ ਅਸਥਾਨ ਗੁਰਦੁਆਰਾ ਬੀਬੀ ਮੁਮਤਾਜਗੜ੍ਹ ਸਾਹਿਬ ਛਾਉਣੀ ਬੁੱਢਾ ਦਲ ਨਿਹੰਗ ਸਿੰਘਾਂ ਪਿੰਡ ਨਰੰਗਪੁਰ ਬੜੀ, ਪੁਰਖਾਲੀ ਤੋਂ ਪੰਜ ਕਿਲੋਮੀਟਰ ਅਤੇ ਰੋਪੜ ਤੋਂ ਵੀਹ ਕਿਲੋਮੀਟਰ ਦੀ ਦੂਰੀ 'ਤੇ ਇੱਕ ਉੱਚੀ ਪਹਾੜੀ 'ਤੇ ਸੁਸ਼ੋਭਿਤ ਹੈ। ਗੁਰੂ ਗੋਬਿੰਦ ਸਿੰਘ ਜੀ ਰੋਪੜ ਵਿਖੇ ਦੋ ਵਾਰੀ ਨਿਹੰਗ ਖਾਂ ਦੇ ਖਾਸ ਮਹਿਮਾਨ ਬਣੇ। ਪਹਿਲੀ ਵਾਰ 1688 ਈ: ਵਿਚ ਭੰਗਾਣੀ ਦੇ ਯੁੱਧ ਤੋਂ ਬਾਅਦ ਤੇ ਦੂਜੀ ਵਾਰ 5 ਦਸੰਬਰ ਦੀ ਅੱਧੀ ਰਾਤ ਨੂੰ ਕਿਲ੍ਹਾ ਆਨੰਦਪੁਰ ਛੱਡ ਕੇ 6 ਦਸੰਬਰ ਸੰਨ 1705 ਨੂੰ ਸਰਸਾ ਨਦੀ ਦੇ ਕਿਨਾਰੇ ਜੰਗ ਕਰਨ ਉਪਰੰਤ ਇਥੇ ਪੁੱਜੇ। ਰੋਪੜ ਪਹੁੰਚੇ ਤਾਂ ਉਥੋਂ ਗੁਰੂ ਜੀ ਨੇ ਸਿੰਘਾਂ ਨੂੰ ਫਤਿਹਪੁਰ ਦੇ ਗੁਪਤ ਕਿਲ੍ਹੇ ਵਿਚ ਜਾਣ ਦਾ ਆਦੇਸ਼ ਦਿੱਤਾ। ਨਿਹੰਗ ਖਾਂ ਦਾ ਪੁੱਤਰ ਚੌਧਰੀ ਆਲਮ ਖਾਨ ਸਿੰਘਾਂ ਦੇ ਜਥੇ ਨੂੰ ਚਮਕੌਰ ਛੱਡ ਆਇਆ ਸੀ। ਗੁਰੂ ਜੀ ਨੇ ਆਪ ਭੱਠਾ ਸਾਹਿਬ ਵਾਲੇ ਅਸਥਾਨ 'ਤੇ ਪਹੁੰਚ ਕੇ ਭੱਠਾ ਠੰਡਾ ਕੀਤਾ। ਭੱਠੇ ਦਾ ਮਾਲਕ ਨਿਹਗ ਖਾਂ ਗੁਰੂ ਘਰ ਦਾ ਸ਼ਰਧਾਲੂ ਸੀ, ਉਹ ਗੁਰੂ ਜੀ ਨੂੰ ਆਪਣੇ ਰਿਹਾਇਸ਼ੀ ਕਿਲ੍ਹੇ ਵਿਚ ਲੈ ਗਿਆ ਅਤੇ ਸਿਦਕ-ਦਿਲੀ, ਨਿਡੱਰਤਾ ਤੇ ਸ਼ਰਧਾ, ਸਤਿਕਾਰ ਭਾਵਨਾ ਨਾਲ ਗੁਰੂ ਜੀ ਦੀ ਸੇਵਾ ਕੀਤੀ। ਉਪਰੰਤ ਗੁਰੂ ਸਾਹਿਬ, ਭਾਈ ਬਚਿੱਤਰ ਸਿੰਘ ਜੀ ਦੀ ਜ਼ਿੰਮੇਵਾਰੀ ਨਿਹੰਗ ਖਾਂ ਨੂੰ ਸੌਂਪ ਕੇ ਉੱਥੋ ਚਮਕੌਰ ਲਈ ਰਵਾਨਾ ਹੋ ਗਏ। ਨਿਹੰਗ ਖਾਂ ਨੇ ਆਪਣੇ ਪਰਿਵਾਰਕ ਮੈਂਬਰਾਂ ਨੂੰ ਵੀ ਚੰਗੇ ਸੰਸਕਾਰਾਂ ਨਾਲ ਮਾਲੋ-ਮਾਲ ਕੀਤਾ ਹੋਇਆ ਸੀ। ਬੀਬੀ ਮੁਮਤਾਜ ਵੀ ਧਾਰਮਿਕ ਬਿਰਤੀ ਵਾਲੀ ਧੀ ਸੀ। ਬੀਬੀ ਮੁਮਤਾਜ ਜੀ ਦਾ ਜਨਮ ਸੰਨ 1690ਈ: ਨੂੰ ਹੋਇਆ। ਗੁਰੂ ਜੀ ਦੇ ਜਾਣ ਸਮੇਂ ਬੀਬੀ ਮੁਮਤਾਜ ਜੋ 15 ਕੁ ਸਾਲ ਦੀ ਸੀ, ਚਰਨਾਂ 'ਤੇ ਢਹਿ ਪਈ ਤੇ ਕਿਹਾ ਕਿ ਮੇਰੇ 'ਤੇ ਮੇਹਰ ਕਰੋ, ਗੁਰੂ ਸਾਹਿਬ ਜੀ ਨੇ ਗਾਤਰੇ ਸਮੇਤ ਕਿਰਪਾਨ ਬੀਬੀ ਮੁਮਤਾਜ ਜੀ ਨੂੰ ਦੇ



ਦਿੱਤੀ ਅਤੇ ਗੁਰੂ ਸਾਹਿਬ ਜੀ ਨੇ ਬਚਨ ਕੀਤਾ ਕਿ "ਤੇਰੀ ਇਬਾਦਤ ਹੀ ਸਾਡੀ ਇਬਾਦਤ ਹੋਵੇਗੀ, ਅਸੀਂ ਹਮੇਸ਼ਾ ਤੁਹਾਡੇ ਅੰਗ ਸੰਗ ਰਹਾਂਗੇ।" ਨਿਹੰਗ ਖਾਂ ਨੂੰ ਗੁਰੂ ਸਾਹਿਬ ਜੀ ਨੇ ਉਸ ਦੀ ਸੇਵਾ ਤੋਂ ਖੁਸ਼ ਹੋ ਕੇ ਇਕ ਕਟਾਰ ਤੇ ਕਿਰਪਾਨ ਦੀ ਬਖਸ਼ਿਸ਼ ਕੀਤੀ। ਗੁਰੂ ਜੀ ਬਾਕੀ ਸਿੰਘਾਂ ਸਮੇਤ ਖਾਨਪੁਰ, ਰਾਮਪੁਰ ਹੁੰਦੇ ਹੋਏ ਚਮਕੌਰ ਜਾ ਪਹੁੰਚੇ।

ਜਦੋਂ ਮੁਗਲ ਫੌਜ ਗੁਰੂ ਜੀ ਨੂੰ ਲੱਭਦੀ ਹੋਈ ਕਿਲ੍ਹੇ ਵਿਚ ਪਹੁੰਚੀ, ਤਾਂ ਕਿਲ੍ਹੇ ਨੂੰ ਘੇਰਾ ਪਾ ਲਿਆ ਗਿਆ। ਫ਼ੌਜਦਾਰ ਨੇ ਨਿਹੰਗ ਖਾਂ ਨੂੰ ਕਿਹਾ ਕਿ ਅਸੀਂ ਤੇਰੇ ਕਿਲ੍ਹੇ ਦੀ ਤਲਾਸ਼ੀ ਲੈਣੀ ਹੈ, ਸਾਨੂੰ ਪੱਕੀ ਸੂਹ ਮਿਲੀ ਹੈ ਕਿ ਤੇਰੇ ਕਿਲ੍ਹੇ ਵਿਚ ਸਿੱਖਾਂ ਦਾ ਗੁਰੂ ਗੋਬਿੰਦ ਸਿੰਘ ਠਹਿਰਿਆ ਹੋਇਆ ਹੈ। ਨਿਹੰਗ ਖਾਂ ਨੇ ਖੁਸ਼ੀ ਨਾਲ ਕਿਲ੍ਹੇ ਦੀ ਤਲਾਸ਼ੀ ਦੇ ਦਿੱਤੀ ਪਰ ਕਿਲ੍ਹੇ ਦੇ ਉਸ ਕਮਰੇ ਦੀ ਤਲਾਸ਼ੀ ਦੇਣ ਤੋਂ ਇਨਕਾਰ ਕਰ ਦਿੱਤਾ, ਜਿਸ ਵਿਚ ਭਾਈ ਬਚਿੱਤਰ ਸਿੰਘ ਜੀ ਜ਼ਖਮੀ ਹਾਲਤ ਵਿਚ ਠਹਿਰੇ ਹੋਏ ਸਨ। ਫ਼ੌਜਦਾਰ ਨੇ ਉਸ ਕਮਰੇ ਦੀ ਤਲਾਸ਼ੀ ਨਾ ਦੇਣ ਦਾ ਕਾਰਨ ਪੁੱਛਿਆ, ਤਾਂ ਨਿਹੰਗ ਖਾਂ ਨੇ ਦੱਸਿਆ ਕਿ ਇਸ ਕਮਰੇ ਵਿਚ ਮੇਰੀ ਬੇਟੀ ਮੁਮਤਾਜ ਅਤੇ ਦਾਮਾਦ (ਜਵਾਈ) ਠਹਿਰੇ ਹੋਏ ਹਨ। ਮੁਗਲ ਫ਼ੌਜਦਾਰ ਗੁਸਤਾਖੀ ਮਾਫ਼ ਬੋਲ ਕੇ ਫੌਜ ਸਮੇਤ ਵਾਪਿਸ ਚਲਾ ਗਿਆ।

ਉਪਰੰਤ ਬੀਬੀ ਮੁਮਤਾਜ ਜੀ ਨੇ ਆਪਣੇ ਪਿਤਾ ਨਿਹੰਗ ਖਾਂ ਨੂੰ ਹੱਥ ਬੰਨ ਸਨਿਮਰ ਬੇਨਤੀ ਕੀਤੀ ਕਿ ਆਪ ਦੇ ਕਹਿਣ 'ਤੇ "ਕਿ ਕਮਰੇ ਵਿਚ ਮੇਰੇ ਧੀ-ਜਵਾਈ ਹਨ" ਅੱਜ ਤੋਂ ਬਾਅਦ ਮੈਂ ਆਤਮਿਕ ਤੌਰ 'ਤੇ ਆਪਣਾ ਪਤੀ ਭਾਈ ਬਚਿੱਤਰ ਸਿੰਘ ਜੀ ਨੂੰ ਪ੍ਰਵਾਨ ਕਰ ਚੁੱਕੀ ਹਾਂ।

ਭਾਈ ਬਚਿੱਤਰ ਸਿੰਘ ਜੀ ਦੀ ਸ਼ਹੀਦੀ ਤੋਂ ਬਾਅਦ ਬੀਬੀ ਮੁਮਤਾਜ ਨੇ ਕੁਝ ਸਮਾਂ ਕੋਟਲੇ ਵਿਖੇ ਰਹਿਣ ਤੋਂ ਬਾਅਦ ਇਕਾਂਤ ਰਹਿਣ ਦਾ ਫੈਸਲਾ ਕੀਤਾ। ਨਿਹੰਗ ਖਾਂ ਨੇ ਉਨ੍ਹਾਂ ਦੀ ਇੱਛਾ ਅਨੁਸਾਰ ਨਰੰਗਪੁਰ ਬੜ੍ਹੀ ਦੇ ਜੰਗਲ ਵਿਚ ਉਚੀ ਪਹਾੜੀ 'ਤੇ ਕਿਲ੍ਹਾ ਉਸਾਰ ਕੇ ਦਿੱਤਾ ਤੇ ਖੂਹ ਲਗਵਾ ਦਿੱਤਾ, ਜੋ ਉਸਦੀ ਰਿਆਸਤ ਵਿਚ ਸੀ। ਬੀਬੀ ਮੁਮਤਾਜ ਜੀ ਨੇ 132 ਸਾਲ ਦੀ ਉਮਰ ਜਪਤਪ ਕਰਦਿਆਂ ਜਤ-ਸਤ ਵਿਚ ਕਾਇਮ ਰਹਿ ਕੇ ਗੁਰੂ ਬੰਦਗੀ ਵਿਚ ਜੀਵਨ ਬਤੀਤ ਕੀਤਾ। ਇੱਥੇ ਬੀਬੀ ਮੁਮਤਾਜ ਜੀ ਨੇ ਸਾਰੀ ਉਮਰ ਗੁਰੂ ਰੰਗ ਵਿਚ ਬਤੀਤ ਕਰਦਿਆਂ ਹੋਇਆਂ ਆਪਣਾ ਜੀਵਨ ਸਫਲਾ ਕੀਤਾ ਅਤੇ ਸੰਨ 1822 ਈ: ਵਿਚ ਗੁਰੂ ਚਰਨਾਂ ਵਿਚ ਜਾ ਬਰਾਜੇ। ਉਹ ਇਸ ਅਸਥਾਨ ਦੀ ਆਪਣੇ ਹੱਥੀਂ ਸੇਵਾ ਕਰਦੇ ਸਨ, ਬਹੁਤ ਘੱਟ ਬੋਲਦੇ, ਜੋ ਮੂੰਹੋਂ ਬਚਨ ਕਰਦੇ ਉਹ ਸਤ ਹੋ ਜਾਂਦਾ। ਇਸ ਅਸਥਾਨ 'ਤੇ ਸ਼ਰਧਾਲੂਆਂ ਦੀਆਂ ਅਰਦਾਸਾਂ ਪੂਰੀਆਂ ਹੁੰਦੀਆਂ ਹਨ। ਇਸ ਥਾਂ ਉੱਤੇ ਤੱਪ ਅਸਥਾਨ ਗੁਰਦੁਆਰਾ ਮੁਮਤਾਜਗੜ੍ਹ ਸਾਹਿਬ ਸੁਸ਼ੋਭਿਤ ਹੈ। ਇਥੇ ਹਰ ਵੇਲੇ ਗੁਰੂ ਕਾ ਲੰਗਰ ਅਤੁੱਟ ਵਰਤਦਾ ਹੈ। ਇਹ ਬਹੁਤ ਸ਼ਾਂਤ ਤੇ ਹਰਿਆਲੀ, ਖੁਸ਼ਹਾਲੀ ਵਾਲਾ ਸੁੰਦਰ ਮਨਮੋਹਕ ਅਸਥਾਨ ਹੈ। ਇਸ ਅਸਥਾਨ ਦੀ ਸੇਵਾ ਸ਼੍ਰੋਮਣੀ ਸੇਵਾ ਰਤਨ, ਸ਼੍ਰੋਮਣੀ ਪੰਥ ਰਤਨ, ਸਿੰਘ ਸਾਹਿਬ ਜਥੇਦਾਰ ਬਾਬਾ ਬਲਬੀਰ ਸਿੰਘ ਅਕਾਲੀ 96 ਕਰੋੜੀ 14ਵੇਂ ਮੁਖੀ ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ ਪੰਜਵਾਂ ਤਖਤ ਚਲਦਾ ਵਹੀਰ ਚੱਕ੍ਰਵਰਤੀ ਨਿਹੰਗ ਸਿੰਘਾਂ ਪੰਜਾਬ ਭਾਰਤ (ਵਿਸ਼ਵ) ਕਰਵਾ ਰਹੇ ਹਨ। ਯਾਦ ਰਹੇ ਇਹ ਅਸਥਾਨ 50 ਫੁੱਟ ਉਚੀ ਪਹਾੜੀ 'ਤੇ ਸੁਭਾਏਮਾਨ ਹੈ। ਇਥੇ ਉਚੇ ਅਸਮਾਨੀ ਨੀਲੰਬਰੀ ਨਿਸ਼ਾਨ ਸਾਹਿਬ ਲਹਿਰਾਉਂਦੇ ਦੂਰੋਂ ਦਿਖਾਈ ਦੇਂਦੇ ਹਨ। ਰਸਤਿਆਂ ਤੇ ਇਮਾਰਤਾਂ ਦੀ ਕਾਇਆ-ਕਲਪ ਕਰਨ ਲਈ ਉਪਰੋਕਤ ਸੰਸਥਾ ਵੱਲੋ ਸੇਵਾ ਚੱਲ ਰਹੀ ਹੈ।

# ਆਨਲਾਈਨ ਪਲੇਟਫਾਰਮ ਅੱਤਵਾਦ ਲਈ ਹਥਿਆਰ ਬਣ ਗਏ ਹਨ



-ਡਾ. ਸਤਿਆਵਾਨ 'ਸੌਰਭ'
ਹਰਿਆਣਾ
ਕਵੀ, ਸੁਤੰਤਰ ਪੱਤਰਕਾਰ ਅਤੇ ਕਾਲਮਨਵੀਸ, ਆਲ ਇੰਡੀਆ ਰੇਡੀਓ ਅਤੇ ਟੀਵੀ ਪੈਨਲਿਸਟ, ਹਰਿਆਣਾ
ਮੋਬਾਈਲ : 94665-26148, 01255281381
(Punjab Mail USA)

ਕੱਟੜਵਾਦ ਦੁਆਰਾ ਇੱਕ ਵਿਅਕਤੀ ਜਾਂ ਸਮੂਹ ਰਾਜਨੀਤਿਕ, ਸਮਾਜਿਕ ਜਾਂ ਧਾਰਮਿਕ ਸਥਿਤੀ ਦੇ ਵਿਰੋਧ ਵਿਚ ਵੱਧ ਰਹੇ ਕੱਟੜਪੰਥੀ ਵਿਚਾਰਾਂ ਨੂੰ ਅਪਣਾਉਂਦੇ ਹਨ। ਇਹ ਉਦੋਂ ਹੁੰਦਾ ਹੈ, ਜਦੋਂ ਕੋਈ ਕੱਟੜਪੰਥੀ ਵਿਚਾਰਾਂ ਵਿਚ ਵਿਸ਼ਵਾਸ ਕਰਨਾ ਜਾਂ ਸਮਰਥਨ ਕਰਨਾ ਸ਼ੁਰੂ ਕਰਦਾ ਹੈ ਅਤੇ ਫਿਰ ਕੱਟੜਪੰਥੀ ਸਮੂਹਾਂ ਜਾਂ ਕਾਰਵਾਈਆਂ ਵਿਚ ਹਿੱਸਾ ਲੈਂਦਾ ਹੈ। ਆਨਲਾਈਨ ਪਲੇਟਫਾਰਮ ਕੱਟੜਪੰਥੀ ਸਮੂਹਾਂ ਲਈ ਆਪਣੀ ਵਿਚਾਰਧਾਰਾ ਨੂੰ ਫੈਲਾਉਣ, ਵਿਅਕਤੀਆਂ ਦੀ ਭਰਤੀ ਕਰਨ ਅਤੇ ਅੱਤਵਾਦੀ ਕਾਰਵਾਈਆਂ ਦੀ ਯੋਜਨਾ ਬਣਾਉਣ ਲਈ ਸ਼ਕਤੀਸ਼ਾਲੀ ਸਾਧਨ ਬਣ ਗਏ ਹਨ। ਇਸ ਲਈ ਖੁਫੀਆ ਅਤੇ ਅੱਤਵਾਦ ਵਿਰੋਧੀ ਏਜੰਸੀਆਂ ਨੂੰ ਹਮੇਸ਼ਾ ਬਦਲਦੇ ਡਿਜੀਟਲ ਲੈਂਡਸਕੇਪ ਨਾਲ ਤਾਲਮੇਲ ਰੱਖਣਾ ਚਾਹੀਦਾ ਹੈ ਅਤੇ ਉਸ ਅਨੁਸਾਰ ਆਪਣੇ ਕੰਮਕਾਜ ਨੂੰ ਢਾਲਣਾ ਚਾਹੀਦਾ ਹੈ। ਇਸ ਲਈ ਸੁਧਾਰ ਲਈ ਕਮੀਆਂ ਅਤੇ ਖੇਤਰਾਂ ਦੀ ਪਛਾਣ ਕਰਨ ਲਈ ਉਨ੍ਹਾਂ ਦੀਆਂ ਮੌਜੂਦਾ ਰਣਨੀਤੀਆਂ ਦੇ ਨਿਯਮਤ ਮੁਲਾਂਕਣ ਦੀ ਲੋੜ ਹੁੰਦੀ ਹੈ।

ਹਾਲ ਹੀ ਵਿਚ, ਭਾਰਤ ਨੇ ਵੱਖ-ਵੱਖ ਸ਼ਹਿਰਾਂ ਜਿਵੇਂ ਕਿ ਉਦੈਪੁਰ ਵਿਚ ਕੁਝ ਕੱਟੜਪੰਥੀ ਨੌਜਵਾਨਾਂ ਦੁਆਰਾ ਕੱਟੜਪੰਥੀ ਕਾਰਵਾਈਆਂ ਦੀ ਇੱਕ ਲੜੀ ਵੇਖੀ, ਜੋ ਬਾਅਦ ਵਿਚ "ਸਰ ਤਨ ਸੇ ਜੁਦਾ" ਦੇ ਨਾਅਰੇ ਅਤੇ ਸਬੰਧਤ ਵਿਵਾਦ ਤੱਕ ਵਧ ਗਈ। ਪਿਛਲੇ ਸਾਲ ਵੀ, ਐੱਨ.ਆਈ.ਏ. ਨੇ ਇੱਕ ਸ਼ੱਕੀ ਆਈ.ਐੱਸ.ਆਈ. ਮਾਡਿਊਲ ਵਿਚ ਕਈ ਗ੍ਰਿਫਤਾਰੀਆਂ ਕੀਤੀਆਂ ਸਨ, ਜੋ ਭਾਰਤੀ ਨੌਜਵਾਨਾਂ ਨੂੰ ਕੱਟੜਪੰਥੀ ਬਣਾਉਣ ਅਤੇ ਭਾਰਤ ਵਿਚ ਕੱਟੜਪੰਥੀ ਕਾਰਵਾਈਆਂ ਨੂੰ ਅੰਜਾਮ ਦੇਣ ਵਿਚ ਭੂਮਿਕਾ ਨਿਭਾ ਰਿਹਾ ਸੀ। ਉਪਰੋਕਤ ਘਟਨਾਵਾਂ ਭਾਰਤੀ ਨੌਜਵਾਨਾਂ ਦੇ ਕੱਟੜਪੰਥੀ ਹੋਣ ਦੇ ਮੁੱਦੇ ਨੂੰ ਉਜਾਗਰ ਕਰਦੀਆਂ ਹਨ, ਜੋ ਭਾਰਤ ਦੀ ਅੰਦਰੂਨੀ ਸੁਰੱਖਿਆ ਲਈ ਗੰਭੀਰ ਚੁਣੌਤੀ ਬਣ ਸਕਦੀਆਂ ਹਨ। ਐੱਨ.ਆਈ.ਏ. ਨੇ ਟੈਲੀਗ੍ਰਾਮ 'ਤੇ AQIS, ਲਸ਼ਕਰ-ਏ-ਤੋਇਬਾ ਵਰਗੇ ਅੱਤਵਾਦੀ ਸਮੂਹਾਂ ਲਈ



ਭਰਤੀ ਦੇ ਪ੍ਰਚਾਰ ਬਾਰੇ ਜਾਣਕਾਰੀ ਨੂੰ ਰੋਕਿਆ ਹੈ। ਦਾਇਸ਼ ਟਵਿੱਟਰ, ਯੂਟਿਊਬ ਆਦਿ ਪਲੇਟਫਾਰਮਾਂ ਦੀ ਵਰਤੋਂ ਕਰਕੇ ਆਪਣਾ ਪ੍ਰਚਾਰ ਫੈਲਾਉਣ ਲਈ ਇੰਟਰਨੈੱਟ ਦੀ ਵਰਤੋਂ ਕਰ ਰਿਹਾ ਹੈ। 'ਸਾਈਬਰ-ਪਲਾਨਰ' ਰਾਹੀਂ, ਜੋ ਅੱਤਵਾਦੀ ਹਮਲਿਆਂ ਦੀ ਯੋਜਨਾ ਬਣਾਉਣ, ਭਰਤੀ ਕਰਨ ਵਾਲਿਆਂ ਦੀ ਪਛਾਣ ਕਰਨ, "ਵਰਚੂਅਲ ਕੋਚ" ਵਜੋਂ ਕੰਮ ਕਰਨ ਅਤੇ ਸਾਰੀ ਪ੍ਰਕਿਰਿਆ ਦੌਰਾਨ ਮਾਰਗਦਰਸ਼ਨ ਅਤੇ ਉਤਸ਼ਾਹ ਪ੍ਰਦਾਨ ਕਰਨ ਲਈ ਜ਼ਿੰਮੇਵਾਰ ਹੋਣਗੇ।

ਭਾਰਤ ਨੂੰ ਦੂਜੇ ਦੇਸ਼ਾਂ ਤੋਂ ਭਰਤੀ ਵਿਚ ਵੀ ਨੁਕਸਾਨ ਝੱਲਣਾ ਪਿਆ ਹੈ, ਹਾਲਾਂਕਿ ਘੱਟ ਗੰਭੀਰ ਹੈ। ਕਈ ਖੇਤਰਾਂ ਵਿਚ ਸੋਸ਼ਲ ਮੀਡੀਆ ਰਾਹੀਂ ਨੌਜਵਾਨਾਂ ਨੂੰ ਪ੍ਰਭਾਵਿਤ ਕਰਕੇ ਨਫ਼ਰਤ ਅਤੇ ਹਿੰਸਾ ਦਾ ਪ੍ਰਚਾਰ ਕਰਨ ਦੇ ਮਾਮਲੇ ਵੱਧ ਰਹੇ ਹਨ। ਭਾਰਤ ਦੇ ਸੰਵੇਦਨਸ਼ੀਲ ਅਤੇ ਭੜਕਾਊ ਮੁੱਦਿਆਂ 'ਤੇ ਝੂਠਾ ਪ੍ਰਚਾਰ ਅਤੇ ਧੋਖਾਧੜੀ ਵਾਲੀ ਵਿਚਾਰਧਾਰਾ ਨੂੰ ਫੈਲਾਉਣਾ, ਮੋਰਫਡ ਵੀਡੀਓ ਜਾਂ ਬੇਇਨਸਾਫ਼ੀ ਦੇ ਸਬੂਤ ਦੇ ਝੂਠੇ ਦਾਅਵਿਆਂ ਦੀ ਵਰਤੋਂ ਕਰਨਾ ਆਦਿ। ਇੰਟਰਨੈੱਟ 'ਤੇ ਹੇਰਾਫੇਰੀ ਆਸਾਨ ਹੈ ਅਤੇ ਜ਼ਿਆਦਾ ਨੌਜਵਾਨ ਇਸ ਦਾ ਸ਼ਿਕਾਰ ਹੋ ਰਹੇ ਹਨ, ਖਾਸ ਕਰਕੇ ਉੱਤਰ-ਪੂਰਬ, ਕਸ਼ਮੀਰ ਵਿਚ। ਐੱਨ.ਆਈ.ਏ. ਨੇ 2014 ਵਿਚ ਪਾਕਿਸਤਾਨ ਸਥਿਤ ਤਹਿਰੀਕ-ਏ-ਤਾਲਿਬਾਨ (ਟੀ.ਟੀ.ਪੀ.) ਦੁਆਰਾ 300 ਤੋਂ ਵੱਧ ਭਾਰਤੀ ਨੌਜਵਾਨਾਂ ਦੀ ਭਰਤੀ ਦੀ ਰਿਪੋਰਟ ਕੀਤੀ ਸੀ, ਜਿਨ੍ਹਾਂ ਨੇ ਆਈ.ਐੱਸ.ਆਈ.ਐੱਸ. ਨਾਲ ਹੱਥ ਮਿਲਾਇਆ ਸੀ। ਆਈ.ਐੱਸ.ਆਈ.ਐੱਸ. ਨੇ ਭਾਰਤ ਵਿਚ ਬੋਲੀ ਜਾਣ ਵਾਲੀ ਹਿੰਦੀ, ਉਰਦੂ, ਤਾਮਿਲ ਅਤੇ ਹੋਰ ਭਾਸ਼ਾਵਾਂ ਵਿਚ ਭਰਤੀ ਸਮੱਗਰੀ ਪ੍ਰਕਾਸ਼ਿਤ ਕੀਤੀ ਹੈ।

ਮੁੱਦੇ ਦੀ ਡੂੰਘੀ ਸਮਝ ਅਤੇ ਬਿਹਤਰ ਹੱਲ ਵਿਕਸਿਤ ਕਰਨ ਲਈ ਭਾਰਤ ਦੇ ਵੱਖ-ਵੱਖ ਖੇਤਰਾਂ ਨਾਲ ਸਬੰਧਤ ਕੱਟੜਪੰਥੀ ਦੇ ਖੇਤਰ ਵਿਚ ਖੋਜ ਨੂੰ ਉਤਸ਼ਾਹਿਤ ਕਰਨਾ। ਇਨ੍ਹਾਂ ਪ੍ਰੋਗਰਾਮਾਂ ਲਈ ਲੋੜੀਂਦੇ ਫੰਡਿੰਗ ਨੂੰ ਯਕੀਨੀ ਬਣਾਉਣਾ, ਖੁਫੀਆ ਬਲਾਂ ਦੀ ਸਮਰੱਥਾ ਨਿਰਮਾਣ ਅਤੇ ਕੱਟੜਪੰਥ ਦਾ ਮੁਕਾਬਲਾ ਕਰਨ ਲਈ ਆਧੁਨਿਕ ਬੁਨਿਆਦੀ ਢਾਂਚੇ ਦੀ ਸਿਰਜਣਾ, ਖਾਸ ਤੌਰ 'ਤੇ ਵਰਚੁਅਲ ਰੈਡੀਕਲਾਈਜ਼ੇਸ਼ਨ। ਰਾਜ ਪੁਲਿਸ ਦੀ ਸਮਰੱਥਾ ਨਿਰਮਾਣ ਕਿਉਂਕਿ ਉਹ ਰੱਖਿਆ ਦੀ ਪਹਿਲੀ ਲਾਈਨ ਹਨ। ਰਾਜ ਪੁਲਿਸ ਬਲਾਂ ਨੂੰ ਵਧ ਰਹੇ ਕੱਟੜਪੰਥ ਦਾ ਬਿਹਤਰ ਢੰਗ ਨਾਲ ਮੁਕਾਬਲਾ ਕਰਨ ਲਈ ਕੇਂਦਰੀ ਸੁਰੱਖਿਆ ਏਜੰਸੀਆਂ ਨਾਲ ਚੰਗੇ ਤਾਲਮੇਲ ਵਿਚ ਕੰਮ ਕਰਨ ਦੀ ਲੋੜ ਹੈ। ਸਰਕਾਰ ਦੀਆਂ ਵੱਖ-ਵੱਖ ਕਲਿਆਣਕਾਰੀ ਯੋਜਨਾਵਾਂ ਦਾ ਬਿਨਾਂ ਕਿਸੇ ਭੇਦਭਾਵ ਦੇ ਕਵਰੇਜ, ਭਾਈਚਾਰਿਆਂ ਲਈ ਵਿਸ਼ੇਸ਼ ਯੋਜਨਾਵਾਂ ਅਤੇ ਖੇਤਰ, ਵੱਖ-ਵੱਖ ਭਾਈਚਾਰਿਆਂ ਦਰਮਿਆਨ ਮਿਸ਼ਰਤ ਸੱਭਿਆਚਾਰ ਅਤੇ ਸਹਿ-ਹੋਂਦ ਨੂੰ ਉਤਸ਼ਾਹਿਤ ਕਰਨਾ ਅਤੇ ਘੱਟ ਗਿਣਤੀਆਂ ਲਈ ਸੰਵਿਧਾਨਕ ਸੁਰੱਖਿਆ ਸਰਕਾਰ ਵੱਲੋਂ ਲੋਕਾਂ ਨੂੰ ਕੱਟੜਵਾਦ ਤੋਂ ਬਚਾਉਣ ਲਈ ਚੁੱਕੇ ਗਏ ਕੁਝ ਕਦਮ ਹਨ। ਦੂਰ ਰੱਖਣ ਲਈ ਇੱਕ ਡੀ-ਰੈਡੀਕਲਾਈਜ਼ੇਸ਼ਨ ਪ੍ਰੋਗਰਾਮ ਸ਼ੁਰੂ ਕਰਨਾ, ਜੋ ਕੱਟੜਪੰਥੀ ਦੀ ਉੱਚ ਤੀਬਰਤਾ ਵਾਲੇ ਰਾਜਾਂ 'ਤੇ ਕੇਂਦਰਿਤ ਕਰਦਾ ਹੈ ਅਤੇ ਪੁਲਿਸ ਹਿਰਾਸਤ ਵਿਚ ਕੱਟੜਪੰਥੀ ਨੌਜਵਾਨਾਂ ਲਈ ਕਾਊਂਸਲਿੰਗ ਅਤੇ ਮੁੜ ਵਸੇਬਾ ਕੇਂਦਰਾਂ ਦਾ ਵਿਕਾਸ ਕਰਦਾ ਹੈ।

ਕੱਟੜਪੰਥੀ ਨੌਜਵਾਨਾਂ ਦੇ ਮੁੜ ਵਸੇਬੇ ਦੀ ਪ੍ਰਕਿਰਿਆ ਵਿਚ ਹੀ ਨਹੀਂ, ਸਗੋਂ ਨੌਜਵਾਨਾਂ ਨੂੰ ਕੱਟੜਪੰਥੀ ਵਿਚਾਰਧਾਰਾਵਾਂ ਵੱਲ ਵਧਣ ਤੋਂ ਰੋਕਣ ਵਿਚ ਵੀ ਪਰਿਵਾਰਕ ਅਤੇ ਧਾਰਮਿਕ ਆਗੂਆਂ ਦੀ ਸ਼ਮੂਲੀਅਤ ਵਧਾਉਣਾ। ਲੋਕਾਂ ਨੂੰ ਕੱਟੜਪੰਥੀਆਂ ਦੇ ਜਾਲ ਵਿਚ ਫਸਣ ਤੋਂ ਰੋਕਣ ਲਈ, ਸਕੂਲ ਅਤੇ ਕਾਲਜ ਦੀ ਸਿੱਖਿਆ ਜਾਂ ਸੁਰੱਖਿਆ ਏਜੰਸੀਆਂ ਦੇ ਸੋਸ਼ਲ ਮੀਡੀਆ ਖਾਤਿਆਂ ਰਾਹੀਂ ਸਮਾਜ ਵਿਚ ਇਨ੍ਹਾਂ ਖ਼ਤਰਿਆਂ ਬਾਰੇ ਜਾਗਰੂਕਤਾ ਪੈਦਾ ਕਰਨ ਲਈ। ਕੱਟੜਪੰਥ ਦਾ ਮੁਕਾਬਲਾ ਕਰਨ ਲਈ ਇੱਕ ਤਾਲਮੇਲ ਵਾਲਾ ਦੱਖਣੀ ਏਸ਼ੀਆਈ ਯਤਨ ਵੀ ਇਸ ਖੇਤਰ ਲਈ ਬਹੁਤ ਮਦਦਗਾਰ ਹੋ ਸਕਦਾ ਹੈ ਕਿਉਂਕਿ ਖੇਤਰ ਦੇ ਸਾਰੇ ਦੇਸ਼ ਕੱਟੜਪੰਥ ਦੀ ਗਰਮੀ ਦਾ ਸਾਹਮਣਾ ਕਰ ਰਹੇ ਹਨ ਇੰਟੈਲੀਜੈਂਸ ਅਤੇ ਅੱਤਵਾਦ ਵਿਰੋਧੀ ਏਜੰਸੀਆਂ ਆਨਲਾਈਨ ਭਰਤੀ ਅਤੇ ਕੱਟੜਪੰਥੀਕਰਨ ਦੇ ਲਗਾਤਾਰ ਵਿਕਸਤ ਹੋ ਰਹੇ ਲੈਂਡਸਕੇਪ ਵਿਚ ਲਚਕਦਾਰ ਹੋਣ ਦੀ ਲੋੜ ਹੈ। ਆਪਣੀਆਂ ਰਣਨੀਤੀਆਂ ਦੀ ਲਗਾਤਾਰ ਸਮੀਖਿਆ ਕਰਕੇ, ਉੱਭਰ ਰਹੀਆਂ ਤਕਨੀਕਾਂ ਦਾ ਲਾਭ ਉਠਾ ਕੇ ਅਤੇ ਨਵੀਨਤਮ ਰੁਝਾਨਾਂ ਬਾਰੇ ਜਾਣੂ ਰਹਿ ਕੇ, ਇਹ ਏਜੰਸੀਆਂ ਭਾਰਤ ਵਿਚ ਔਨਲਾਈਨ ਕੱਟੜਪੰਥੀਕਰਨ ਦੁਆਰਾ ਪੈਦਾ ਹੋਏ ਖ਼ਤਰੇ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਘਟਾ ਸਕਦੀਆਂ ਹਨ।

# ਯਾਤਰਾ ਹੇਮਕੁੰਟ ਸਾਹਿਬ ਦੀ-1994






ਹੇਮਕੁੰਟ ਸਾਹਿਬ ਦੇ ਰਸਤੇ 'ਚ ਸਥਾਨਕ ਬੱਚਿਆਂ ਤੇ ਆਪਣੇ ਸਾਥੀਆਂ ਨਾਲ ਝਰਨੇ 'ਚ ਨਹਾਉਂਦਾ ਹੋਇਆ ਲੇਖਕ। (ਸੱਜੇ) ਪਿੰਡ ਮਾਨਾ ਵਿਖੇ ਦੇਸ਼ ਦੀ ਸਭ ਤੋਂ ਅਖੀਰਲੀ ਦੁਕਾਨ।

**ਅਮਰਬੀਰ ਸਿੰਘ ਚੀਮਾ**
ਜ਼ਿਲ੍ਹਾ ਫ਼ਤਿਹਗੜ੍ਹ ਸਾਹਿਬ (ਪੰਜਾਬ)
ਮੋਬਾ. 98889-40211
(Punjab Mail USA)



ਇਸ ਸਾਲ ਹੇਮਕੁੰਟ ਸਾਹਿਬ ਦੀ ਯਾਤਰਾ ਖੁੱਲ੍ਹਣ ਦਾ ਦਿਲੋਂ ਸਵਾਗਤ ਹੈ। ਇਸ ਤੋਂ ਇਲਾਵਾ ਕੇਦਾਰਨਾਥ, ਬਦਰੀਨਾਥ ਤੇ ਫੁੱਲਾਂ ਦੀ ਘਾਟੀ ਵੀ ਖੁੱਲ੍ਹ ਚੁੱਕੇ ਹਨ। ਇਸ ਸੰਦਰਭ 'ਚ ਗੱਲ 30 ਕੁ ਵਰ੍ਹੇ ਪਹਿਲਾਂ ਚੜ੍ਹਦੀ ਉਮਰ ਦੀ ਹੈ, ਜਦੋਂ ਦਿਮਾਗ਼ ਉੱਤੇ ਦਿਲ ਹਾਵੀ ਹੁੰਦਾ ਹੈ। ਅਸੀਂ 4-5 ਦੋਸਤ ਬੈਠੇ ਗੱਲਾਂ-ਬਾਤਾਂ ਕਰ ਰਹੇ ਸੀ। ਅਚਾਨਕ ਵਿਚੋਂ ਇੱਕ ਬੇਲੀ ਕਹਿੰਦਾ ਕਿ ਯਾਰ ਕਦੇ ਹੇਮਕੁੰਟ ਸਾਹਿਬ ਨਹੀਂ ਦੇਖਿਆ। ਤੁਰੰਤ ਹੀ 3 ਜਣਿਆਂ ਨੇ ਜਾਣ ਦਾ ਪ੍ਰੋਗਰਾਮ ਬਣਾ ਲਿਆ। 18 ਸਾਲ ਦੀ ਉਮਰੇ ਸਭ ਤੋਂ ਪਹਿਲੀ ਪਹਾੜੀ ਯਾਤਰਾ ਹੀ ਸਭ ਤੋਂ ਉੱਚੇ ਪਹਾੜਾਂ ਵਾਲੀ ਕਰਨ ਦੀ ਸੋਚ ਲਈ। ਇੱਕ ਸਕੂਟਰ ਮੇਰਾ ਸੀ ਤੇ ਦੂਜਾ ਸਾਡੇ ਇੱਕ ਦੋਸਤ ਦੇ ਜੀਜੇ ਕੋਲੋਂ ਬੁਲਟ ਮੋਟਰਸਾਈਕਲ ਲੈਣ ਲਈ ਮੇਰੇ ਸਕੂਟਰ 'ਤੇ ਰੋਪੜ ਨੂੰ ਚਾਲੇ ਪਾ ਦਿੱਤੇ। ਉੱਥੋਂ ਬੁਲਟ ਲੈ ਕੇ ਸਰਹਿੰਦ ਵਾਪਸ ਆਉਣ ਉਪਰੰਤ ਇੱਕ ਹੋਰ ਦੋਸਤ ਤੋਂ ਵਾਕ-ਮੈਨ ਤੇ ਰੀਲਾਂ ਵਾਲਾ ਕੈਮਰਾ ਲੈ ਕੇ ਅਸੀਂ ਤਿੰਨੇ ਜਣੇ ਉਸੇ ਸ਼ਾਮ ਚੱਲ ਪਏ। ਨਾ ਸਕੂਟਰ-ਮੋਟਰਸਾਈਕਲ ਚੰਗੀ ਤਰ੍ਹਾਂ ਚਲਾਉਣੇ ਆਉਂਦੇ ਸੀ ਤੇ ਨਾ ਪਤਾ ਸੀ ਕਿ ਕਿੰਨੇ ਕਿੱਲੋਮੀਟਰ ਹੈ, ਕਿੰਨੇ ਪੈਸੇ ਚਾਹੀਦੇ ਹਨ, ਕਿੰਨਾ ਪੈਟਰੋਲ ਲੱਗੇਗਾ ਆਦਿ। ਘਰ ਬਹਾਨਾ ਲਾਇਆ ਕਿ ਇੱਕ ਦੋਸਤ ਦੀ ਭੈਣ ਦੇ ਦਿਉਰ ਦਾ ਵਿਆਹ ਹੈ ਅੰਬਾਲੇ, ਸੋ ਕੰਮ ਕਰਵਾਉਣ ਲਈ 2-3 ਦਿਨ ਪਹਿਲਾਂ ਜਾਣੈ ਉੱਥੇ, ਔਖੇ-ਸੌਖੇ ਘਰਦਿਆਂ ਨੂੰ ਮਨਾ ਲਿਆ। ਉਦੋਂ ਪੈਸੇ ਵੀ ਓਨੇ ਕੁ ਹੀ ਹੁੰਦੇ ਸੀ ਜੇਬ ਵਿਚ। ਰਸਤੇ 'ਚ ਤੇਲ ਬਚਾਉਣ ਦੀ ਸਕੀਮ ਲਈ, ਇੱਕ ਰੱਸੀ ਲਈ ਤੇ ਸਕੂਟਰ ਨੂੰ ਟੋਚਣ ਪਾ ਲਿਆ। ਕਦੇ ਸਕੂਟਰ ਮੂਹਰੇ ਤੇ ਕਦੇ ਮੋਟਰਸਾਈਕਲ। ਭਾਵ 400-500 ਰੁਪਏ ਪਿੱਛੇ ਆਪਣੀਆਂ ਜ਼ਿੰਦਗੀਆਂ ਦਾਅ 'ਤੇ ਲਾਈ ਰੱਖੀਆਂ, ਪਰ ਉਦੋਂ ਇੰਨੀ ਸਮਝ ਕਿੱਥੇ ਸੀ। ਘੁੰਮਦੇ-ਘੁੰਮਾਉਂਦੇ ਸ਼ਾਹਬਾਦ ਮਾਰਕੰਡੇ ਜਾ ਪਹੁੰਚੇ, ਜਿੱਥੇ ਇੱਕ ਦੋਸਤ ਦੇ ਰਿਸ਼ਤੇਦਾਰਾਂ ਦੇ ਘਰ ਪਹਿਲੀ ਰਾਤ ਕੱਟੀ। ਦੂਜੇ ਦਿਨ ਤੜਕੇ ਨਾਸ਼ਤਾ ਕਰਕੇ ਅੱਗੇ ਦੇ ਚਾਲੇ ਪਾ ਦਿੱਤੇ। ਉੱਥੋਂ 3-4 ਘੰਟੇ ਬਾਅਦ ਹਰਿਦੁਆਰ ਪਹੁੰਚ ਗਏ। ਉੱਥੇ ਕਿੰਨੀ ਦੇਰ ਗੰਗਾ ਨਦੀ ਕਿਨਾਰੇ ਫ਼ੋਟੋਆਂ ਖਿੱਚਦੇ ਰਹੇ। ਇੱਕ ਰੀਲ ਤਾਂ ਉੱਥੇ ਹੀ ਮੁਕਾ ਦਿੱਤੀ। ਕੈਮਰੇ 'ਚ ਨਵੀਂ ਰੀਲ ਪਵਾਉਣ ਲਈ ਬਾਜ਼ਾਰ ਚਲੇ ਗਏ। ਉੱਥੇ ਇੱਕ ਛੋਟਾ ਗੁਰਦੁਆਰਾ ਸੀ, ਜਿੱਥੇ ਲੰਗਰ ਛਕਣ ਲੱਗ ਪਏ। ਅਸੀਂ ਸੋਚਿਆ ਕਿ ਇੱਥੋਂ 30 ਕੁ ਕਿੱਲੋਮੀਟਰ ਹੀ ਰਹਿ ਗਿਆ ਹੈ, ਸੋ ਆਰਾਮ ਨਾਲ ਚੱਲਾਂਗੇ। ਉੱਥੇ ਕਿਸੇ ਨੂੰ ਪੁੱਛਿਆ ਤਾਂ ਉਸ ਨੇ ਦੱਸਿਆ ਕਿ ਰਿਸ਼ੀਕੇਸ਼ ਤੋਂ 300 ਕਿਲੋਮੀਟਰ ਦਾ ਪਹਾੜੀ ਸਫ਼ਰ ਤਹਿ ਕਰਨ ਤੋਂ ਬਾਅਦ ਆਉਂਦੈ ਹੇਮਕੁੰਟ ਸਾਹਿਬ। ਇਹ ਸੁਣ ਕੇ ਤਾਂ ਸਾਡੇ ਸਾਹ ਹੀ ਸੁੱਕ ਗਏ। ਸਾਰੇ ਜਣਿਆਂ ਨੇ ਫ਼ੈਸਲਾ ਕੀਤਾ ਕਿ ਇਮਾਨਦਾਰੀ ਨਾਲ ਆਪਣੀਆਂ-ਆਪਣੀਆਂ ਜੇਬਾਂ 'ਚ ਦੇਖੋ ਕਿ ਕਿੰਨੇ ਕੁ ਪੈਸੇ ਹਨ, ਕਿਉਂਕਿ ਹੁਣ ਦੁਬਾਰਾ ਤੇਲ ਦੀਆਂ ਟੈਂਕੀਆਂ ਪੈਟਰੋਲ ਨਾਲ ਫੁੱਲ ਕਰਵਾਉਣੀਆਂ ਪੈਣੀਆਂ ਸਨ। ਓਦੋਂ ਨਾ ਤਾਂ ਏ.ਟੀ.ਐੱਮ. ਤੇ ਨਾ ਹੀ ਮੋਬਾਈਲ ਫ਼ੋਨ ਹੁੰਦੇ ਸਨ। ਦੂਜੇ ਦਿਨ ਸਕੂਟਰ ਰਿਸ਼ੀਕੇਸ਼ ਖੜ੍ਹਾ ਕਰ ਕੇ ਬੁਲਟ 'ਤੇ ਤਿੰਨ ਜਣਿਆਂ ਨੇ ਹੇਮਕੁੰਟ ਸਾਹਿਬ ਦੀ ਯਾਤਰਾ ਸ਼ੁਰੂ ਕਰ ਦਿੱਤੀ।

ਰਿਸ਼ੀਕੇਸ਼ ਦੇ ਨਜ਼ਦੀਕ ਹੀ ਲਛਮਣ ਝੂਲਾ ਹੈ, ਇੱਥੇ ਤਪੋਬਨ ਨਾਮਕ ਸਥਾਨ 'ਤੇ ਭਾਰਤੀ ਸੈਲਾਨੀਆਂ ਤੋਂ ਇਲਾਵਾ ਵਿਦੇਸ਼ੀ ਸੈਲਾਨੀ ਵੀ ਆਉਂਦੇ ਰਹਿੰਦੇ ਹਨ। ਗੰਗਾ ਨਦੀ ਦੇ ਕਿਨਾਰੇ ਅਨੇਕਾਂ ਹੀ ਯੋਗ ਕੇਂਦਰ ਖੁੱਲ੍ਹੇ ਹੋਏ ਹਨ, ਜਿੱਥੇ ਜਾ ਕੇ ਸੈਲਾਨੀ ਮੈਡੀਟੇਸ਼ਨ ਲੈ ਕੇ ਅਸੀਮ ਸ਼ਾਂਤੀ ਮਹਿਸੂਸ ਕਰਦੇ ਹਨ। ਉੱਪਰ ਪਹੁੰਚ ਕੇ ਅਲਕ ਨੰਦਾ ਨਾਂ ਨਾਲ ਜਾਣਿਆ ਜਾਂਦਾ ਦਰਿਆ ਹੈ, ਜੋ ਇੱਥੇ ਗੰਗਾ ਨਦੀ ਅਖਵਾਉਂਦਾ ਹੈ। ਰਸਤੇ 'ਚ ਇੱਕ ਪਾਸੇ ਪਾਤਾਲ ਜਿੰਨੀਆਂ ਡੂੰਘੀਆਂ ਖਾਈਆਂ ਤੇ ਦੂਜੇ ਪਾਸੇ ਅਸਮਾਨ ਛੂੰਹਦੇ ਉੱਚੇ ਪਹਾੜ। ਆਪਣੇ ਤੋਂ ਹੇਠਾਂ ਛਾਏ ਬੱਦਲਾਂ ਨੂੰ ਦੇਖ ਮਨ ਰੁਮਾਂਚਿਤ ਹੋ ਉੱਠਿਆ। ਖੁੱਲ੍ਹੇ ਝਰਨਿਆਂ ਹੇਠ ਨਹਾਉਣ ਦਾ ਨਜ਼ਾਰਾ ਅੱਜ ਵੀ ਚੇਤੇ ਹੈ। ਨਾਗ ਵਾਂਗ ਵਲ-ਵਲੇਮੇ ਖਾਂਦੀਆਂ ਸੜਕਾਂ, ਉੱਚੇ ਨੀਵੇਂ ਹਜ਼ਾਰਾਂ ਕੂਹਣੀ ਮੋੜ, ਕਦੇ ਮੀਂਹ ਤੇ ਕਦੇ ਧੁੱਪ 'ਚ ਬੇਪ੍ਰਵਾਹ ਅਸੀਂ ਆਪਣੀ ਮੰਜ਼ਿਲ ਵੱਲ ਵਧਦੇ ਗਏ। ਕੁਦਰਤ ਨਾਲ ਇੱਕਮਿਕ ਹੋਣ ਦਾ ਉਹ ਪਹਿਲਾ ਅਹਿਸਾਸ ਕਦੇ ਨਹੀਂ ਭੁੱਲ ਸਕਦੇ। ਇੰਨੇ ਔਖੇ ਰਸਤਿਆਂ 'ਚ ਰੇਸਾਂ ਵੀ ਲਾਈਆਂ। ਬੱਸ ਕਰਮ ਚੰਗੇ ਸੀ ਜਾਂ ਰੱਬ ਦੀ ਸੁਵੱਲੀ ਨਜ਼ਰ ਸੀ ਸਾਡੇ ਉੱਤੇ। ਡਰਾਈਵਿੰਗ 'ਚ ਰਤਾ ਭਰ ਦੀ ਲਾਪ੍ਰਵਾਹੀ ਜਾਨਲੇਵਾ ਸਾਬਤ ਹੋ ਸਕਦੀ ਸੀ।

ਰਿਸ਼ੀਕੇਸ਼ ਤੋਂ ਚੱਲ ਕੇ ਅੱਗੇ ਸ਼੍ਰੀਨਗਰ ਸ਼ਹਿਰ ਆਉਂਦਾ ਹੈ, ਜੋ ਕਿ ਅਲਕ ਨੰਦਾ ਕਿਨਾਰੇ ਹੀ ਵਸਿਆ ਹੋਇਆ ਹੈ। ਸ਼੍ਰੀਨਗਰ ਹੁੰਦੇ ਹੋਏ ਸੁਕਾਰਤਾ, ਖਾਸਕਾਰਾ, ਨਰਕੋਟਾ ਆਦਿ ਛੋਟੇ-ਛੋਟੇ ਕਸਬੇ ਲੰਘਣ ਉਪਰੰਤ ਰੁਦਰ ਪਰਿਆਗ ਪਹੁੰਚ ਗਏ, ਜਿੱਥੇ ਦਰਿਆ ਅਲਕ ਨੰਦਾ ਅਤੇ ਮੰਦਾਕਨੀ ਨਦੀ ਦਾ ਸੰਗਮ ਹੁੰਦਾ ਹੈ। ਰਿਸ਼ੀਕੇਸ਼ ਤੋਂ ਗੋਬਿੰਦ ਘਾਟ ਤੱਕ 5 ਪਰਿਆਗ ਆਉਂਦੇ ਹਨ। ਪਹਿਲਾ ਸ਼੍ਰੀਨਗਰ ਤੋਂ ਪਹਿਲਾਂ ਹੀ ਦੇਵ ਪਰਿਆਗ ਹੈ, ਜਿੱਥੇ ਅਲਕ ਨੰਦਾ ਤੇ ਭਗੀਰਥੀ ਦਾ ਸੁਮੇਲ ਹੁੰਦਾ ਹੈ। ਅੱਗੇ ਚੱਲ ਕੇ ਤੀਜਾ ਕਰਨ ਪਰਿਆਗ ਆਉਂਦਾ ਹੈ, ਜਿੱਥੇ ਭਿੰਡਰ ਗੰਗਾ ਦਾ ਅਲਕ ਨੰਦਾ ਦੀਆਂ ਲਹਿਰਾਂ ਦੇ ਸੰਗਮ ਨੂੰ ਦੇਖ ਕੇ ਕੁਦਰਤ ਤੇ ਕਾਦਰ ਦੇ ਨਜ਼ਾਰੇ ਨੂੰ ਤੱਕ ਕੇ ਮਨ ਵਿਸਮਾਦ ਵਿਚ ਪਹੁੰਚ ਗਿਆ। ਕਰਨ ਪਰਿਆਗ ਲੰਘਣ ਉਪਰੰਤ ਥੋੜ੍ਹੀ ਦੂਰੀ 'ਤੇ ਅਸੀਂ ਨੰਦ ਪਰਿਆਗ ਪਹੁੰਚ ਗਏ। ਚੱਲਦੇ-ਚੱਲਦੇ ਪਿੱਪਲ ਖੋਟੀ ਤੋਂ ਅਗਲੇ ਪੜਾਅ ਜੋਸ਼ੀ ਮੱਠ ਜਾ ਕੇ ਬੁਲਟ ਨੂੰ ਬਰੇਕਾਂ ਲਗਾਈਆਂ, ਇੱਥੇ ਇਤਿਹਾਸਕ ਗੁਰਦੁਆਰਾ ਦੁਸ਼ਟ-ਦਮਨ ਵਿਖੇ ਲੰਗਰ ਪਾਣੀ ਛੱਕ ਕੇ ਕੁੱਝ ਦੇਰ ਆਰਾਮ ਕੀਤਾ। ਜੋਸ਼ੀ ਮੱਠ ਤੋਂ ਗੋਬਿੰਦ ਘਾਟ ਤੱਕ 25 ਕਿੱਲੋਮੀਟਰ ਲਗਾਤਾਰ ਚੜ੍ਹਾਈ ਆਉਂਦੀ ਹੈ, ਜਿੱਥੇ ਰਸਤਾ ਤੰਗ ਹੋਣ ਕਰ ਕੇ ਆਵਾਜਾਈ ਇੱਕ ਤਰਫੀ ਹੀ ਰਹਿ ਜਾਂਦੀ ਹੈ। ਇੱਥੇ ਪਹੁੰਚਦੀਆਂ ਤੱਕ ਸ਼ਾਮਨੁਮਾ ਹਨੇਰਾ ਹੋਣ 'ਤੇ ਸਿੰਗਲ ਉਚਾਈ ਵਾਲਾ ਰਸਤਾ ਹੋਣ ਕਾਰਨ ਡਰ ਵੀ ਲੱਗਦਾ ਹੈ। ਇਸ ਰਸਤੇ 'ਤੇ ਹੀ ਵਿਸ਼ਨੂੰ ਪਰਿਆਗ ਆ ਜਾਂਦਾ ਹੈ। ਸ਼੍ਰੀਨਗਰ, ਰੁਦਰ ਪਰਿਆਗ, ਪਿੱਪਲ ਖੋਟੀ, ਜੋਸ਼ੀ ਮੱਠ ਹੁੰਦੇ ਹੋਏ ਸ਼ਾਮੀ ਕਰੀਬ 6-7 ਵਜੇ ਯਾਤਰਾ ਦੇ ਪਹਿਲੇ ਪੜਾਅ ਗੋਬਿੰਦ ਘਾਟ ਵਿਖੇ ਮੋਟਰਸਾਈਕਲ ਪਾਰਕਿੰਗ 'ਚ ਲਾ ਕੇ ਕਿਤੇ ਚੈਨ ਮਿਲਿਆ। ਇੱਥੇ ਅਲਕ ਨੰਦਾ ਤੇ ਹੇਮ ਗੰਗਾ ਦਾ ਸੰਗਮ ਹੁੰਦਾ ਹੈ, ਜੋ ਕਿ ਹੇਮਕੁੰਟ ਸਾਹਿਬ ਦੇ ਅੰਮ੍ਰਿਤ ਸਰੋਵਰ 'ਚੋਂ ਨਿਕਲਦੀ ਹੈ। ਇਹ ਅਸਥਾਨ ਸਮੁੰਦਰੀ ਤਲ ਤੋਂ 6000 ਫੁੱਟ ਦੀ ਉਚਾਈ 'ਤੇ ਸਥਿਤ ਹੈ। ਇੱਥੋਂ ਹੀ ਯਾਤਰੀ ਹੇਮਕੁੰਟ ਸਾਹਿਬ ਤੋਂ ਇਲਾਵਾ ਬਦਰੀਨਾਥ, ਫੁੱਲਾਂ ਦੀ ਘਾਟੀ ਆਦਿ ਦੇਖਣ ਜਾਂਦੇ ਹਨ।

ਇਸ ਪੜਾਅ ਤੋਂ ਅੱਗੇ ਹੇਮਕੁੰਟ ਸਾਹਿਬ ਦੀ ਪੈਦਲ ਯਾਤਰਾ ਸ਼ੁਰੂ ਹੋ ਜਾਂਦੀ ਹੈ। ਕਹਿੰਦੇ ਹਨ ਕਿ ਇੱਥੇ ਚੱਪੇ-ਚੱਪੇ 'ਚ ਕੁਦਰਤ ਦਾ ਵਾਸਾ ਹੋਣ ਕਾਰਨ ਮੁਰਦਾ ਇਨਸਾਨ 'ਚ ਵੀ ਨਰੋਈ ਰੂਹ ਪ੍ਰਵੇਸ਼ ਕਰ ਜਾਂਦੀ ਹੈ। ਜਿਹੜੇ ਮੈਦਾਨੀ ਇਲਾਕੇ 'ਚ ਕਿੱਲੋਮੀਟਰ ਵੀ ਨਹੀਂ ਤੁਰ ਸਕਦੇ, ਉਹ ਇੱਥੇ ਲੰਮੀਆਂ ਤੇ ਉੱਚੀਆਂ ਚੜ੍ਹਾਈਆਂ ਸਹਿਜੇ ਹੀ ਚੜ੍ਹ ਜਾਂਦੇ ਹਨ।

ਅਗਲੇ ਦਿਨ 13 ਕਿੱਲੋਮੀਟਰ ਦੀ ਪੈਦਲ ਯਾਤਰਾ ਸ਼ੁਰੂ ਕੀਤੀ। ਗੋਬਿੰਦ ਘਾਟ ਤੋਂ ਪੈਦਲ ਯਾਤਰਾ ਸ਼ੁਰੂ ਹੁੰਦੇ ਹੀ ਹੇਮ ਗੰਗਾ 'ਤੇ ਬਣਿਆ ਪੁਲ ਪਾਰ ਕੀਤਾ, ਜਿਸ ਨੂੰ ਪਾਰ ਕਰ ਕੇ ਸੰਗਤਾਂ ਲੋਕ ਪਾਲ ਦੀ ਧਰਤੀ 'ਤੇ ਪਹੁੰਚ ਜਾਂਦੀਆਂ ਹਨ। ਇੱਥੇ ਪਹੁੰਚ ਕੇ ਇੰਝ ਪ੍ਰਤੀਤ ਹੁੰਦਾ ਸੀ ਕਿ ਜਿਵੇਂ ਅਸੀਂ ਧਰਤੀ 'ਤੇ ਨਾ ਹੋ ਕੇ ਕਿਸੇ ਹੋਰ ਹੀ ਦੁਨੀਆਂ 'ਚ ਆ ਗਏ ਹੋਈਏ। ਅਸੀਂ ਉੱਪਰ ਗੁਰਦੁਆਰਾ ਸਾਹਿਬ ਪਹੁੰਚ ਕੇ ਫ਼ੋਟੋਆਂ ਖਿੱਚਣ ਦੇ ਚਾਅ 'ਚ ਪੱਗਾਂ ਤੇ ਹੋਰ ਕੱਪੜਿਆਂ ਨਾਲ ਬੈਗ ਭਰ ਲਿਆ। ਰਸਤੇ 'ਚ ਉਹੀ ਬੈਗ ਕੁਇੰਟਲ ਭਾਰ ਦੇ ਬਰਾਬਰ ਲੱਗਿਆ, ਜਿਸ ਨੂੰ ਚੁੱਕਣ ਲਈ ਸਾਡੀ ਕਈ ਵਾਰੀ ਆਪਸ 'ਚ ਲੜਾਈ ਵੀ ਹੋਈ। ਉੱਪਰੋਂ ਵਾਪਸ ਆਉਂਦੀ ਸੰਗਤ ਦੇ ਹੌਂਸਲੇ ਸਦਕਾ ਸ਼ਾਮੀ 5 ਕੁ ਵਜੇ ਅਸੀਂ ਯਾਤਰਾ ਦੇ ਦੂਜੇ ਪੜਾਅ ਗੋਬਿੰਦ ਘਾਟ ਵਿਖੇ ਪਹੁੰਚ ਗਏ। ਇਹ ਰਸਤਾ ਵੀ ਖ਼ਤਰਿਆਂ ਭਰਿਆ ਹੋਣ ਦੇ ਬਾਵਜੂਦ ਰੁਮਾਂਚ ਭਰਦਾ ਹੈ। ਗੋਬਿੰਦ ਧਾਮ ਦੀ ਸਮੁੰਦਰੀ ਤਲ ਤੋਂ ਉਚਾਈ 10,000 ਫੁੱਟ ਹੈ। ਇੱਥੇ ਲਛਮਣ ਅਤੇ ਪੁਸ਼ਪਾ ਨਦੀ ਦਾ ਮਿਲਾਪ ਹੁੰਦਾ ਹੈ, ਜਿਸ ਨੂੰ ਘਾਘਰੀਆ ਕਿਹਾ ਜਾਂਦਾ ਹੈ। ਪਿਛਲੇ ਸਾਲਾਂ ਦੌਰਾਨ ਆਏ ਹੜ੍ਹਾਂ ਕਾਰਨ ਇਸ ਥਾਂ 'ਤੇ ਬਹੁਤ ਨੁਕਸਾਨ ਹੋਇਆ ਸੀ। ਇੱਥੋਂ ਕੁੱਝ ਅੱਗੇ ਜਾ ਕੇ ਇੱਕ ਰਸਤਾ ਫੁੱਲਾਂ ਦੀ ਘਾਟੀ ਨੂੰ ਜਾਂਦਾ ਹੈ। ਇੱਥੇ ਆ ਕੇ ਆਪਣੇ ਆਪ ਯਕੀਨ ਬਣ ਜਾਂਦੈ ਕਿ ਜੇ ਕੋਈ ਧਰਤੀ 'ਚ ਸਵਰਗ ਹੈ, ਤਾਂ ਉਹ ਇੱਥੇ ਹੀ ਹੈ।

ਇੱਥੇ ਲੰਗਰ ਲਈ ਰਸਦ ਪਹੁੰਚਾਉਣੀ ਬਹੁਤ ਮੁਸ਼ੱਕਤ ਭਰਿਆ ਕੰਮ ਹੈ। ਰਾਸ਼ਨ ਦਾ ਸਾਰਾ ਸਾਮਾਨ ਖੱਚਰਾਂ 'ਤੇ ਲੱਦ ਕੇ ਲੰਗਰ ਹਾਲ 'ਚ ਪਹੁੰਚਾਇਆ ਜਾਂਦਾ ਹੈ। ਸੋ ਉੱਥੇ ਜੂਠ ਛੱਡਣੀ ਖ਼ਾਸ ਤੌਰ 'ਤੇ ਵਰਜਿਤ ਹੈ। ਲੰਗਰ ਛਕਦੇ ਹੋਏ ਅਸੀਂ ਦੋ ਜਣਿਆਂ ਨੇ ਸਲਾਹ ਕਰ ਕੇ ਤੀਜੇ ਦੋਸਤ ਨੂੰ ਕਿਹਾ ਕਿ ਸਾਡੇ ਦੋਵਾਂ ਦੇ ਚੌਲ ਵੀ ਤੂੰ ਆਪਣੀ ਥਾਲ਼ੀ 'ਚ ਹੀ ਪਵਾ ਲਾ, ਆਪਾਂ ਇਕੱਠੇ ਹੀ ਛਕਾਂਗੇ। ਉਸ ਨੇ ਆਪਣੀ ਥਾਲ਼ੀ ਚੌਲਾਂ ਨਾਲ ਭਰਵਾ ਲਈ। ਪ੍ਰਸ਼ਾਦਾ ਛਕਣ ਉਪਰੰਤ ਅਸੀਂ ਉੱਠ ਕੇ ਜਾਣ ਲੱਗੇ ਤਾਂ ਉਹ ਕਹਿੰਦਾ ਕਿ ਆਪਣੇ ਚੌਲ ਵੀ ਖਾਓ। ਅਸੀਂ ਕਿਹਾ ਕਿ ਤੂੰ ਪਵਾਏ ਹਨ ਤੇ ਤੂੰ ਹੀ ਛਕ ਹੁਣ ਆਪੇ। ਸਾਨੂੰ ਮੰਦਾ ਬੋਲਦਾ ਉਹ ਵੀ ਚੌਲਾਂ ਦੀ ਭਰੀ ਆਪਣੀ ਥਾਲ਼ੀ ਚੁੱਕ ਕੇ ਸਾਡੇ ਪਿੱਛੇ ਹੀ ਆ ਗਿਆ। ਅੱਗੇ ਦਰਵਾਜ਼ੇ 'ਤੇ ਬਾਬਾ ਡਾਂਗ ਲਈ ਬੈਠਾ ਸੀ। ਅਸੀਂ ਫੱਟ ਦੇਣੇ ਬਾਬੇ ਨੂੰ ਉਸ ਬਾਬਤ ਦੱਸ ਦਿੱਤਾ। ਬਾਬੇ ਨੇ ਉਸ ਨੂੰ ਆਪਣੇ ਕੋਲ ਹੀ ਬਿਠਾ ਲਿਆ ਤੇ ਜ਼ਬਰਦਸਤੀ ਸਾਰੇ ਚੌਲ ਖਵਾਉਣ ਤੋਂ ਬਾਅਦ ਹੀ ਬਾਹਰ ਜਾਣ ਦਿੱਤਾ।

ਅਗਲੀ ਸਵੇਰੇ ਹੀ 6 ਕਿੱਲੋਮੀਟਰ ਦੀ ਸਿੱਧੀ ਚੜ੍ਹਾਈ ਚੜ੍ਹਦਿਆਂ ਸਾਰ ਹੇਮਕੁੰਟ ਸਾਹਿਬ ਪਹੁੰਚ ਕੇ ਇਸ਼ਨਾਨ ਕੀਤਾ, ਜਿਸ ਨਾਲ ਪਲਾਂ ਚ ਸਾਰੀ ਥਕਾਵਟ ਖੰਭ ਲਾ ਕੇ ਕਿੱਧਰੇ ਉੱਡ ਗਈ ਤੇ ਮਨ ਕਿਸੇ ਹੋਰ ਹੀ ਦੁਨੀਆਂ 'ਚ ਪਹੁੰਚ ਗਿਆ। ਉੱਚੀਆਂ-ਉੱਚੀਆਂ ਪਹਾੜੀਆਂ 'ਚ ਘਿਰਿਆ ਗੁਰਦੁਆਰਾ ਹੇਮਕੁੰਟ ਸਾਹਿਬ, ਬਰਫ਼ ਨਾਲੋਂ ਠੰਢਾ ਸਰੋਵਰ ਦਾ ਨੀਲੇ ਰੰਗ ਦਾ ਪਾਣੀ ਏਦਾਂ ਲੱਗਦਾ ਸੀ ਕਿ ਅਸਮਾਨ ਵੀ ਸਾਡੇ ਕਦਮਾਂ 'ਚ ਆ ਗਿਆ ਹੋਵੇ। ਇਸ਼ਨਾਨ ਕਰਨ ਉਪਰੰਤ ਲੰਗਰ ਦੀ ਬਦਾਮਾਂ ਵਾਲੀ ਚਾਹ ਦੁਬਾਰਾ ਅੱਜ ਤੱਕ ਨਹੀਂ ਪੀਤੀ। ਫੇਰ ਦਰਬਾਰ ਸਾਹਿਬ 'ਚ ਅਰਦਾਸ ਹੋਈ। ਉੱਥੇ ਯਾਦਗਾਰੀ ਤਸਵੀਰਾਂ ਲੈਣ ਉਪਰੰਤ ਨਾ ਚਾਹੁੰਦਿਆਂ ਹੋਇਆ ਵਾਪਸ ਚੱਲ ਪਏ। ਕਿਉਂਕਿ ਪੈਦਲ ਚੜ੍ਹਨ ਨਾਲੋਂ ਉੱਤਰਨਾ ਸੌਖਾ ਸੀ, ਇਸ ਲਈ ਅਸੀਂ ਵਾਪਸੀ 'ਤੇ 13 ਦੀ ਥਾਂ 19 ਕਿੱਲੋਮੀਟਰ ਦਾ ਪੈਂਡਾ ਉਸੇ ਦਿਨ ਤਹਿ ਕਰ ਕੇ 25 ਕਿੱਲੋਮੀਟਰ ਪੈਦਲ ਤੁਰੇ। ਹਨੇਰਾ ਹੋਣ 'ਤੇ ਇੱਕ ਵਾਰੀ ਗ਼ਲਤ ਪਗਡੰਡੀ ਵੀ ਪੈ ਗਏ ਤੇ ਕਾਫ਼ੀ ਦੂਰੋਂ ਵਾਪਸ ਆ ਕੇ ਸਹੀ ਰਸਤੇ ਪਏ।

ਅਗਲੇ ਦਿਨ ਬਦਰੀਨਾਥ ਜਾਣ ਲਈ ਮੋਟਰਸਾਈਕਲ ਸਟਾਰਟ ਕੀਤਾ ਹੀ ਸੀ, ਖ਼ਬਰ ਸੁਣਨ ਨੂੰ ਮਿਲੀ ਕਿ ਕੱਲ੍ਹ ਬਦਰੀਨਾਥ ਤੋਂ ਵਾਪਸ ਆਉਂਦਾ ਇੱਕ ਮੋਟਰਸਾਈਕਲ ਨਦੀ 'ਚ ਰੁੜ੍ਹ ਗਿਆ ਹੈ। ਨਾਲ ਹੀ ਅਸੀਂ ਮੋਟਰਸਾਈਕਲ ਉੱਥੇ ਹੀ ਖੜ੍ਹਾ ਕਰ ਦਿੱਤਾ ਤੇ ਦਿੱਲੀ ਦੀ ਸੰਗਤ ਦੀ ਇੱਕ ਬੱਸ 'ਚ ਲਿਫ਼ਟ ਲੈ ਲਈ। 20 ਕਿੱਲੋਮੀਟਰ ਦਾ ਪਹਾੜੀ ਸਫ਼ਰ ਬੱਸ ਨੇ 2 ਘੰਟਿਆਂ 'ਚ ਤਹਿ ਕੀਤਾ। ਉੱਥੇ ਬਦਰੀਨਾਥ ਦੇ ਦਰਸ਼ਨ ਕੀਤੇ ਤੇ ਭਾਰਤ ਦਾ ਚੀਨ ਦੀ ਸਰਹੱਦ ਨਾਲ ਲੱਗਦਾ ਆਖ਼ਰੀ ਪਿੰਡ 'ਮਾਨਾ' ਵੀ ਦੇਖਿਆ, ਜਿਸਨੂੰ ਹੁਣ ਭਾਰਤ ਦਾ ਪਹਿਲਾ ਪਿੰਡ ਕਿਹਾ ਜਾਂਦਾ ਹੈ। ਸ਼ਾਮ 4 ਕੁ ਵਜੇ ਹੀ ਦਿਨ ਛਿਪ ਗਿਆ। ਉਸੇ ਬੱਸ 'ਚ ਵਾਪਸ ਆ ਕੇ ਰਾਤ ਨੂੰ ਗੁਰਦੁਆਰੇ ਦੇ ਹਾਲ 'ਚ ਵਿਸ਼ਰਾਮ ਕੀਤਾ ਤੇ ਸਵੇਰੇ ਸਵਖਤੇ ਆਪਣਾ ਮੋਟਰਸਾਈਕਲ ਚੁੱਕ ਵਾਪਸੀ ਕਰ ਦਿੱਤੀ। ਰਸਤੇ 'ਚ ਹੁੱਲੜਬਾਜ਼ੀ ਕਰਦਿਆਂ ਇੱਕ-ਦੋ ਵਾਰੀ ਡਿੱਗ ਕੇ ਸੱਟਾਂ ਵੀ ਖਾਂਦੀਆਂ, ਕਿਉਂਕਿ ਉਸ ਵਕਤ ਜ਼ਿੰਦਗੀ ਦੀ ਕੀਮਤ ਕਿੱਥੇ ਪਤਾ ਸੀ। ਕਈ ਦੁਰਘਟਨਾਗ੍ਰਸਤ ਕਾਰਾਂ ਨਾਲ ਚੌੜ ਕਰਦਿਆਂ ਉਨ੍ਹਾਂ ਉੱਪਰ ਚੜ੍ਹ-ਚੜ੍ਹ ਫ਼ੋਟੋਆਂ ਵੀ ਖਿਚਵਾਈਆਂ। ਪਹਾੜੀ ਰਸਤਿਆਂ ਨਾਲ ਦੋ-ਦੋ ਹੱਥ ਕਰਦੇ ਸਹੀ ਸਲਾਮਤ ਵਾਪਸ ਰਿਸ਼ੀਕੇਸ਼ ਪੁੱਜ ਗਏ। ਅਗਲੇ ਦਿਨ ਉੱਥੋਂ ਆਪਣਾ ਸਕੂਟਰ ਲੈ ਕੇ ਆਪਣੇ-ਆਪਣੇ ਘਰ ਪਹੁੰਚ ਗਏ। ਘਰਦਿਆਂ ਨੂੰ ਪਤਾ ਲੱਗਣ 'ਤੇ ਘਰੋਂ ਝਿੜਕਾਂ ਮਿਲਣੀਆਂ ਤਾਂ ਸੁਭਾਵਿਕ ਸਨ। ਇਹ ਪਹਿਲੀ ਤੇ ਔਖੀ ਯਾਤਰਾ ਅੱਜ ਵੀ ਸਾਡੇ ਚੇਤਿਆਂ 'ਚ ਮਹਿਫ਼ੂਜ਼ ਪਈ ਹੈ। ਬੇਸ਼ੱਕ ਇੰਨੇ ਸਾਲ ਬੀਤਣ ਦੇ ਬਾਵਜੂਦ ਦੁਬਾਰਾ ਉੱਥੇ ਜਾਣ ਦਾ ਕਦੇ ਸਬੱਬ ਨਾ ਬਣ ਸਕਿਆ ਪਰ ਹੁਣ ਜਲਦ ਪ੍ਰਮਾਤਮਾ ਨੇ ਚਾਹਿਆ ਤਾਂ ਆਪਣੇ ਪਰਿਵਾਰ ਨਾਲ ਹੇਮਕੁੰਟ ਸਾਹਿਬ ਦੇ ਦੁਬਾਰਾ ਦਰਸ਼ਨ ਜ਼ਰੂਰ ਕਰਾਂਗੇ।

# ਮਾਂ ਬਨਾਮ ਘਰਵਾਲੀ

-ਸੁਖਪਾਲ ਸਿੰਘ ਗਿੱਲ
(ਅਬਿਆਣਾ ਕਲਾਂ)
98781-11445
(Punjab Mail USA)

ਅੱਜ ਲੋਕ ਸੰਵਾਦ ਦਾ ਸਾਡੇ ਸਮਾਜ ਵਿਚ ਭਖਦਾ ਵਿਸ਼ਾ ਮਾਂ ਬਨਾਮ ਘਰਵਾਲੀ ਹੈ। ਔਰਤ ਵੱਖ-ਵੱਖ ਰੂਪਾਂ ਵਿਚ ਵੱਖ-ਵੱਖ ਰਿਸ਼ਤਿਆਂ ਦੀ ਤਰਜਮਾਨੀ ਕਰਦੀ ਹੈ। ਕਈ ਰਿਸ਼ਤਿਆਂ ਵਿਚ ਔਰਤ ਦੀ ਦੁਸ਼ਮਣ ਔਰਤ ਹੀ ਹੋ ਗਈ। ਜਿਵੇਂ ਸੱਸ, ਨੂੰਹ, ਦਰਾਣੀ, ਜਠਾਣੀ ਅਤੇ ਭਰੂਣ ਹੱਤਿਆ ਆਦਿ। ਜਦੋਂ ਕਿਸੇ ਦਾ ਪੁੱਤ ਕਿਸੇ ਦਾ ਪਤੀ ਬਣਦਾ ਹੈ, ਤਾਂ ਪੁੱਤ ਤੋਂ ਬਣਿਆ ਪਤੀ ਸਮਾਜ ਦੇ ਦੋ ਪੁੜਾਂ ਵਿਚਾਲੇ ਆ ਜਾਂਦਾ ਹੈ। ਨਵੀਂ ਸਮਾਜਿਕ ਪਾਰੀ ਅਤੇ ਇਕਾਈ ਦੀ ਸ਼ੁਰੂਆਤ ਹੋ ਜਾਂਦੀ ਹੈ।

ਸਾਹਿਤ ਅਤੇ ਹਕੀਕਤ ਵਿਚ ਮਾਂ ਨੂੰ ਉੱਚਾ ਦਰਜਾ ਪ੍ਰਾਪਤ ਹੈ ਪਰ ਪਤਨੀ ਵੀ ਕਿਸੇ ਉੱਚੇ ਰਿਸ਼ਤੇ ਤੋਂ ਘੱਟ ਨਹੀਂ ਹੁੰਦੀ। ਕਈ ਪਤੀ ਮਾਂ ਦੇ ਸਤਿਕਾਰ ਦੀ ਆੜ ਹੇਠ ਘਰਵਾਲੀ ਨੂੰ ਨੀਵਾਂ ਦਿਖਾ ਕੇ ਬੇਇੱਜ਼ਤ ਕਰਦੇ ਰਹਿੰਦੇ ਹਨ। ਘੱਟ ਸੂਝ ਵਾਲੀਆਂ ਮਾਵਾਂ ਇਸ ਦੌਰਾਨ ਅੰਦਰੋਂ-ਅੰਦਰੀ ਖੁਸ਼ ਹੁੰਦੀਆਂ ਹਨ। "ਲਾਈਲੱਗ ਨਾ ਹੋਵੇ ਕਿਸੇ ਦਾ ਘਰਵਾਲਾ" ਇਸੇ ਅੰਦਾਜ਼ ਦੀ ਤਰਜਮਾਨੀ ਕਰਦੀ ਬੋਲੀ ਹੈ। ਇਸ ਦ੍ਰਿਸ਼ ਵਿਚ ਪਤੀ ਪ੍ਰਮੇਸ਼ਵਰ ਤੋਂ ਪਾਪੀ ਬਣਦਾ ਹੈ। ਸਮਾਜ ਦੀ ਰੀਤ ਹੀ ਅਜਿਹੀ ਹੈ ਕਿ ਮਾਂ ਨੂੰ ਘਰਵਾਲੀ ਮਾਂ ਨਹੀਂ ਸਮਝਦੀ ਅਤੇ ਮਾਂ ਘਰਵਾਲੀ ਨੂੰ ਧੀ ਨਹੀਂ ਸਮਝਦੀ। ਇਸੇ ਲਈ ਸਮਾਜਿਕ ਸੋਚ ਨੇ ਮਾਂ ਬਨਾਮ ਘਰਵਾਲੀ ਨੂੰ ਪੇਸ਼ ਕੀਤਾ ਹੈ। ਇਸ ਸੋਚ ਨੂੰ ਬਦਲਣ ਲਈ ਡੂੰਘੀ ਇੱਛਾ ਦੀ ਲੋੜ ਹੈ। ਘਰਵਾਲੀ ਨੂੰ ਓਪਰਾ ਜੀਵ ਸਮਝਣ ਵਾਲੀ ਘਰਾਂ ਵਿਚ ਇੱਕ ਸ਼ੈਤਾਨ ਲਾਬੀ ਵੀ ਹੁੰਦੀ ਹੈ। ਇਸ ਲਾਬੀ ਦੀ ਸੋਚ ਅਨੁਸਾਰ ਮਾਂ ਦੀ ਲੁਕਵੀਂ ਇੱਛਾ ਅਨੁਸਾਰ ਘਰਵਾਲੀ "ਆਟਾ ਗੁੰਨਦੀ ਸਿਰ ਕਿਉਂ ਹਿਲਾਉਂਦੀ" ਦਾ ਸ਼ਿਕਾਰ ਵੀ ਹੋ ਜਾਂਦੀ ਹੈ।

ਅੱਜ ਪ੍ਰਵਿਰਤੀ ਅਤੇ ਇੱਛਾ ਇਹ ਹੋਣੀ ਚਾਹੀਦੀ ਹੈ ਕਿ ਮਾਂ ਬਨਾਮ ਘਰਵਾਲੀ ਨੂੰ ਬੇ-ਜੋੜ ਕਰਕੇ ਮਾਂ ਅਤੇ ਘਰਵਾਲੀ ਦਾ ਸੁਮੇਲ ਹੋਣਾ ਚਾਹੀਦਾ ਹੈ। ਇਸ ਨਾਲ ਘਰ ਵਿਚ ਸੱਭਿਅਤ ਸਲੀਕੇ ਦੀ ਆਸ ਬੱਝੇਗੀ। ਸਮਾਜ ਵਿਚ ਜਿੱਥੇ ਮਾਂ ਵੱਲੋਂ ਸਮਾਜੀਕਰਨ ਅਤੇ ਸੱਭਿਅਤਾ ਦਾ ਸਲੀਕਾ ਮੁਕਾਇਆ ਜਾਂਦਾ ਹੈ, ਉੱਥੋਂ ਘਰਵਾਲੀ ਅਗਲਾ ਵਰਕਾ ਸ਼ੁਰੂ ਕਰਦੀ ਹੈ। ਮਾਂ ਪਾਲਣ-ਪੋਸ਼ਣ ਕਰਕੇ ਅਧਿਕਾਰ ਜਮਾਉਂਦੀ ਹੈ, ਜਦੋਂਕਿ ਘਰਵਾਲੀ ਲਾਵਾਂ-ਫੇਰੇ ਲੈ ਕੇ। ਪੁੱਤ ਪਤੀ ਤੇ ਦੋਵਾਂ ਦਾ ਅਧਿਕਾਰ ਹੋਣ ਕਰਕੇ ਇਕੱਲੀ-ਇਕੱਲੀ ਅਧਿਕਾਰ ਜਮਾਉਂਦੀ ਹੈ। ਜੇ ਮਾਂ ਸਮਝੇ ਕਿ "ਸਾਂਸ ਭੀ ਕਭੀ ਬਹੂ ਥੀ" ਤਾਂ ਸ਼ਾਇਦ ਬਹੁਤ ਕੁੱਝ ਬਦਲ ਸਕਦਾ ਹੈ। ਬੰਦੇ ਪ੍ਰਤੀ ਮਾਂ ਅਤੇ ਘਰਵਾਲੀ ਦੀ ਸੋਚ ਹਮੇਸ਼ਾ ਸਾਰਥਿਕ ਹੁੰਦੀ ਹੈ। ਰੂੜ੍ਹੀਵਾਦੀ ਬਨਾਮ ਨਵਾਂ ਜ਼ਮਾਨਾ ਵੀ ਲੇਖ ਤੇ ਸਿਰਲੇਖ ਨੂੰ ਗੂੜ੍ਹਾ ਕਰਦਾ ਹੈ।

ਮਾਂ ਗਿੱਲੇ ਪੈਂਦੀ ਸੀ। ਰੋਟੀ ਮੂੰਹ ਵਿਚ ਪਾਉਂਦੀ ਸੀ। ਘਣਛਾਵਾਂ ਬੂਟਾ ਕਹਾਉਂਦੀ ਹੈ। ਇਸੇ ਤਰਜ਼ 'ਤੇ ਘਰਵਾਲੀ ਦੀ ਰੋਜ਼ਾਨਾ ਦੀ ਆਦਤ ਘੋਖੋ ਦਾ ਪਤਾ ਚਲਦਾ ਹੈ ਕਿ ਸਿੱਕੇ ਦਾ ਪਹਿਲਾ ਪਾਸਾ ਮਾਂ ਅਤੇ ਦੂਜਾ ਪਾਸਾ ਘਰਵਾਲੀ ਹੁੰਦੀ ਹੈ। ਜਦੋਂ ਤੱਕ ਘਰਵਾਲਾ ਸਬਰ-ਸੰਤੋਖ ਨਾਲ ਰੋਟੀ ਪਾਣੀ ਨਾ ਖਾਵੇ-ਪੀਵੇ, ਉਦੋਂ ਤੱਕ ਮਾਂ ਵਾਂਗ ਘਰਵਾਲੀ ਨੂੰ ਵੀ ਸਬਰ ਨਹੀਂ ਆਉਂਦਾ। ਕਈ ਵਾਰ ਘਰਵਾਲੀ ਆਪਣੇ ਬੱਚੇ ਅਤੇ ਪਤੀ ਦੇ ਵਿਚਕਾਰ ਫਸ ਕੇ ਮਾਹੌਲ ਨੂੰ ਸਾਂਭਦੀ ਹੈ। ਮਾਂ ਦੀ ਮਮਤਾ ਹੁੰਦੀ ਹੈ ਅਤੇ ਘਰਵਾਲੀ ਦਾ ਪਿਆਰ ਹੁੰਦਾ ਹੈ। ਜੇ ਮਮਤਾ ਅਤੇ ਪਿਆਰ ਇਕੱਠੇ ਹੋ ਜਾਣ ਤਾਂ ਅੰਦਰ ਬਾਹਰ ਖੁਸ਼ੀ ਖੁਸ਼ਹਾਲੀ ਹੁੰਦੀ ਹੈ। ਅੱਜ ਲਿਖਤਾਂ ਦਾ ਰੁਖ ਵੀ ਇਹ ਹੋਣਾ ਚਾਹੀਦਾ ਹੈ ਕਿ ਜੇ ਧਰਤੀ ਤਾਂ ਅਕਾਸ਼ ਵਾਂਗ ਜੇ ਮਾਂ ਤਾਂ ਪੁੱਤ, ਜੇ ਪੁੱਤ ਤਾਂ ਘਰਵਾਲੀ। ਅਜਿਹੇ ਸਮਾਜੀਕਰਨ ਦੀ ਗੁੜ੍ਹਤੀ ਨਾਲ ਹੀ ਮਾਣਮੱਤੇ ਮਾਂ ਅਤੇ ਘਰਵਾਲੀ ਦੇ ਰਿਸ਼ਤੇ ਵਿਚ ਨਿੱਘ ਅਤੇ ਮਿਠਾਸ ਆ ਸਕਦਾ ਹੈ।

# ਕੀ ਮੀਟ ਦੌਲਤ ਦੀ ਨਿਸ਼ਾਨੀ ਹੈ ਅਤੇ ਅਨਾਜ ਗਰੀਬਾਂ ਲਈ ਹੈ?





-ਸੁਰਜੀਤ ਸਿੰਘ ਫਲੋਰਾ
ਬਰੈਂਪਟਨ, ਕੈਨੇਡਾ
647-829-9397


ਡਾਕਟਰ ਅਤੇ ਵਿਗਿਆਨੀ ਦਿਲ ਦੀ ਬਿਮਾਰੀ, ਟਾਈਪ 2 ਡਾਇਬਟੀਜ਼ ਅਤੇ ਜਲਵਾਯੂ ਪਰਿਵਰਤਨ ਦੇ ਵੱਡੇ ਜ਼ੋਖਮ ਦਾ ਹਵਾਲਾ ਦਿੰਦੇ ਹੋਏ ਜਾਨਵਰਾਂ ਦੇ ਮੀਟ ਦੇ ਸੇਵਨ ਨੂੰ ਘੱਟ ਕਰਨ ਦੀ ਸਲਾਹ ਦਿੰਦੇ ਹਨ।

"ਹਾਲਾਂਕਿ, ਜਦੋਂ ਬਾਲਗਾਂ ਦੀ ਗੱਲ ਆਉਂਦੀ ਹੈ, ਤਾਂ ਸਾਨੂੰ ਆਇਰਨ, ਜ਼ਿੰਕ ਅਤੇ ਵਿਟਾਮਿਨਾਂ ਲਈ ਮਾਸ ਦੇ ਸਿਰਫ਼ ਇੱਕ ਛੋਟੇ ਹਿੱਸੇ ਦੀ ਜ਼ਰੂਰਤ ਹੁੰਦੀ ਹੈ। ਕੋਈ ਵੀ ਵਾਧੂ ਖ਼ਪਤ ਵਾਲਾ ਚਰਬੀ ਵਿਚ ਬਦਲ ਜਾਂਦਾ ਹੈ, ਜੋ ਸਰੀਰ ਵਿਚ ਸਟੋਰ ਕੀਤਾ ਜਾਂਦਾ ਹੈ।" ਹਰ ਸ਼ਾਮ, ਹਜ਼ਾਰਾਂ ਪੰਜਾਬ ਦੇ ਲੋਕ ਪਿੰਡਾਂ ਵਿਚ ਘਰਾਂ ਅਤੇ ਸ਼ਹਿਰ ਦੀਆਂ ਬਾਰਾਂ ਅਤੇ ਕਲੱਬਾਂ ਵਿਚ ਇਕੱਠੇ ਹੁੰਦੇ ਹਨ ਕਿਉਂਕਿ ਉਹ ਆਪਣੇ ਦਿਨ ਦੀਆਂ ਗਤੀਵਿਧੀਆਂ ਨੂੰ ਯਾਦ ਕਰਦੇ ਹਨ। ਇਹ ਬੈਠਕਾਂ ਆਮ ਤੌਰ 'ਤੇ ਸ਼ਰਾਬ ਦੀਆਂ ਬੋਤਲਾਂ ਨਾਲ ਸ਼ੁਰੂ ਹੁੰਦੀਆਂ ਹਨ ਤੇ ਕਿਲੋ-ਕਿਲੋ ਮੁਰਗੇ, ਮੱਛੀ ਤੇ ਬੱਕਰੇ ਦੇ ਮੀਟ ਰਾਤ ਭਰ ਚੱਲਦੀਆਂ ਰਹਿੰਦੀਆਂ ਹਨ। ਇਹ ਸਿਰਫ਼ ਇੱਕ ਆਮ ਪੰਜਾਬੀਆਂ ਦੇ ਵੀਕਐਂਡ ਸੱਭਿਆਚਾਰ ਦਾ ਇੱਕ ਵਿਸਤਾਰ ਹੀ ਨਹੀਂ, ਬਲਕਿ ਕਈਆਂ ਦਾ ਤਾਂ ਹਰ ਦਿਨ ਸੂਰਜ ਹੀ ਬੋਤਲ ਤੇ ਮੀਟ ਨਾਲ ਹੁੰਦਾ ਹੈ।

ਮੀਟ ਦੀ ਇਕ ਪਲੇਟ ਤੋਂ ਬਾਅਦ ਦੂਜੀ ਤੇ ਫਿਰ ਤੀਜੀ, ਰਾਤ ਤੱਕ ਪਤਾ ਨਹੀਂ ਅਣਗਿਣਤ ਪਲੇਟਾਂ ਸਵਾਦ-ਸਵਾਦ ਨਾਲ ਨਿਕਲ ਜਾਂਦੇ ਹਨ। ਕਿਉਂਕਿ ਜ਼ਿਆਦਾਤਰ ਨਾਗਰਿਕਾਂ ਨੂੰ ਇਸ ਬਾਰੇ ਪਤਾ ਨਹੀਂ ਹੈ ਕਿ ਮੀਟ ਦੀ ਜ਼ਿਆਦਾ ਖ਼ਪਤ ਨਾਲ ਉਨ੍ਹਾਂ ਦੀ ਆਪਣੀ ਸਿਹਤ ਅਤੇ ਨਾਲ ਹੀ ਮੌਜੂਦਾ ਗਲੋਬਲ ਸੰਕਟ, ਜਲਵਾਯੂ ਪਰਿਵਰਤਨ ਵਿਚ ਇਸਦੇ ਯੋਗਦਾਨ ਦੇ ਨਾਲ ਆਉਣ ਵਾਲੇ ਜ਼ੋਖਮ ਬਹੁਤੇ ਹਨ। ਕਈ ਲੋਕਾਂ ਦਾ ਇੱਕ ਮਨੋਰੰਜਨ ਕਲੱਬਾਂ ਵਿਚ ਜਾਣਾ ਅਤੇ ਸ਼ਰਾਬ ਦੇ ਨਾਲ-ਨਾਲ ਕਿਲੋ-ਕਿਲੋ ਮੀਟ ਗੌਬਲ ਕਰਨਾ ਉਨ੍ਹਾਂ ਦੀ ਰੋਜ਼ਾਨਾ ਰੁਟੀਨ ਦਾ ਹਿੱਸਾ ਬਣ ਚੁੱਕਾ ਹੈ। ਜਦੋਂ ਤੱਕ ਉਨ੍ਹਾਂ ਦੀ ਸਿਹਤ ਖਰਾਬ ਨਹੀਂ ਹੋ ਜਾਂਦੀ। ਮੀਟ ਲਈ ਉਨ੍ਹਾਂ ਦਾ ਪਿਆਰ, ਜਿਸ ਨੂੰ ਖਾਂਦੇ ਬਿਨਾਂ ਇੱਕ ਦਿਨ ਨਹੀਂ ਉਨ੍ਹਾਂ ਦਾ ਲੰਘ ਸਕਦਾ। ਕਿਉਂਕਿ ਉਨ੍ਹਾਂ ਲਈ "ਇਹ ਇੱਕ ਡਾਕਟਰ ਦੇ ਨੁਸਖੇ ਵਾਂਗ ਹੁੰਦਾ ਹੈ ਕਿ ਘਰ ਵਿਚ ਹਰ ਭੋਜਨ ਦੇ ਨਾਲ ਮੀਟ ਹੋਣਾ ਚਾਹੀਦਾ ਹੈ, ਜਿਸ ਦਾ ਕੋਈ ਹਿਸਾਬ-ਕਿਤਾਬ ਦਾ ਕੋਈ ਨਿਯੰਤਰਣ ਨਹੀਂ ਹੁੰਦਾ। ਸਾਡੇ ਪੰਜਾਬੀਆਂ ਦੀ ਸੰਸਕ੍ਰਿਤੀ ਵਿਚ, ਜਦੋਂ ਮੀਟ ਦਾ ਸਵਾਦ ਲੱਗਦਾ ਹੈ, ਉਹ ਵੱਧ ਤੋਂ ਵੱਧ ਖਾਂਦੇ ਰਹਿੰਦੇ ਹਨ, ਇਸ ਤੋਂ ਇਲਾਵਾ, ਮੀਟ ਦੀ ਖਪਤ ਨੂੰ ਲੰਬੇ ਸਮੇਂ ਤੋਂ "ਭਾਰੀ ਜੇਬਾਂ" ਦੀ ਨਿਸ਼ਾਨੀ ਵਜੋਂ ਸਮਝਿਆ ਜਾਂਦਾ ਹੈ ਅਤੇ ਜਿੰਨਾ ਜ਼ਿਆਦਾ ਵਿਅਕਤੀ ਇਸਦਾ ਸੇਵਨ ਕਰਦਾ ਹੈ, ਇਹ ਸਾਬਤ ਹੁੰਦਾ ਹੈ ਕਿ ਇੱਕ ਆਦਮੀ ਚੰਗੀ ਕਮਾਈ ਕਰਦਾ ਹੈ, ਅਮੀਰ ਖਾਨਦਾਨ ਵਿਚੋਂ ਹੈ।

ਸਮੇਂ ਦੇ ਨਾਲ ਮੀਟ ਅਤੇ ਬਿਮਾਰੀਆਂ ਵਿਚਕਾਰ ਪਾੜਾ ਵੱਧ ਜਾਂਦਾ ਹੈ, ਆਪਣੇ ਭਾਰ ਵੱਧਣ ਦੇ ਬਦਲਾਅ ਤੋਂ ਸ਼ੁਰੂ ਹੁੰਦਾ ਹੈ, ਜੋ ਉਸਦੀ ਪਹਿਲੀ ਧਾਰਣਾ ਇਹ ਹੁੰਦੀ ਹੈ ਕਿ ਬਹੁਤ ਜ਼ਿਆਦਾ ਸ਼ਰਾਬ ਪੀਣ ਕਾਰਨ ਹੋ ਸਕਦਾ ਹੈ। ਉਹ ਲੰਬੀ ਦੂਰੀ ਤੱਕ ਨਹੀਂ ਚੱਲ ਸਕਦੇ, ਹੁਣ ਸਾਹ ਲੈਣ ਵਿਚ ਮੁਸ਼ਕਲਾਂ ਆ ਰਹੀਆਂ ਹਨ ਅਤੇ ਉਹ ਸ਼ਰਾਬ ਦੇ ਸੇਵਨ ਨੂੰ ਘਟਾਉਣਾ ਸ਼ੁਰੂ ਕਰ ਦਿੰਦੇ ਹਨ ਪਰ ਜਿਸ ਨਾਲ ਕੋਈ ਫਰਕ ਨਹੀਂ ਪੈਂਦਾ।

ਜਦ ਸਰੀਰ ਬਹੁਤ ਹੀ ਕਮਜ਼ੋਰੀ ਤੇ ਹਰ ਆਏ ਦਿਨ ਬਿਮਾਰ, ਕਦੇ ਸਾਹ ਦਾ ਫੁਲਣਾ, ਕਦੇ ਫੇਫੜਿਆਂ ਵਿਚ ਦਰਦ, ਕਦੇ ਢਿੱਡ ਵਿਚ ਦਰਦ, ਤੇ ਕਦੇ ਸਿਰ ਦਰਦ। ਫਿਰ ਹਸਪਤਾਲ ਜਾਣ ਦਾ ਫੈਸਲਾ ਕਰਦੇ ਹਨ, ਜਿੱਥੇ ਡਾਕਟਰ ਟੈਸਟ ਕਰਨ ਤੋਂ ਬਾਅਦ ਦੱਸਦੇ ਹਨ ਕਿ ਉਹ ਟਾਈਪ 2 ਸ਼ੂਗਰ ਅਤੇ ਹਾਈਪਰਟੈਨਸ਼ਨ ਤੋਂ ਪੀੜਤ ਹੋ ਚੁੱਕੇ ਹਨ। ਕਈ ਲੋਕ ਹੈਰਾਨ ਹੋ ਜਾਂਦੇ ਹਨ ਕਿਉਂਕਿ ਉਨ੍ਹਾਂ ਦਾ ਮੰਨਣਾ ਹੁੰਦਾ ਹੈ ਕਿ ਡਾਇਬੀਟੀਜ਼ ਇੱਕ ਖ਼ਾਨਦਾਨੀ ਬਿਮਾਰੀ ਹੈ ਅਤੇ ਇਹ ਜਾਣਨਾ ਕਿ ਮੈਨੂੰ ਇਹ ਮੇਰੀ ਲਾਪ੍ਰਵਾਹੀ ਵਾਲੀ ਜੀਵਨ ਸ਼ੈਲੀ ਕਾਰਨ ਹੋਇਆ ਹੈ।

ਹੁਣ ਉਹ ਜ਼ਿੰਦਗੀ ਭਰ ਦਵਾਈਆਂ 'ਤੇ ਨਿਰਭਰ ਰਹੇਗਾ। ਹੁਣ ਉਹ ਪਛਤਾਉਂਦਾ ਹੈ ਅਤੇ ਬੈਠਣ ਵਾਲੀ ਜੀਵਨਸ਼ੈਲੀ ਨੂੰ ਛੱਡ ਕੇ ਅਤੇ ਇੱਕ ਨਵਾਂ ਰਸਤਾ ਬਣਾਉਣ ਦੁਆਰਾ ਆਪਣੀ ਜ਼ਿੰਦਗੀ ਨੂੰ ਦੁਬਾਰਾ ਸਿਹਤਮੰਦ ਬਣਾਉਣ ਦੀ ਕੋਸ਼ਿਸ਼ ਕਰਦਾ ਹੈ। ਪਹਿਲਾ ਕਦਮ ਸ਼ਰਾਬ ਛੱਡਣਾ ਅਤੇ ਖਾਣ ਵਾਲੇ ਮੀਟ ਦੀ ਮਾਤਰਾ ਨੂੰ ਘਟਾਉਂਦਾ ਹੈ ਤੇ ਰੋਜ਼ਾਨਾ ਸਵੇਰੇ-ਸ਼ਾਮ ਸੈਰ ਕਰਨ ਲਈ ਜਾਂਦਾ ਹੈ।

ਬਿਨਾਂ ਮੀਟ ਦੇ ਦਾਲ- ਸਬਜ਼ੀ ਪੂਰਾ ਸਾਲ, ਪਹਿਲਾਂ-ਪਹਿਲ ਇਹ ਤਸੀਹੇ ਵਰਗਾ ਮਹਿਸੂਸ ਹੁੰਦਾ ਹੈ ਪਰ ਫਿਰ ਮੈਨੂੰ ਇਸਦੀ ਆਦਤ ਪੈ ਜਾਂਦੀ ਹੈ। ਕੁਝ ਵਾਧੂ ਭਾਰ ਘਟਾਉਣ ਲਈ ਫਿਟਨੈੱਸ ਕਲਾਸਾਂ ਲਈ ਵੀ ਦਾਖਲਾ ਲੈ ਲੈਂਦੇ ਹਨ। ਆਪਣੀ ਜੀਵਨ ਸ਼ੈਲੀ ਨੂੰ ਬਦਲਦੇ ਹਨ। ਮਾਸ ਦੀ ਇੱਕ ਬੇਕਾਬੂ ਮਾਤਰਾ ਅਸਲ ਵਿਚ ਕਿਸੇ ਨੂੰ ਛੇਤੀ ਕਬਰਾਂ ਵਿਚ ਭੇਜ ਸਕਦੀ ਹੈ। ਇੱਥੇ ਮਾਸ ਛੱਡਣ ਦੀ ਗੱਲ ਨਹੀਂ ਹੋ ਰਹੀ, ਇਥੇ ਅਵਾਗੌਣ ਪਲੇਟਾਂ ਭਰ-ਭਰ ਖਾਣ ਦੀ ਗੱਲ ਹੋ ਰਹੀ ਹੈ।

ਵੱਖ-ਵੱਖ ਅਧਿਐਨਾਂ ਨੇ ਮਾਸ ਦੀ ਵੱਧ ਖਪਤ ਅਤੇ ਦਿਲ ਦੀਆਂ ਬਿਮਾਰੀਆਂ, ਡਾਇਬਟੀਜ਼, ਨਿਮੋਨੀਆ, ਸਾਹ ਦੀ ਲਾਗ, ਹਾਈ ਬਲੱਡ ਪ੍ਰੈਸ਼ਰ, ਹੋਰ ਗੰਭੀਰ ਬਿਮਾਰੀਆਂ ਦੇ ਨਾਲ-ਨਾਲ ਵੱਖ-ਵੱਖ ਬਿਮਾਰੀਆਂ ਦੇ ਵਧੇ ਹੋਏ ਜ਼ੋਖਮ ਦੇ ਵਿਚਕਾਰ ਇੱਕ ਬਹੁਤ ਵੱਡਾ ਸਬੰਧ ਦਿਖਾਇਆ ਹੈ। ਨਾਲ ਹੀ, ਸ਼ੁਰੂਆਤੀ ਅਧਿਐਨਾਂ ਨੇ ਸੰਕੇਤ ਦਿੱਤਾ ਹੈ ਕਿ ਲਾਲ ਅਤੇ ਪ੍ਰੋਸੈਸਡ ਮੀਟ ਦਾ ਸੇਵਨ ਕੈਂਸਰ, ਖਾਸ ਤੌਰ 'ਤੇ ਕੋਲਨ ਜਾਂ ਅੰਤੜੀ ਦੇ ਕੈਂਸਰ ਦੇ ਜ਼ੋਖਮ ਨੂੰ ਵਧਾਉਂਦਾ ਹੈ।

ਕੋਈ ਵੀ ਵਾਧੂ ਖਪਤ ਵਾਲਾ ਮੀਟ ਚਰਬੀ ਵਿਚ ਤਬਦੀਲ ਹੋ ਜਾਂਦਾ ਹੈ, ਜੋ ਸਰੀਰ ਵਿਚ ਸਟੋਰ ਕੀਤਾ ਜਾਂਦਾ ਹੈ, ਜਿਸਦਾ ਨਤੀਜਾ ਮੋਟਾਪਾ ਹੁੰਦਾ ਹੈ, ਜੋ ਬਹੁਤ ਸਾਰੀਆਂ ਸੰਬੰਧਿਤ ਬਿਮਾਰੀਆਂ, ਜਿਵੇਂ ਕਿ ਸ਼ੂਗਰ, ਹਾਈ ਬਲੱਡ ਪ੍ਰੈਸ਼ਰ ਅਤੇ ਹੋਰ ਬਹੁਤ ਕੁਝ ਨਾਲ ਆਉਂਦਾ ਹੈ।

"ਮਰਦ ਸਾਡੇ ਸੱਭਿਆਚਾਰਕ ਵਿਸ਼ਵਾਸਾਂ ਅਤੇ ਵਰਜਿਤਾਂ ਦੇ ਕਾਰਨ ਵਧੇਰੇ ਮੀਟ ਖਾਂਦੇ ਹਨ ਅਤੇ ਇਹ ਵੀ ਤੱਥ ਕਿ ਬਹੁਗਿਣਤੀ ਸਬਜ਼ੀਆਂ ਖਾਣਾ ਪਸੰਦ ਨਹੀਂ ਕਰਦੇ ਹਨ ਅਤੇ ਉਹ ਔਰਤਾਂ ਦੇ ਮੁਕਾਬਲੇ ਆਰਥਿਕ ਤੌਰ 'ਤੇ ਫਾਇਦੇਮੰਦ ਹਨ ਅਤੇ ਇਸ ਲਈ ਵਧੇਰੇ ਮੀਟ ਖਾਣ ਦੀ ਸਮਰੱਥਾ ਰੱਖਦੇ ਹਨ। ਮਾਹਰ ਪ੍ਰਤੀ ਦਿਨ 43 ਗ੍ਰਾਮ ਮੀਟ ਦੀ ਸਿਫ਼ਾਰਸ਼ ਕਰਦੇ ਹਨ, ਖਾਸ ਕਰਕੇ ਮੀਟ-ਪ੍ਰੇਮੀ- ਭਾਰਤੀ ਲੋਕਾਂ ਲਈ, ਉਨ੍ਹਾਂ ਨੂੰ ਉਨ੍ਹਾਂ ਦੇ ਸਰੀਰ ਵਿਚ ਲੋੜੀਂਦੇ ਪ੍ਰੋਟੀਨ ਦੀ ਸਹੀ ਮਾਤਰਾ ਵਿਚ ਸਿਹਤਮੰਦ ਖ਼ਪਤ ਬਾਰੇ ਸਿੱਖਿਅਤ ਕਰਨ ਦੀ ਲੋੜ ਹੈ। ਮੀਟ ਨੂੰ ਆਰਥਿਕ ਖੁਸ਼ਹਾਲੀ ਦੀ ਨਿਸ਼ਾਨੀ ਵਜੋਂ ਸ਼੍ਰੇਣੀਬੱਧ ਕੀਤਾ ਗਿਆ ਹੈ, ਜਦੋਂਕਿ ਪੌਦੇ ਆਧਾਰਿਤ ਪ੍ਰੋਟੀਨ, ਜਿਵੇਂ ਕਿ ਬੀਨਜ਼ ਗਰੀਬ ਲੋਕਾਂ ਲਈ ਭੋਜਨ ਹਨ। ਸਾਨੂੰ ਇਹ ਸੋਚਣ ਤੋਂ ਦੂਰ ਜਾਣ ਦੀ ਲੋੜ ਹੈ ਕਿ ਮੀਟ ਦੌਲਤ ਦੀ ਨਿਸ਼ਾਨੀ ਹੈ ਅਤੇ ਅਨਾਜ ਗਰੀਬਾਂ ਲਈ ਹੈ। ਇਹ ਸਪੱਸ਼ਟ ਹੈ ਕਿ ਜਿਨ੍ਹਾਂ ਲੋਕਾਂ ਨੂੰ ਅਸੀਂ ਗਰੀਬ ਕਹਿੰਦੇ ਹਾਂ, ਉਹ ਸਿਹਤਮੰਦ ਹਨ, ਕਿਉਂਕਿ ਉਨ੍ਹਾਂ ਨੇ ਪ੍ਰੋਟੀਨ ਦੇ ਇਨ੍ਹਾਂ ਵਿਕਲਪਕ ਸਰੋਤਾਂ ਨੂੰ ਅਪਣਾ ਲਿਆ ਹੈ ਅਤੇ ਇਹੀ ਹੈ, ਜੋ ਲੋਕਾਂ ਨੂੰ ਕਰਨਾ ਚਾਹੀਦਾ ਹੈ।

ਵਧਦੀ ਆਬਾਦੀ, ਪਿੰਡਾਂ ਤੋਂ ਸ਼ਹਿਰ ਦੇ ਕੇਂਦਰਾਂ ਵੱਲ ਜਾਣ ਵਾਲੇ ਲੋਕਾਂ ਦੇ ਸ਼ਹਿਰੀਕਰਨ ਦੇ ਨਾਲ-ਨਾਲ ਵਧਦੀ ਆਰਥਿਕ ਖੁਸ਼ਹਾਲੀ ਕਾਰਨ ਸਥਿਤੀ ਹੋਰ ਵਿਗੜ ਰਹੀ ਹੈ। 2030 ਤੱਕ, ਭਾਰਤ ਵਿਚ ਮੀਟ ਦੀ ਖਪਤ ਵਿਚ 30-35 ਪ੍ਰਤੀਸ਼ਤ ਵਾਧਾ ਹੋਵੇਗਾ। ਮੰਗ ਅਨੁਸਾਰ ਫਿਰ ਹੋਰ ਮੀਟ ਪੈਦਾ ਕਰਨ ਦੀ ਜ਼ਰੂਰਤ ਨਾਲ ਆਵੇਗੀ, ਜਿਸ ਨਾਲ ਉਤਪਾਦਕ ਪਸ਼ੂ ਪਾਲਣ ਦੀ ਤੀਬਰ ਖੇਤੀ ਵੱਲ ਵਧਣਗੇ। ਇਹ ਖੇਤੀ ਪ੍ਰਣਾਲੀ ਆਖਰਕਾਰ ਜਨਤਕ ਸਿਹਤ 'ਤੇ ਪ੍ਰਭਾਵ ਪਾਵੇਗੀ, ਕਿਉਂਕਿ ਜਾਨਵਰਾਂ ਦੀ ਭਲਾਈ ਨੂੰ ਪਹਿਲ ਦਿੱਤੀ ਜਾਵੇਗੀ। ਹਾਲੀਆ ਖੋਜ ਅਤੇ ਮਹਾਂਮਾਰੀ ਦਾ ਇਤਿਹਾਸ ਦਰਸਾਉਂਦਾ ਹੈ ਕਿ ਤੀਬਰ ਖੇਤੀ ਪ੍ਰਣਾਲੀਆਂ ਨੇ ਕੋਵਿਡ-19 ਸਮੇਤ 50 ਪ੍ਰਤੀਸ਼ਤ ਮਹਾਂਮਾਰੀ ਵਿਚ ਯੋਗਦਾਨ ਪਾਇਆ ਹੈ। ਇਹ ਇਸ ਦੇ ਉੱਚ ਗ੍ਰੀਨਹਾਉਸ ਨਿਕਾਸ ਦੇ ਕਾਰਨ ਚੱਲ ਰਹੇ ਵਿਸ਼ਵਵਿਆਪੀ ਸੰਕਟ, ਜਲਵਾਯੂ ਪਰਿਵਰਤਨ ਵਿੱਚ ਹੋਰ ਯੋਗਦਾਨ ਪਾਵੇਗਾ। ਮੀਟ ਦੀ ਖਪਤ 'ਤੇ ਕਟੌਤੀ ਕਰਨ ਦੀ ਜ਼ਰੂਰਤ ਹੈ, ਤਾਂ ਜੋ ਮੰਗ ਨੂੰ ਘਟਾਇਆ ਜਾ ਸਕੇ ਅਤੇ ਭਾਰਤ ਦੇ ਲੋਕਾਂ ਨੂੰ ਸਿਹਤ ਅਤੇ ਵਾਤਾਵਰਣ ਦੋਵਾਂ ਪ੍ਰਭਾਵਾਂ ਤੋਂ ਬਚਾਇਆ ਜਾ ਸਕੇ। ਸਿਹਤ ਪ੍ਰਭਾਵ ਮੀਟ, ਡੇਅਰੀ ਉਤਪਾਦ ਅਤੇ ਅੰਡੇ ਸਾਰੇ ਕੋਲੈਸਟ੍ਰੋਲ ਅਤੇ ਸੰਤ੍ਰਿਪਤ ਚਰਬੀ ਰੱਖਦੇ ਹਨ ਅਤੇ ਵਿਸ਼ਵ ਦੇ ਸਭ ਤੋਂ ਵੱਡੀ ਬਿਮਾਰੀ ਜਾਂ ਮੌਤ ਦਾ ਕਾਰਨ ਬਣ ਰਹੇ ਹਨ। ਜਿਵੇਂ ਕਿ ਦਿਲ ਦੇ ਦੌਰੇ, ਸਟਰੋਕ, ਸ਼ੂਗਰ। ਮਾਸ ਖਾਣ ਵਾਲਿਆਂ ਦੇ ਸ਼ਾਕਾਹਾਰੀਆਂ ਨਾਲੋਂ ਤਿੰਨ ਗੁਣਾ ਜ਼ਿਆਦਾ ਮੋਟੇ ਹੋਣ ਦੀ ਸੰਭਾਵਨਾ ਹੈ ਅਤੇ ਸ਼ਾਕਾਹਾਰੀ ਲੋਕਾਂ ਨਾਲੋਂ ਨੌਂ ਗੁਣਾ ਜ਼ਿਆਦਾ ਸੰਭਾਵਨਾ ਹੈ। ਮੀਟ ਦੀ ਖਪਤ ਨੂੰ ਘਟਾਉਣ ਨਾਲ ਅੰਤੜੀ ਦੇ ਕੈਂਸਰ ਦੇ ਜ਼ੋਖਮ ਨੂੰ ਘਟਾਇਆ ਜਾ ਸਕਦਾ ਹੈ।

# ਵਧਦੀ ਆਬਾਦੀ ਤੇ ਵਾਤਾਵਰਨ ਸੰਕਟ




ਰਜਵਿੰਦਰ ਪਾਲ ਸ਼ਰਮਾ
ਬਠਿੰਡਾ
ਮੋਬ : 70873-67969
(Punjab Mail USA)



ਮਨੁੱਖ ਪਰਿਵਾਰ ਵਿਚ ਰਹਿੰਦਾ ਹੈ। ਪਰਿਵਾਰ ਸਮੂਹ ਦਾ ਹੀ ਇੱਕ ਰੂਪ ਅਤੇ ਸਮਾਜ ਦੀ ਮੁੱਢਲੀ ਇਕਾਈ ਹੈ। ਮਨੁੱਖ ਇਕੱਲਾ ਨਹੀਂ ਰਹਿ ਸਕਦਾ। ਜੋ ਇਕੱਲਾ ਰਹਿੰਦਾ ਹੈ, ਉਹ ਜਾਂ ਤਾਂ ਪਸ਼ੂ ਹੈ ਜਾਂ ਫਿਰ ਪ੍ਰਮਾਤਮਾ। ਮਨੁੱਖ ਦੇ ਅੰਦਰ ਈਸ਼ਵਰ ਦੀ ਹੋਂਦ ਸਦਾ ਬਣੀ ਰਹੀ ਹੈ। ਪੁਰਾਤਨ ਸਮੇਂ ਤੋਂ ਹੀ ਮਨੁੱਖ ਜੰਗਲਾਂ ਵਿਚ ਰਹਿੰਦਾ ਅੱਗ, ਪਾਣੀ ਅਤੇ ਆਪਣੇ ਆਲੇ-ਦੁਆਲੇ ਵਾਪਰਨ ਵਾਲੇ ਕੁਦਰਤੀ ਵਰਤਾਰਿਆਂ ਤੋਂ ਡਰਦਾ ਹੋਇਆ ਉਸ ਦੀ ਪੂਜਾ ਅਰਚਨਾ ਕਰਦਾ ਸੀ। ਉਸ ਸਮੇਂ ਮਨੁੱਖ ਦੀ ਬੌਧਿਕ ਸਮਰੱਥਾ ਜ਼ਿਆਦਾ ਵਿਕਸਤ ਨਹੀਂ ਸੀ ਹੋਈ। ਮਨੁੱਖ ਘੱਟ ਸੋਮਿਆਂ ਵਿਚ ਨਿਯਮਤ ਲੋੜਾਂ ਪੂਰੀਆਂ ਕਰਦਾ ਹੋਇਆ ਬਹੁਤ ਸੌਖਾ ਸੀ, ਖੁਸ਼ ਸੀ। ਆਪਣੇ ਆਪ ਨਾਲ, ਆਪਣੇ ਪਰਿਵਾਰ ਨਾਲ ਸੰਤੁਸ਼ਟ ਸੀ।

ਵਿਗਿਆਨ ਅਤੇ ਤਕਨਾਲੋਜੀ ਦੇ ਕੀਤੇ ਅਥਾਹ ਵਿਕਾਸ ਨੇ ਸਦੀਆਂ ਤੋਂ ਭਿਆਨਕ ਰੂਪ ਅਤੇ ਮਾਰੂ ਬਣੀਆਂ ਹੋਈਆਂ ਬਿਮਾਰੀਆਂ 'ਤੇ ਕਾਬੂ ਪਾ ਕੇ ਮਨੁੱਖ ਨੂੰ ਜੀਵਨ ਦਾਨ ਦਿੱਤਾ। ਨਵੀਆਂ-ਨਵੀਆਂ ਦਵਾਈਆਂ, ਵੈਕਸੀਨਾਂ ਅਤੇ ਮਸ਼ੀਨੀਕਰਨ ਵਿਚ ਵਾਧੇ ਨਾਲ ਮਨੁੱਖ ਦੀ ਜਨਮ ਦਰ ਵਧਾਈ ਗਈ ਅਤੇ ਮੌਤ ਦਰ ਨੂੰ ਘਟਾਇਆ ਗਿਆ। ਕਸਬੇ ਪਿੰਡ ਅਤੇ ਪਿੰਡ ਸ਼ਹਿਰਾਂ ਵੱਲ ਨੂੰ ਪ੍ਰਵਾਸ ਕਰਨ ਲੱਗੇ। ਮਨੁੱਖ ਤਕਨਾਲੋਜੀ ਦੀ ਵਰਤੋਂ ਕਰਦਾ ਹੋਇਆ ਲਾਲਸਾ ਵਿਚ ਆਇਆ ਏਨਾ ਉਲਝ ਗਿਆ ਕਿ ਵਾਤਾਵਰਨ ਅਤੇ ਕੁਦਰਤੀ ਸੋਮਿਆਂ ਨੂੰ ਪਲੀਤ ਕਰਦਾ ਹੋਇਆ ਆਪਣੀ ਹੋਂਦ ਨੂੰ ਹੀ ਖ਼ਤਰੇ ਵਿਚ ਪਾਉਣ ਲੱਗ ਪਿਆ।

ਪਿਛਲੇ ਮਹੀਨਿਆਂ ਵਿਚ ਆਈਆਂ ਰਿਪੋਰਟਾਂ ਅਨੁਸਾਰ ਭਾਰਤ ਚੀਨ ਨੂੰ ਪਛਾੜ ਕੇ ਆਬਾਦੀ ਪੱਖੋਂ ਪਹਿਲੇ ਨੰਬਰ 'ਤੇ ਆ ਗਿਆ ਹੈ। ਇਹ ਖ਼ਬਰ ਖੁਸ਼ੀ ਵਾਲੀ ਘੱਟ ਅਤੇ ਚਿੰਤਾ ਦੇ ਨਾਲ-ਨਾਲ ਚਿੰਤਨ ਕਰਨ ਵਾਲੀ ਜ਼ਿਆਦਾ ਹੈ। ਆਬਾਦੀ ਵਧਣ ਨਾਲ-ਨਾਲ ਜਿਹੜੇ ਨਤੀਜੇ ਸਾਨੂੰ ਭੁਗਤਣੇ ਪੈਣਗੇ ਜਾਂ ਭੁਗਤ ਰਹੇ ਹਾਂ, ਉਨ੍ਹਾਂ ਨੂੰ ਜਾਣਦੇ ਹੋਏ ਵੀ ਅਸੀਂ ਅਣਜਾਣ ਬਣਨ ਦੀ ਕੋਸ਼ਿਸ਼ ਕਰ ਰਹੇ ਹਾਂ। ਸਿਆਣੇ ਕਹਿੰਦੇ ਹਨ ਕਿ ਅੱਖੀਂ ਦੇਖ ਕੇ ਮੱਖੀ ਨਹੀਂ ਨਿਗਲੀ ਜਾਂਦੀ ਪਰ ਮਨੁੱਖ ਅੱਖੀਂ ਦੇਖ ਕੇ ਵੀ ਮੱਖੀ ਨਿਗਲਣ ਦੀ ਗਲਤੀ ਕਰ ਰਿਹਾ ਹੈ। ਇਹ ਗਲਤੀ ਉਸ ਦੀ ਧਰਤੀ 'ਤੇ ਹੋਂਦ ਨੂੰ ਖ਼ਤਮ ਕਰਨ ਦਾ ਕਾਰਨ ਬਣੇਗੀ। ਆਬਾਦੀ ਵਧਣ ਨਾਲ ਵਾਤਾਵਰਨ 'ਤੇ ਕੀ-ਕੀ ਮਾਰੂ ਪ੍ਰਭਾਵ ਪੈਣਗੇ ਜਾਂ ਪੈ ਰਹੇ ਹਨ। ਆਉ ਇੱਕ-ਇੱਕ ਕਰਕੇ ਦੇਖਦੇ ਹਾਂ।


*** ਰਹਿਣ ਲਈ ਘਰ ਅਤੇ ਭੋਜਨ ਦੀ ਲੋੜ:**- ਕੁੱਲੀ, ਗੁੱਲੀ ਅਤੇ ਜੁੱਲੀ ਭਾਵ ਰੋਟੀ, ਕੱਪੜਾ ਅਤੇ ਮਕਾਨ ਮਨੁੱਖ ਦੀਆਂ ਬੁਨਿਆਦੀ ਲੋੜਾਂ ਹਨ, ਇਨ੍ਹਾਂ ਤੋਂ ਬਿਨਾਂ ਮਨੁੱਖ ਜ਼ਿਆਦਾ ਸਮੇਂ ਤੱਕ ਜਿਉਂਦਾ ਨਹੀਂ ਰਹਿ ਸਕਦਾ। ਵੱਧ ਰਹੀ ਆਬਾਦੀ ਕਰਕੇ ਰਹਿਣ ਲਈ ਘਰ ਦੀ ਲੋੜ ਹੋਵੇਗੀ ਅਤੇ ਭੋਜਨ ਦੀ ਮੰਗ ਵਿਚ ਵੀ ਵਾਧਾ ਹੋਵੇਗਾ। ਭਾਰਤ ਪਹਿਲਾਂ ਗਲੋਬਲ ਹੰਗਰ ਇੰਡੈਕਸ ਵਿਚ ਗੁਆਂਢੀ ਦੇਸ਼ਾਂ ਨਾਲੋਂ ਪੱਛੜਿਆ ਹੋਇਆ ਹੈ। ਅਜਿਹੇ ਸਮੇਂ ਵਿਚ ਇਹ ਸੋਚਣ ਵਾਲੀ ਗੱਲ ਹੈ ਕਿ ਵਧ ਰਹੀ ਆਬਾਦੀ ਲਈ ਭੋਜਨ ਦੀ ਪੂਰਤੀ ਕਿੱਥੋਂ ਹੋਵੇਗੀ। ਉਤਪਾਦਨ ਵਧਾਉਣ ਲਈ ਫਸਲਾਂ ਵਿਚ ਕੀਤੀ ਜਾਂਦੀ ਖਾਧ ਪਦਾਰਥਾਂ ਅਤੇ ਰਸਾਇਣਾਂ ਦੀ ਵਰਤੋਂ ਵਾਤਾਵਰਨ ਲਈ ਨੁਕਸਾਨਦੇਹ ਸਾਬਿਤ ਹੋ ਰਹੀ ਹੈ। ਮਨੁੱਖ ਜਿਸਨੂੰ ਆਪਣੇ ਫਾਇਦੇ ਲਈ ਵਰਤ ਰਿਹਾ ਹੈ, ਉਹੀ ਉਸ ਦੀ ਹੋਂਦ ਨੂੰ ਖ਼ਤਮ ਕਰਨ 'ਤੇ ਤੁਲੀ ਹੋਈ ਹੈ। ਭੋਜਨ ਸੰਕਟ ਭਵਿੱਖ ਵਿਚ ਸੰਸਾਰ ਲਈ ਇੱਕ ਵਿਆਪਕ ਅਤੇ ਮੁੱਖ ਚੁਣੌਤੀ ਬਣ ਕੇ ਉੱਭਰੇਗਾ।

**ਆਵਾਜਾਈ ਅਤੇ ਪ੍ਰਦੂਸ਼ਣ:**- ਅਸੀਂ ਆਪਣੇ ਆਲੇ-ਦੁਆਲੇ ਆਵਾਜਾਈ ਦੇ ਸਾਧਨ ਦੇਖਦੇ ਹਾਂ। ਇਨ੍ਹਾਂ ਸਾਧਨਾਂ ਨੇ ਮਨੁੱਖ ਦਾ ਇੱਕ ਜਗ੍ਹਾ ਤੋਂ ਦੂਜੀ ਥਾਂ 'ਤੇ ਜਾਣਾ ਸੁਖਾਲਾ ਕਰ ਦਿੱਤਾ ਹੈ ਪਰੰਤੂ ਜ਼ਿਆਦਾ ਆਬਾਦੀ ਵਧਣ ਨਾਲ ਜ਼ਿਆਦਾ ਆਵਾਜਾਈ ਦੇ ਸਾਧਨਾਂ ਦੀ ਵਰਤੋਂ ਹੋਣ ਨਾਲ ਪ੍ਰਦੂਸ਼ਣ ਵਿਚ ਵੀ ਵਾਧਾ ਹੋਵੇਗਾ। ਇਸੇ ਪ੍ਰਦੂਸ਼ਣ ਵਿਚ ਜਦੋਂ ਮਨੁੱਖ ਸਾਹ ਲਵੇਗਾ ਤਾਂ ਉਹ ਸਾਹ ਦੇ ਰੂਪ ਵਿਚ ਆਕਸੀਜਨ ਨਹੀਂ, ਜ਼ਹਿਰ ਅੰਦਰ ਲੈ ਕੇ ਜਾਵੇਗਾ। ਨਤੀਜੇ ਦੇ ਰੂਪ ਵਿਚ ਸਾਹ ਦੀਆਂ ਬਿਮਾਰੀਆਂ ਸਾਡੇ ਨਾਲ ਰੂਬਰੂ ਹੋਣਗੀਆਂ। ਪੈਸੇ ਕਮਾਉਣ ਦੇ ਲਾਲਚ ਅਤੇ ਵਧਦੀ ਆਬਾਦੀ ਦੀਆਂ ਲੋੜਾਂ ਨੂੰ ਪੂਰਾ ਕਰਨ ਲਈ ਚੱਲ ਰਹੀਆਂ ਫੈਕਟਰੀਆਂ ਦਾ ਗੰਦਾ ਪਾਣੀ ਅਤੇ ਤਰਲ ਰਸਾਇਣਕ ਹਾਨੀਕਾਰਕ ਪਦਾਰਥ ਜਦੋਂ ਸਾਫ ਪਾਣੀ ਦੇ ਸੋਮਿਆਂ ਵਿਚ ਆ ਕੇ ਮਿਲਦੇ ਹਨ, ਤਾਂ ਸਾਫ਼ ਪਾਣੀ ਨੂੰ ਪ੍ਰਦੂਸ਼ਿਤ ਕਰਦੇ ਹੋਏ ਮਨੁੱਖ ਲਈ ਨਵੀਆਂ ਬਿਮਾਰੀਆਂ ਨੂੰ ਸੱਦਾ ਦਿੰਦੇ ਹਨ।

**ਕੀ ਕੀਤਾ ਜਾਵੇ - ਹੱਥ 'ਤੇ ਹੱਥ ਧਰ ਕੇ ਬੈਠਣ ਨਾਲ ਤਾਂ ਕੋਈ ਹੱਲ ਵੀ ਨਹੀਂ ਹੋਣਾ।**

1. ਵਧਦੀ ਆਬਾਦੀ 'ਤੇ ਕੰਟਰੋਲ ਕਰਨ ਲਈ ਅੰਤਰਰਾਸ਼ਟਰੀ ਪੱਧਰ 'ਤੇ ਇੱਕ ਠੋਸ ਨੀਤੀ ਬਣਾਉਣਾ ਸਮੇਂ ਦੀ ਮੁੱਖ ਲੋੜ ਹੈ ਕਿਉਂਕਿ ਧਰਤੀ ਇੱਕੋ ਹੀ ਹੈ, ਜਿਸ 'ਤੇ ਜੀਵਨ ਦੀ ਹੋਂਦ ਸੰਭਵ ਹੈ। ਆਬਾਦੀ ਕਿਸੇ ਦੇਸ਼ ਦੀ ਵੀ ਵਧੇ, ਬੋਝ ਧਰਤੀ 'ਤੇ ਹੀ ਪੈਂਦਾ ਹੈ। ਵਿਸ਼ਵ ਸਿਹਤ ਸੰਗਠਨ ਅਤੇ ਸੰਯੁਕਤ ਰਾਸ਼ਟਰਾਂ ਨੂੰ ਇਸ ਕਦਮ ਵਿਚ ਪਹਿਲਕਦਮੀ ਕਰਨੀ ਹੋਵੇਗੀ। ਜਿਹੜੇ ਦੇਸ਼ਾਂ ਦੀ ਆਬਾਦੀ ਜ਼ਿਆਦਾ ਮਾਤਰਾ ਵਿਚ ਵਧ ਰਹੀ, ਉਨ੍ਹਾਂ ਨੂੰ ਤਾੜਨਾ ਕਰਦੇ ਹੋਏ ਉਨ੍ਹਾਂ ਨਾਲ ਸਖ਼ਤੀ ਨਾਲ ਪੇਸ਼ ਆਇਆ ਜਾਵੇ।
2. ਭਾਰਤ ਜੋ ਇਸ ਸਮੇਂ ਚੀਨ ਨੂੰ ਪਛਾੜ ਕੇ ਆਬਾਦੀ ਪੱਖੋਂ ਪਹਿਲੇ ਨੰਬਰ 'ਤੇ ਆ ਗਿਆ ਹੈ, ਉਸ ਦੇ ਦਾਨਿਸ਼ਵਰਾਂ ਅਤੇ ਰਾਜ ਕਰਨ ਵਾਲੇ ਸੁਝਵਾਨਾਂ ਨੂੰ ਚਾਹੀਦਾ ਹੈ ਕਿ ਹਜੇ ਵੀ ਜੇ ਸੰਭਲਿਆ ਜਾਂਦਾ, ਤਾਂ ਸੰਭਲ ਜਾਉ, ਹਜੇ ਵੀ ਡੁੱਲੇ ਬੇਰਾਂ ਦਾ ਕੁਝ ਨਹੀਂ ਵਿਗੜਿਆ, ਦੇਰ ਆਏ ਦਰੁਸਤ ਆਏ।
3. ਅੱਜ ਤੋਂ ਪਰਿਵਾਰ ਨਿਯੋਜਨ ਵਰਗੀਆਂ ਯੋਜਨਾਵਾਂ ਨੂੰ ਮੁੜ ਮਜ਼ਬੂਤੀ ਪ੍ਰਦਾਨ ਕੀਤੀ ਜਾਵੇ।
4. ਸਿਹਤ ਵਿਭਾਗ, ਸਿੱਖਿਆ ਵਿਭਾਗ ਦੇ ਨਾਲ-ਨਾਲ ਸਮਾਜਿਕ ਕਾਰਕੁੰਨਾਂ ਅਤੇ ਸੰਸਥਾਵਾਂ ਨੂੰ ਚਾਹੀਦਾ ਹੈ ਕਿ ਵਧ ਰਹੀ ਆਬਾਦੀ ਕਰਕੇ ਵਾਤਾਵਰਨ 'ਤੇ ਪੈ ਰਹੇ ਮਾਰੂ ਪ੍ਰਭਾਵਾਂ ਪ੍ਰਤੀ ਲੋਕਾਂ ਨੂੰ ਜਾਗਰੂਕ ਕਰਨ ਕਿਉਂਕਿ ਦੇਰ ਪਹਿਲਾਂ ਹੀ ਬਹੁਤ ਹੋ ਚੁੱਕੀ ਹੈ, ਕਦੇ ਐਂ ਨਾ ਹੋਵੇ ਕਿ ਅਸੀਂ ਏਨੀ ਦੇਰ ਕਰ ਦੇਈਏ, ਜਿੱਥੇ ਹੱਲ ਲੱਭਣੇ ਮੁਸ਼ਕਿਲ ਹੋ ਜਾਣ।

ਆਉ ਰਲ-ਮਿਲ ਕੇ ਵਧ ਰਹੀ ਆਬਾਦੀ ਦੀ ਸਮੱਸਿਆ ਨੂੰ ਕੰਟਰੋਲ ਕਰਨ ਲਈ ਚਿੰਤਨ ਕਰਕੇ ਹੱਲ ਤਲਾਸ਼ਦੇ ਹੋਏ ਉਨ੍ਹਾਂ 'ਤੇ ਅਮਲ ਕਰਕੇ ਵਾਤਾਵਰਨ ਦੀ ਹੋਂਦ ਨੂੰ ਬਚਾਉਂਦੇ ਹੋਏ ਮਨੁੱਖੀ ਜਾਮੇ ਨੂੰ ਭਵਿੱਖ ਲਈ ਸੁਰੱਖਿਅਤ ਕਰੀਏ।


REALTY ONE GROUP
FOR SALE & PURCHASE OF ANY KIND OF PROPERTY
Recently Sold Properties
Caravaggio, Sacramento
Stroman, Sacramento
Mason Ct, Tracy
Windsong Dr, Tracy
Oak Valley Way, Stockton
Van Eych, Sacramento
Valenda Ct, Elk Grove
Rodfo Ct, Sacramento
Masters St, Elk Grove
Little Harbor Ct, Elk Grove
Bond Road, Elk Grove
Bond Road, Elk Grove
New Listings
Elk Grove
Bradshaw
Bradshaw Road, Elk Grove
Neutra Way, Elk Grove
Pawcatuck Way, Rancho Cordova
Gurjatinder S. Randhawa
web: www.RealtorRandhawa.com
916-320-9444
garysingh123@yahoo.com
Gurjatinder S. Randhawa
REALTOR CA DRE licence # 01490567